# PUNJAB VIDHAN SABHA

**DEBATES**

*Friday, the 16th June, 2017*

***Vol. II– No. 2***

OFFICIAL REPORT

**CONTENTS**


| | |
|---|---|
| Election of the Deputy Speaker | (3) 1 |
| Congratulatory Speeches | (3) 3 |
| Starred Questions and Answers | (3) 8 |
| Walk-Out | (3) 16 |
| Starred Questions and Answers *(Resumption)* | (3) 16 |
| Dharna | (3) 32 |
| Starred Questions and Answers *(Resumption)* | (3) 32 |
| Short Adjournment of the House | (3) 35 |
| Dharna | (3) 35 |
| Motion reg. taking action against a Member and referring the matter to Committee of Privileges | (3) 36 |
| Short Adjournment of the House | (3) 37 |



**Punjab Vidhan Sabha Secretariat, Chandigarh**

Price : Rs._________.

| | |
|---|---|
| Statement by the Chief Minister reg. Maintaining Decorum in the House and Farmers' loan waiver | (3) 37 |
| Starred Questions and Answers *(Resumption)* | (3) 40 |
| Written Answers to Starred Questions laid on the Table of the House under Rule 38 | (3) 40 |
| Unstarred Questions and Answers | (3) 42 |
| Call Attention Notices Under Rule 66 | (3) 59 |
| Statement again made by the Chief Minister on the issue of Farm Loan Waiver raised by Members of Shiromani Akali Dal | (3) 59 |
| Call Attention Notices under Rule 66 *(Resumption)* | (3) 60 |
| Papers Laid on the Table of the House | (3) 65 |
| Motion of Thanks and Discussion on Governor's Address | (3) 66 |
| Walk-out | (3) 67 |
| Motion of Thanks and Discussion on Governor's Address *(Resumption)* | (3) 67 |
| Extension of the Time of the Sitting of the House | (3) 76 |
| Motion of Thanks and Discussion on Governor's Address *(Resumption)* | (3) 77 |
| Announcement by the Speaker reg. Welcoming the Presence of Sardar Ravneet Singh Bittu, Member of Parliament in the House. | (3) 99 |
| Motion of Thanks and Discussion on Governor's Address *(Resumption)* | (3) 99 |
| Ruling by the Speaker | (3) 113 |
| Motion of Thanks and Discussion on Governor's Address *(Resumption)* | (3) 113 |
| Walk-Out | (3) 136 |
| Motion of Thanks and Discussion on Governor's Address *(Resumption)* | (3) 137 |
| Appendix | (i-vi) |

## ਪੰਜਾਬ ਮੰਤਰੀ ਮੰਡਲ ਦੀ ਸੂਚੀ

| ਕ੍ਰਮ ਨੰ. | ਨਾਮ | ਮਹਿਕਮਾ/ਮਹਿਕਮੇ |
|---|---|---|
| 1. | ਕੈਪਟਨ ਅਮਰਿੰਦਰ ਸਿੰਘ, ਮੁੱਖ ਮੰਤਰੀ | ਆਮ ਪ੍ਰਸ਼ਾਸਨ, ਪਰਸੋਨਲ, ਗ੍ਰਹਿ ਮਾਮਲੇ ਅਤੇ ਨਿਆਂ, ਚੌਕਸੀ ਅਤੇ ਹੋਰ ਸਾਰੇ ਵਿਭਾਗ ਜਿਹੜੇ ਕਿਸੇ ਹੋਰ ਮੰਤਰੀ ਨੂੰ ਨਹੀਂ ਦਿੱਤੇ ਗਏ |
| | **ਕੈਬਨਿਟ ਮੰਤਰੀ** | |
| 2. | ਸ਼੍ਰੀ ਬ੍ਰਹਮ ਮਹਿੰਦਰਾ | ਸਿਹਤ ਤੇ ਪਰਿਵਾਰ ਭਲਾਈ ਅਤੇ ਖੋਜ ਤੇ ਮੈਡੀਕਲ ਸਿੱਖਿਆ ਅਤੇ ਸੰਸਦੀ ਮਾਮਲੇ ਮੰਤਰੀ |
| 3. | ਸਰਦਾਰ ਨਵਜੋਤ ਸਿੰਘ ਸਿੱਧੂ | ਸਥਾਨਕ ਸਰਕਾਰ ਅਤੇ ਸੈਰ-ਸਪਾਟਾ ਤੇ ਸਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ ਮੰਤਰੀ |
| 4. | ਸਰਦਾਰ ਮਨਪ੍ਰੀਤ ਸਿੰਘ ਬਾਦਲ | ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ |
| 5. | ਸਰਦਾਰ ਸਾਧੂ ਸਿੰਘ | ਜੰਗਲਾਤ, ਛਪਾਈ ਤੇ ਲਿਖਣ ਸਮੱਗਰੀ ਅਤੇ ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ |
| 6. | ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ | ਦਿਹਾਤੀ ਵਿਕਾਸ ਤੇ ਪੰਚਾਇਤਾਂ, ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ |
| 7. | ਰਾਣਾ ਗੁਰਜੀਤ ਸਿੰਘ | ਸਿੰਜਾਈ ਅਤੇ ਬਿਜਲੀ ਮੰਤਰੀ |
| 8. | ਸਰਦਾਰ ਚਰਨਜੀਤ ਸਿੰਘ ਚੰਨੀ | ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ |
| **ਰਾਜ ਮੰਤਰੀ** | | |
| 9. | ਸ਼੍ਰੀਮਤੀ ਅਰੁਨਾ ਚੌਧਰੀ | ਉਚੇਰੀ ਸਿੱਖਿਆ ਅਤੇ ਸਕੂਲ ਸਿੱਖਿਆ ਰਾਜ ਮੰਤਰੀ |
| 10. | ਸ਼੍ਰੀਮਤੀ ਰਜ਼ੀਆ ਸੁਲਤਾਨਾ | ਲੋਕ ਨਿਰਮਾਣ ਵਿਭਾਗ (ਭਵਨ ਤੇ ਮਾਰਗ), ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਰਾਜ ਮੰਤਰੀ |

## PUNJAB VIDHAN SABHA

*Friday, the 16th June, 2017*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10:00 A.M. Mr. Speaker (Rana Kanwar Pal Singh) in the Chair.*

-----

## ELECTION OF THE DEPUTY SPEAKER

**ਮਾਨਯੋਗ ਸਪੀਕਰ :** ਅੱਜ ਸਦਨ ਡਿਪਟੀ ਸਪੀਕਰ ਦੀ ਚੋਣ ਕਰੇਗਾ।

ਹੁਣ ਮੈਂ ਸਦਨ ਦੇ ਨੇਤਾ ਕੈਪਟਨ ਅਮਰਿੰਦਰ ਸਿੰਘ, ਚੀਫ਼ ਮਨਿਸਟਰ, ਪੰਜਾਬ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਪ੍ਰਸਤਾਵ ਪੇਸ਼ ਕਰਨ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਗਏ ਤੇ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਦੀ ਮੰਗ ਕਰ ਰਹੇ ਸਨ।)

**Chief Minister (Captain Amarinder Singh) :** Sir, I beg to move-

That Sardar Ajaib Singh Bhatti, a Member of the Punjab Vidhan Sabha who is present in the House be elected as Deputy Speaker of the Legislative Assembly.

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਕੁਝ ਕਾਗਜ਼ ਲਹਿਰਾਉਂਦੇ ਹੋਏ ਵੈੱਲ ਆਫ ਦਿ ਹਾਊਸ ਵਿਚ ਆ ਗਏ ਤੇ ਸਰਕਾਰ ਵਿਰੋਧੀ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ)

**PARLIAMENTARY AFFAIRS MINISTER (SHRI BRAHM MOHINDRA) :** Sir, I second the Motion.

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਸਰਦਾਰ ਅਜਾਇਬ ਸਿੰਘ ਭੱਟੀ, ਜੋ ਕਿ ਪੰਜਾਬ ਵਿਧਾਨ ਸਭਾ ਦੇ ਮੈਂਬਰ ਹਨ ਅਤੇ ਇਸ ਸਮੇਂ ਸਦਨ ਵਿੱਚ ਹਾਜ਼ਰ ਹਨ, ਨੂੰ ਵਿਧਾਨ ਸਭਾ ਦੇ ਡਿਪਟੀ ਸਪੀਕਰ ਵਜੋਂ ਚੁਣਿਆ ਜਾਵੇ।

---

** Not recorded as ordered by the Chair.

**ਮਾਨਯੋਗ ਸਪੀਕਰ :** ਕੀ ਹੋਰ ਕੋਈ ਪ੍ਰਸਤਾਵ ਹੈ?

(ਕਿਸੇ ਵੀ ਮਾਨਯੋਗ ਮੈਂਬਰ ਵੱਲੋਂ ਕੋਈ ਹੋਰ ਨਾਮ ਪ੍ਰਸਤਾਵਿਤ ਨਹੀਂ ਕੀਤਾ ਗਿਆ।)

**ਮਾਨਯੋਗ ਸਪੀਕਰ:** ਕਿਉਂਕਿ ਕਿਸੇ ਹੋਰ ਮਾਨਯੋਗ ਮੈਂਬਰ ਦੁਆਰਾ ਕੋਈ ਪ੍ਰਸਤਾਵ ਪੇਸ਼ ਨਹੀਂ ਕੀਤਾ ਗਿਆ, ਮੈਂ ਸਰਦਾਰ ਅਜਾਇਬ ਸਿੰਘ ਭੱਟੀ, ਐਮ.ਐਲ.ਏ. ਨੂੰ ਵਿਧਾਨ ਸਭਾ ਦੇ ਡਿਪਟੀ ਸਪੀਕਰ ਵਜੋਂ ਸਰਬਸੰਮਤੀ ਨਾਲ ਚੁਣੇ ਜਾਣ ਦਾ ਐਲਾਨ ਕਰਦਾ ਹਾਂ। (ਥੰਪਿੰਗ)

ਮੈਂ ਸੰਸਦੀ ਮਾਮਲੇ ਬਾਰੇ ਮੰਤਰੀ, ਸ਼੍ਰੀ ਬ੍ਰਹਮ ਮਹਿੰਦਰਾ ਜੀ, ਵਿਰੋਧੀ ਧਿਰ ਦੇ ਨੇਤਾ, ਸਰਦਾਰ ਹਰਵਿੰਦਰ ਸਿੰਘ ਫੂਲਕਾ ਅਤੇ ਪਾਰਟੀਆਂ ਦੇ ਲੀਡਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਉਹ ਸਰਦਾਰ ਅਜਾਇਬ ਸਿੰਘ ਭੱਟੀ ਜੀ ਨੂੰ ਡਿਪਟੀ ਸਪੀਕਰ ਦੀ ਕੁਰਸੀ ਤੇ ਬਿਠਾਉਣ ਦੀ ਖੇਚਲ ਕਰਨ। (ਥੰਪਿੰਗ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿਚ ਕੁਝ ਕਾਗਜ਼ ਲਹਿਰਾਉਂਦੇ ਹੋਏ ਸਰਕਾਰ ਵਿਰੋਧੀ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ:** ਇਹ ਤੁਸੀਂ ਬਾਅਦ ਵਿੱਚ ਵੀ ਕਹਿ ਸਕਦੇ ਸੀ। ਡਿਪਟੀ ਸਪੀਕਰ ਦੀ ਚੋਣ ਤੋਂ ਬਾਅਦ ਵੀ ਤੁਸੀਂ ਗੱਲ ਕਰ ਸਕਦੇ ਸੀ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿਚ ਕੁਝ ਕਾਗਜ਼ ਲਹਿਰਾਉਂਦੇ ਹੋਏ ਸਰਕਾਰ ਵਿਰੋਧੀ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ)

(ਇਸ ਸਮੇਂ ਸੰਸਦੀ ਮਾਮਲੇ ਮੰਤਰੀ, ਸ਼੍ਰੀ ਬ੍ਰਹਮ ਮਹਿੰਦਰਾ; ਸਥਾਨਕ ਸਰਕਾਰ ਮੰਤਰੀ, ਸਰਦਾਰ ਨਵਜੋਤ ਸਿੰਘ ਸਿੱਧੂ, ਵਿੱਤ ਮੰਤਰੀ, ਸਰਦਾਰ ਮਨਪ੍ਰੀਤ ਸਿੰਘ ਬਾਦਲ, ਵਿਰੋਧੀ ਧਿਰ ਦੇ ਨੇਤਾ, ਸਰਦਾਰ ਹਰਵਿੰਦਰ ਸਿੰਘ ਫੂਲਕਾ, ਮਾਨਯੋਗ ਮੈਂਬਰ ਸਰਦਾਰ ਰਣਦੀਪ ਸਿੰਘ, ਸਰਦਾਰ ਲਖਵੀਰ ਸਿੰਘ ਲੱਖਾ, ਸ੍ਰੀ ਅੰਗਦ ਸਿੰਘ ਅਤੇ ਸਰਦਾਰ ਹਰਜੋਤ ਕਮਲ ਸਿੰਘ ਵੱਲੋਂ ਸਰਦਾਰ ਅਜਾਇਬ ਸਿੰਘ ਭੱਟੀ ਨੂੰ ਡਿਪਟੀ ਸਪੀਕਰ ਦੀ ਕੁਰਸੀ ਤੇ ਬਿਠਾਇਆ ਗਿਆ।)

**ਮਾਨਯੋਗ ਸਪੀਕਰ :** ** **ਨਾਅਰੇ ਰਿਕਾਰਡ ਨਾ ਕੀਤੇ ਜਾਣ।

---

** Not recorded as ordered by the Chair.

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਉਸ ਵਿਚ ਕੁਝ ਕਾਗਜ਼ ਲਹਿਰਾਉਂਦੇ ਹੋਏ ਸਰਕਾਰ ਵਿਰੋਧੀ **ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ:** ਪਲੀਜ਼ ਬੈਠੋ।

(ਇਸ ਸਮੇਂ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਆਪਣੀਆਂ ਸੀਟਾਂ ਤੇ ਵਾਪਸ ਆ ਗਏ।)

-----

## CONGRATULATORY SPEECHES

**ਮਾਨਯੋਗ ਸਪੀਕਰ :** ਹੁਣ ਵਧਾਈ ਭਾਸ਼ਣ ਹੋਣਗੇ । ਸੀ.ਐਮ. ਸਾਹਿਬ ।

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ) :** ਸਪੀਕਰ ਸਾਹਿਬ, ਸਰਦਾਰ ਅਜਾਇਬ ਸਿੰਘ ਭੱਟੀ ਜਿਨ੍ਹਾਂ ਨੂੰ ਸਦਨ ਨੇ ਅੱਜ ਯੂਨਾਨੀਮਸਲੀ ਡਿਪਟੀ ਸਪੀਕਰ ਦੇ ਤੌਰ ਤੇ ਚੁਣਿਆ ਹੈ, ਉਨ੍ਹਾਂ ਦਾ ਜਨਮ 28 ਮਾਰਚ, 1951 ਪਿੰਡ ਬਿਲਾਸਪੁਰ, ਜ਼ਿਲ੍ਹਾ ਮੋਗਾ ਵਿੱਚ ਹੋਇਆ ਸੀ । ਇਨ੍ਹਾਂ ਦੇ ਪਿਤਾ ਜੀ ਦਾ ਨਾਂ ਲੇਟ ਕਾਮਰੇਡ ਅਰਜਨ ਸਿੰਘ ਔਰ ਇਨ੍ਹਾਂ ਦੇ ਮਾਤਾ ਜੀ ਦਾ ਨਾਂ ਸ਼੍ਰੀਮਤੀ ਸੰਤ ਕੌਰ ਹੈ । ਇਨ੍ਹਾਂ ਨੇ ਵਿਦਿਆ ਦੇ ਖੇਤਰ ਵਿੱਚ ਐਮ.ਏ., ਬੀ.ਐਂਡ ਕੀਤੀ ਹੈ। ਇਨ੍ਹਾਂ ਨੇ ਟੀਚਰ ਦੇ ਤੌਰ ਤੇ ਰੂਰਲ ਬਠਿੰਡਾ ਤੋਂ ਸ਼ੁਰੂਆਤ ਕੀਤੀ ਸੀ। He also worked as BDPO for about a year or so ਔਰ ਪੰਜਾਬ ਸਿਵਲ ਸਰਵਿਸਿਜ਼ ਦੀ ਐਗਜ਼ੈਕਟਿਵ ਬਰਾਂਚ ਵਿੱਚ ਇਹ ਸਾਲ 1984 ਵਿੱਚ ਆਏ ਸਨ। ਇਨ੍ਹਾਂ ਨੇ ਵੱਖ ਵੱਖ ਮੈਜਿਸਟਰੀਅਲ ਔਰ ਸਿਵਲੀਅਨ ਅਸਾਈਨਮੈਂਟਸ ਨਿਭਾਈਆਂ । ਅੰਤ ਵਿੱਚ 18 ਜਨਵਰੀ, 2007 ਵਿੱਚ ਇਹ ਐਡੀਸ਼ਨਲ ਸੈਕਟਰੀ, ਐਜੂਕੇਸ਼ਨ ਤੋਂ ਅਸਤੀਫਾ ਦੇ ਕੇ ਭੁੱਚੋ ਤੋਂ ਇਲੈਕਸ਼ਨ ਵਿੱਚ ਖੜ੍ਹੇ ਹੋਏ ਸਨ ਤੇ ਜਿੱਤੇ ਸਨ । ਫਿਰ ਇਹ ਭੁੱਚੋ ਤੋਂ ਹੀ ਸਾਲ 2012 ਵਿੱਚ ਜਿੱਤੇ ਅਤੇ ਫਿਰ ਸਾਲ 2017 ਵਿੱਚ ਮਲੋਟ ਤੋਂ ਜਿੱਤੇ ਹਨ। ਪਾਲੇਟਿਕਸ ਇਨ੍ਹਾਂ ਦੇ ਖੂਨ ਵਿੱਚ ਹੀ ਹੈ । ਇਨ੍ਹਾਂ ਦੇ ਪਿਤਾ ਜੀ ਲੇਟ ਸਰਦਾਰ ਅਰਜਨ ਸਿੰਘ ਜੀ 1957 ਵਿੱਚ ਨਿਹਾਲ ਸਿੰਘ ਵਾਲਾ ਹਲਕੇ ਤੋਂ ਅਸੰਬਲੀ ਇਲੈਕਸ਼ਨ ਲੜੇ ਸਨ। ਇਨ੍ਹਾਂ ਨੂੰ ਅਸੀਂ ਜਾਣਦੇ ਹਾਂ। ਇਨ੍ਹਾਂ ਦੀ ਸੂਝ-ਬੂਝ, ਇਨ੍ਹਾਂ ਦਾ ਲੋਕਾਂ ਪ੍ਰਤੀ ਪਿਆਰ ਸਭ ਨੂੰ ਪਤਾ ਹੈ। ਇਹ ਸਟਰੇਟ ਫਾਰਵਰਡ ਇਨਸਾਨ ਹਨ। ਇਹ ਹਰ ਵੇਲੇ ਲੋਕਾਂ ਦੀ ਬੜੀ ਮਦਦ ਕਰਦੇ ਹਨ। ਇਨ੍ਹਾਂ ਨੂੰ ਅੰਗਰੇਜ਼ੀ ਵਿੱਚ Doer ਕਹਿੰਦੇ ਹਨ ਕਿਉਂਕਿ ਜਿਹੜੀ ਗੱਲ ਇਹ ਚੁੱਕਦੇ ਹਨ, ਉਸ ਨੂੰ ਫਿਰ ਸਿਰੇ ਚੜ੍ਹਾ ਕੇ ਹੀ ਰੱਖਦੇ ਹਨ। ਇਹ ਗਰੀਬਾਂ ਦੇ ਇਸ਼ੂ ਹਰ ਵੇਲੇ ਉਠਾਉਂਦੇ ਹਨ। I am sure that he will uphold the prestige of the office of Deputy Speaker.

** Not recorded as ordered by the Chair.

[ ਮੁੱਖ ਮੰਤਰੀ ]

ਮੈਂ ਆਪਣੀ ਪਾਰਟੀ ਵੱਲੋਂ ਉਨ੍ਹਾਂ ਨੂੰ ਬਹੁਤ ਬਹੁਤ ਵਧਾਈ ਦਿੰਦਾ ਹਾਂ। (ਥੰਪਿੰਗ)

(ਇਸ ਸਮੇਂ ਵੀ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ** **ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਨਾਲ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ ।)

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਜੋ ਤੁਸੀਂ ਸਿਮਰਜੀਤ ਸਿੰਘ ਬੈਂਸ ਦੀ ਸਸਪੈਂਸ਼ਨ ਦਾ ਫੈਸਲਾ ਕੀਤਾ ਹੈ ..........

**ਮਾਨਯੋਗ ਸਪੀਕਰ :** ਕੀ ਤੁਸੀਂ ਡਿਪਟੀ ਸਪੀਕਰ ਸਾਹਿਬ ਦੀ ਚੋਣ ਬਾਰੇ ਕੁਝ ਬੋਲਣਾ ਹੈ ?

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਸਪੀਕਰ ਸਾਹਿਬ, ਮੈਂ ਡਿਪਟੀ ਸਪੀਕਰ ਸਾਹਿਬ ਨੂੰ ਵਧਾਈ ਦਿੱਤੀ ਹੈ ਤੇ ਉਨ੍ਹਾਂ ਨੂੰ ਨਾਲ ਬਿਠਾ ਵੀ ਲਿਆ ਹੈ ਪਰ ਮੈਂ ਇਸ ਇਸ਼ੂ ਤੇ ਵੀ ਕਹਿਣਾ ਚਾਹੁੰਦਾ ਹਾਂ ...... (ਵਿਘਨ)

**ਸ਼੍ਰੀ ਸੋਮ ਪ੍ਰਕਾਸ਼ (ਫਗਵਾੜਾ, ਐਸ.ਸੀ.) :** ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਦਾ ਧੰਨਵਾਦੀ ਹਾਂ ਕਿ ਤੁਸੀਂ ਬਹੁਤ ਹੀ ਮਿਹਨਤੀ ਤੇ ਅਣਥੱਕ ਵਰਕਰ ਸਰਦਾਰ ਅਜਾਇਬ ਸਿੰਘ ਭੱਟੀ ਨੂੰ ਡਿਪਟੀ ਸਪੀਕਰ ਦੇ ਉਚ ਅਹੁਦੇ ਤੇ ਚੁਣਿਆ ਹੈ। ਮੈਂ ਇਸ ਕਰਕੇ ਵੀ ਧੰਨਵਾਦੀ ਹਾਂ ਕਿ ਉਹ ਬਹੁਤ ਹੀ ਮਿਹਨਤੀ ਇਨਸਾਨ ਹਨ ਔਰ ਦੂਸਰਾ, ਉਹ ਸਰਵਿਸਿਜ਼ ਵਿੱਚੋਂ ਆਏ ਹਨ। ਅਸੀਂ ਸਰਵਿਸਿਜ਼ ਵਾਲੇ ਇਸ ਗੱਲ ਤੇ ਵੀ ਮਾਣ ਕਰਦੇ ਹਾਂ। ਤੀਸਰਾ, ਤੁਸੀਂ ਦਲਿਤ ਵਰਗ ਨੂੰ ਚੌਥੀ ਨੁਮਾਇੰਦਗੀ ਦਿੱਤੀ ਹੈ ਔਰ ਇਸ ਵਾਸਤੇ ਵੀ ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ। ਮੇਰੇ ਵੱਲੋਂ ਭੱਟੀ ਜੀ ਨੂੰ ਬਹੁਤ ਬਹੁਤ ਵਧਾਈ । ਮੈਂ ਉਮੀਦ ਕਰਦਾ ਹਾਂ ਕਿ ਇਹ ਸਾਰਿਆਂ ਨਾਲ ਇਨਸਾਫ ਕਰਨਗੇ ਅਤੇ ਸਦਨ ਦੀ ਸ਼ੋਭਾ ਵਧਾਉਣਗੇ। ਬਹੁਤ ਬਹੁਤ ਵਧਾਈ। (ਥੰਪਿੰਗ) (ਵਿਘਨ......ਸ਼ੋਰ)

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ) :** ਮਾਨਯੋਗ ਸਪੀਕਰ ਸਾਹਿਬ, ਮੈਂ ਦਿਲ ਦੀਆਂ ਗਹਿਰਾਈਆਂ ਤੋਂ, ਅੱਜ ਜੋ ਭੱਟੀ ਸਾਹਿਬ ਦੀ ਡਿਪਟੀ ਸਪੀਕਰ ਦੇ ਅਹੁਦੇ ਤੇ ਚੋਣ ਹੋਈ ਹੈ, ਉਸ ਲਈ ਸਦਨ ਅਤੇ ਖਾਸ ਤੌਰ ਤੇ ਕੈਪਟਨ ਅਮਰਿੰਦਰ ਸਿੰਘ, ਮਾਨਯੋਗ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ। ਸਰਦਾਰ ਅਜਾਇਬ ਸਿੰਘ ਭੱਟੀ ਜੀ ਇੱਕ ਬਹੁਤ ਹੀ ਗਰੀਬ ਪਰਿਵਾਰ ਵਿਚੋਂ ਪੈਦਾ ਹੋਏ ਔਰ ਗਰੀਬ ਪਰਿਵਾਰ ਵਿਚ ਪੈਦਾ ਹੋ ਕੇ ਬੀ.ਡੀ.ਪੀ.ਓ. ਦੀ ਨੌਕਰੀ ਤੋਂ ਲੈ ਕੇ ਡਿਪਟੀ ਸਪੀਕਰ ਸਾਹਿਬ ਦੀ ਕੁਰਸੀ ਤੱਕ ਪਹੁੰਚਣਾ ਆਪਣੇ ਆਪ ਵਿੱਚ ਇੱਕ ਬਹੁਤ ਵੱਡੀ ਉਪਲਬਧੀ ਹੈ। ਇਹ ਉਪਲਬਧੀ ਇਨ੍ਹਾਂ ਦੇ ਹਿੱਸੇ ਆਈ ਹੈ, ਇਹ ਗਰੀਬ ਲੋਕਾਂ ਲਈ ਇੱਕ ਚਾਨਣ ਮੁਨਾਰਾ ਬਣੇ ਹਨ, ਉਨ੍ਹਾਂ ਨੌਜਵਾਨਾਂ ਲਈ ਚਾਨਣ ਮੁਨਾਰਾ ਬਣੇ

** Not recorded as ordered by the Chair.

ਹਨ, ਜੋ ਗਰੀਬ ਪਰਿਵਾਰ ਵਿੱਚ ਪੈਦਾ ਹੋ ਕੇ ਪੜ੍ਹਦੇ ਹਨ। ਉਨ੍ਹਾਂ ਨੂੰ ਆਸ ਬੱਝੀ ਹੈ ਕਿ ਇਥੋਂ ਤੱਕ ਵੀ ਗਰੀਬ ਪਹੁੰਚ ਸਕਦਾ ਹੈ। ਗੁਰੂ ਸਾਹਿਬ ਨੇ ਜਿਸ ਕੌਮ ਨੂੰ ਰੰਗਰੇਟਾ ਗੁਰੂ ਕਾ ਬੇਟਾ ਦਾ ਦਰਜਾ ਦਿੱਤਾ ਸੀ, ਜਿਸ ਕੌਮ ਵਾਸਤੇ ਕਿਹਾ ਸੀ ਕਿ-

ਇਨ ਗਰੀਬ ਸਿਖਨ ਕੋ ਦੂੰ ਪਾਤਸ਼ਾਹੀ ਯਹ ਯਾਦ ਕਰੇਂ ਹਮਰੀ ਗੁਰਿਆਈ

ਉਸ ਪਰਿਵਾਰ ਨੂੰ ਕੈਪਟਨ ਅਮਰਿੰਦਰ ਸਿੰਘ ਜੀ ਨੇ ਆਪਣੀ ਫਰਾਖਦਿਲੀ ਨਾਲ ਅੱਜ ਸਾਬਤ ਕਰ ਦਿੱਤਾ ਹੈ ਕਿ ਕਾਂਗਰਸ ਪਾਰਟੀ ਅਤੇ ਕੈਪਟਨ ਅਮਰਿੰਦਰ ਸਿੰਘ ਦਲਿਤ ਵਰਗ ਦੇ ਨਾਲ ਹੈ। ਦਲਿਤ ਵਰਗ ਨੂੰ ਉਪਰ ਚੁੱਕਣਾ ਚਾਹੁੰਦੇ ਹਨ ...(ਥੰਪਿੰਗ)... ਅੱਜ ਕਾਂਗਰਸ ਪਾਰਟੀ ਨੇ ਇੱਕ ਦਲਿਤ ਨੇਤਾ ਨੂੰ ਉੱਪਰ ਚੁੱਕਿਆ ਹੈ ਜਿਹੜਾ ਗਰਾਸ ਰੂਟ ਤੋਂ ਉਠ ਕੇ ਆਇਆ ਹੈ, ਜਿਸ ਨੇ ਸੰਘਰਸ਼ ਕੀਤਾ ਹੈ, ਜੋ ਆਪਣੀ ਗਰੀਬੀ ਦੇ ਬਾਵਜੂਦ ਪੜ੍ਹਾਈ ਕਰਕੇ ਪੀ.ਸੀ.ਐਸ. ਦੇ ਅਹੁਦੇ ਤੱਕ ਪਹੁੰਚਿਆ ਹੈ, ਤਿੰਨ ਵਾਰ ਐਮ.ਐਲ.ਏ. ਚੁਣਿਆ ਗਿਆ ਅਤੇ ਅੱਜ ਡਿਪਟੀ ਸਪੀਕਰ ਤੱਕ ਪਹੁੰਚਿਆ ਹੈ, ਉਸ ਲਈ ਮੈਂ ਉਨ੍ਹਾਂ ਨੂੰ, ਉਨ੍ਹਾਂ ਦੇ ਪਰਿਵਾਰ ਨੂੰ ਵਧਾਈ ਦਿੰਦਾ ਹਾਂ ਅਤੇ ਖਾਸ ਤੌਰ ਤੇ ਕੈਪਟਨ ਅਮਰਿੰਦਰ ਸਿੰਘ ਜੀ ਦੀ ਮੈਂ ਬਹੁਤ ਬਹੁਤ ਸ਼ਲਾਘਾ ਕਰਦਾ ਹਾਂ, ਧੰਨਵਾਦ ਕਰਦਾ ਹਾਂ ਕਿ ਦਲਿਤ ਪਰਿਵਾਰ ਨੂੰ ਅੱਜ ਡਿਪਟੀ ਸਪੀਕਰ ਦਾ ਅਹੁਦਾ ਮਿਲਿਆ ਹੈ। ਮੈਂ ਕਾਂਗਰਸ ਪਾਰਟੀ ਦਾ, ਸਦਨ ਦਾ ਅਤੇ ਖਾਸ ਤੌਰ ਤੇ ਕੈਪਟਨ ਅਮਰਿੰਦਰ ਸਿੰਘ ਜੀ ਦਾ, ਉਨ੍ਹਾਂ ਦੀ ਵਿਸ਼ਾਲ ਦਿਲੀ ਦਾ, ਫਰਾਖ ਦਿਲੀ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ। ਧੰਨਵਾਦ ਜੀ।

(ਇਸ ਸਮੇਂ ਵੀ ਸ਼੍ਰੋਮਣੀ ਅਕਾਲੀ ਦਲ ਦੇ ਹਾਜ਼ਰ ਮੈਂਬਰ ਸਾਹਿਬਾਨ ਸਦਨ ਦੇ ਵੈੱਲ ਵਿੱਚ ਖੜ੍ਹੇ ਹੋ ਕੇ **ਨਾਅਰੇ ਲਗਾ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ :** ਬ੍ਰਹਮ ਮਹਿੰਦਰਾ ਜੀ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸਰ, ਕੁਐਸਚਨ ਆਵਰ ਸ਼ੁਰੂ ਹੋ ਗਿਆ?

**ਮਾਨਯੋਗ ਸਪੀਕਰ :** ਵਧਾਈ ਹੈ ਜੀ।

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, ਮੈਂ ਆਪਣੀ ਪਾਰਟੀ ਵੱਲੋਂ, ਆਪਣੇ ਸਾਥੀ ਐਮ.ਐਲ.ਏਜ਼ ਵੱਲੋਂ, ਭੱਟੀ ਸਾਹਿਬ ਨੂੰ ਬਹੁਤ ਬਹੁਤ ਮੁਬਾਰਕਾਂ ਦਿੰਦਾ ਹਾਂ। ਸਾਡੀ ਪਾਰਟੀ ਨੇ, ਕੈਪਟਨ ਅਮਰਿੰਦਰ ਸਿੰਘ ਜੀ ਨੇ, ਸਾਡੇ ਸਤਿਕਾਰਯੋਗ ਮੁੱਖ ਮੰਤਰੀ ਜੀ ਨੇ ਤੁਹਾਡੀ ਚੋਣ ਕਰਕੇ ਇੱਕ ਬਹੁਤ ਅਹਿਮ ਫੈਸਲਾ ਕੀਤਾ ਹੈ, ਅੱਛਾ ਫੈਸਲਾ ਕੀਤਾ ਹੈ। ਤੁਸੀਂ ਜਿਸ ਜ਼ਮੀਨੀ ਲੈਵਲ ਤੋਂ ਉਠ ਕੇ ਆਏ ਹੋ, ਗਰਾਸ ਰੂਟ ਤੋਂ ਉਠ ਕੇ ਆਏ ਹੋ, ਤੁਸੀਂ ਸਰਕਾਰੀ ਜੌਬ ਕੀਤੀ ਹੈ, ਇੰਨੀ ਦੇਰ ਸਰਵਿਸ ਕੀਤੀ ਹੈ ਔਰ ਅੱਜ ਇਸ ਮੁਕਾਮ ਤੱਕ ਪਹੁੰਚੇ ਹੋ, ਮੈਂ ਤੁਹਾਨੂੰ ਬਹੁਤ ਬਹੁਤ ਵਧਾਈ ਦਿੰਦਾ ਹਾਂ।

** Not recorded as ordered by the Chair.

[ ਸੰਸਦੀ ਮਾਮਲੇ ਮੰਤਰੀ ]

(ਇਸ ਸਮੇਂ ਵੀ ਸ਼੍ਰੋਮਣੀ ਅਕਾਲੀ ਦਲ ਦੇ ਹਾਜ਼ਰ ਮੈਂਬਰ ਸਾਹਿਬਾਨ ਸਦਨ ਦੇ ਵੈੱਲ ਵਿੱਚ ਖੜ੍ਹੇ ਹੋ ਕੇ ** ਨਾਅਰੇ ਲਗਾ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ :** ਮੈਂ ਸਦਨ ਦੇ ਨੇਤਾ ਕੈਪਟਨ ਅਮਰਿੰਦਰ ਸਿੰਘ ਜੀ, ਵਿਰੋਧੀ ਧਿਰ ਦੇ ਨੇਤਾ ਸਰਦਾਰ ਹਰਵਿੰਦਰ ਸਿੰਘ ਫੂਲਕਾ ਅਤੇ ਸਮੂਹ ਮੈਂਬਰ ਸਾਹਿਬਾਨ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਇੱਕ ਮੱਤ ਹੋ ਕੇ ਸਰਦਾਰ ਅਜਾਇਬ ਸਿੰਘ ਭੱਟੀ ਜੀ ਨੂੰ ਇਸ ਪਵਿੱਤਰ ਸਦਨ ਦੇ ਡਿਪਟੀ ਸਪੀਕਰ ਵਜੋਂ ਚੁਣਿਆ ਹੈ। ਉਹ ਸਾਲ 2007, 2012 ਅਤੇ 2017 ਦੀਆਂ ਚੋਣਾਂ ਵਿੱਚ ਤਿੰਨ ਵਾਰ ਲਗਾਤਾਰ ਇਸ ਸਦਨ ਦੇ ਮੈਂਬਰ ਵਜੋਂ ਚੁਣੇ ਗਏ ਹਨ। ਸਰਦਾਰ ਅਜਾਇਬ ਸਿੰਘ ਭੱਟੀ ਜੀ ਦੇ ਤਜਰਬੇ ਤੋਂ ਅਸੀਂ ਸਭ ਜਾਣੂ ਹੀ ਹਾਂ। ਇਨ੍ਹਾਂ ਨੇ ਇਸ ਅਰਸੇ ਦੌਰਾਨ ਆਪਣੀਆਂ ਬਹੁਮੁੱਲੀਆਂ ਸੇਵਾਵਾਂ ਸਮਾਜ ਨੂੰ ਦਿੱਤੀਆਂ। ਇਸ ਤੋਂ ਪਹਿਲਾਂ ਉਨ੍ਹਾਂ ਨੇ ਸਿਵਲ ਅਧਿਕਾਰੀ ਦੇ ਤੌਰ ਤੇ ਵੱਖ ਵੱਖ ਅਹੁਦਿਆਂ ਤੇ ਸੇਵਾ ਨਿਭਾਉਣ ਤੋਂ ਇਲਾਵਾ ਤਕਰੀਬਨ 8 ਸਾਲ ਬਤੌਰ ਐਸ.ਡੀ.ਐਮ. ਅਤੇ ਤਕਰੀਬਨ 7 ਸਾਲ ਬਤੌਰ ਏ.ਡੀ.ਸੀ. ਰਾਜ ਨੂੰ ਆਪਣੀਆਂ ਵਡਮੁੱਲੀਆਂ ਸੇਵਾਵਾਂ ਦਿੱਤੀਆਂ ਅਤੇ ਰਾਜਨੀਤੀ ਵਿੱਚ ਆਉਣ ਤੋਂ ਪਹਿਲਾਂ ਬਤੌਰ ਵਧੀਕ ਸਕੱਤਰ, ਸਿੱਖਿਆ ਵਜੋਂ ਸੇਵਾ ਮੁਕਤ ਹੋਏ। ਮੈਨੂੰ ਪੂਰਨ ਆਸ ਹੈ ਕਿ ਉਨ੍ਹਾਂ ਨੂੰ ਜੋ ਪਵਿੱਤਰ ਸਦਨ ਦੀ ਮਰਿਆਦਾ, ਰੂਲਜ਼ ਐਂਡ ਰੈਗੂਲੇਸ਼ਨ ਅਤੇ ਸਦਨ ਨਾਲ ਜੁੜੀਆਂ ਪਰੰਪਰਾਵਾਂ ਦਾ ਗਿਆਨ ਅਤੇ ਲੋਕ ਸੇਵਾ ਦਾ ਤਜਰਬਾ ਹੈ, ਉਸ ਅਨੁਸਾਰ ਉਹ ਸਦਨ ਦੀ ਕਾਰਵਾਈ ਸੁਚਾਰੂ ਰੂਪ ਨਾਲ ਚਲਾਉਣ ਵਿੱਚ ਪੂਰੇ ਤੌਰ ਤੇ ਕਾਮਯਾਬ ਹੋਣਗੇ। ਅੰਤ ਵਿੱਚ ਮੈਂ ਇੱਕ ਵਾਰ ਫਿਰ ਉਨ੍ਹਾਂ ਦੇ ਡਿਪਟੀ ਸਪੀਕਰ ਚੁਣੇ ਜਾਣ ਤੇ ਦਿਲ ਦੀਆਂ ਗਹਿਰਾਈਆਂ ਤੋਂ ਵਧਾਈ ਦਿੰਦਾ ਹਾਂ ਤੇ ਉਨ੍ਹਾਂ ਦੇ ਚੰਗੇ ਭਵਿੱਖ ਲਈ ਕਾਮਨਾ ਕਰਦਾ ਹਾਂ। ਮੈਂ ਚਾਹੁੰਦਾ ਹਾਂ ਕਿ ਹੁਣ ਡਿਪਟੀ ਸਪੀਕਰ ਸਾਹਿਬ ਜੀ ਕੁਝ ਕਹਿਣ।

**ਮਾਨਯੋਗ ਡਿਪਟੀ ਸਪੀਕਰ (ਸਰਦਾਰ ਅਜਾਇਬ ਸਿੰਘ ਭੱਟੀ):** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਦਿਲ ਦੀਆਂ ਗਹਿਰਾਈਆਂ ਤੋਂ ਬਹੁਤ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਅੱਜ ਮੈਨੂੰ ਇਸ ਪਵਿੱਤਰ ਸਦਨ ਦੇ ਵਿੱਚ ਧੰਨਵਾਦ ਕਰਨ ਲਈ ਬੋਲਣ ਦਾ ਮੌਕਾ ਦਿੱਤਾ ਹੈ। ਮਾਨਯੋਗ ਸਪੀਕਰ ਸਾਹਿਬ, ਮੈਂ ਅਕਾਲ ਪੁਰਖ ਦੀ ਰਹਿਮਤ ਦੇ ਕਾਰਨ ਇਸ ਪਵਿੱਤਰ ਸਦਨ ਦੇ ਵਿੱਚ ਅੱਜ ਤੁਹਾਡੇ ਸਾਹਮਣੇ ਹਾਜ਼ਰ ਹਾਂ। ਮੈਂ ਕਾਂਗਰਸ ਹਾਈ ਕਮਾਂਡ, ਆਲ ਇੰਡੀਆ ਕਾਂਗਰਸ ਕਮੇਟੀ ਦੇ ਪ੍ਰਧਾਨ, ਸ਼੍ਰੀਮਤੀ ਸੋਨੀਆ ਗਾਂਧੀ ਜੀ, ਉਪ ਪ੍ਰਧਾਨ, ਸ਼੍ਰੀ ਰਾਹੁਲ ਗਾਂਧੀ ਔਰ ਪੰਜਾਬ ਦੇ ਲੋਕਾਂ ਦੇ ਦਿਲਾਂ ਉਤੇ ਰਾਜ ਕਰਨ ਵਾਲੇ ਸਾਡੇ ਪੰਜਾਬ ਦੇ ਹਰਮਨ ਪਿਆਰੇ ਆਗੂ, ਸਾਡੇ ਇਸ ਪਵਿੱਤਰ ਸਦਨ ਦੇ ਲੀਡਰ ਮਾਨਯੋਗ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਜੀ ਤੇ ਉਨ੍ਹਾਂ ਦੇ ਸਾਥੀ ਮੰਤਰੀ ਸਾਹਿਬਾਨ, ਸਮੁੱਚੀ ਕਾਂਗਰਸ

** Not recorded as ordered by the Chair.

ਪਾਰਟੀ ਦੀ ਹਾਈ ਕਮਾਂਡ ਅਤੇ ਇਸ ਪਵਿੱਤਰ ਹਾਊਸ ਦੇ ਵਿੱਚ ਹਾਜ਼ਰੀਨ ਸਾਡੇ ਸਾਰੇ ਸਤਿਕਾਰਯੋਗ ਐਮ.ਐਲ.ਏ. ਸਾਹਿਬਾਨ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੈਨੂੰ ਇਸ ਸੰਵਿਧਾਨਕ ਪਦਵੀ ਦੇ ਲਈ ਸਰਬਸੰਮਤੀ ਨਾਲ ਚੋਣ ਕਰਕੇ ਨਿਵਾਜਿਆ ਹੈ। ਮਾਨਯੋਗ ਸਪੀਕਰ ਸਾਹਿਬ, ਇਸ ਪਦਵੀ ਤੇ, ਇਸ ਪ੍ਰੈਸਟੀਜਿਅਸ ਸੰਵਿਧਾਨਕ ਪਦਵੀ ਤੇ ਪੰਜਾਬ ਦੀਆਂ ਬਹੁਤ ਵੱਡੀਆਂ ਸ਼ਖਸੀਅਤਾਂ ਰਹੀਆਂ ਹਨ, ਜਿਨ੍ਹਾਂ ਦਾ ਮੈਂ ਉਚੇਚੇ ਤੌਰ ਤੇ ਜ਼ਿਕਰ ਕਰਨਾ ਚਾਹਾਂਗਾ। ਉਨ੍ਹਾਂ ਨੇ ਇਸ ਸਦਨ ਵਿਚ ਆਪਣਾ ਫਰਜ਼ ਨਿਭਾਉਂਦੇ ਹੋਏ ਪੰਜਾਬ ਦੇ ਲੋਕਾਂ ਦੀ ਸੇਵਾ ਕੀਤੀ ਹੈ। ਮੈਂ ਯਾਦ ਕਰਦਾ ਹਾਂ ਕਿ ਡਾਕਟਰ ਗੁਰਦਿਆਲ ਸਿੰਘ ਢਿੱਲੋਂ ਜੀ, ਜਿਹੜੇ ਇਸ ਸਦਨ ਦੇ ਡਿਪਟੀ ਸਪੀਕਰ ਰਹੇ, ਡਾਕਟਰ ਕੇਵਲ ਕ੍ਰਿਸ਼ਨ ਜੀ ਅਤੇ ਪ੍ਰੋਫੈਸਰ ਦਰਬਾਰੀ ਲਾਲ ਜੀ ਤੋਂ ਇਲਾਵਾ ਹੋਰ ਬੜੇ ਸਾਥੀਆਂ ਨੇ ਇਸ ਸਦਨ ਦੇ ਵਿੱਚ ਇਸ ਪਦਵੀ ਤੇ ਰਹਿ ਕੇ ਆਪਣਾ ਫਰਜ਼ ਨਿਭਾਇਆ ਹੈ। ਉਨ੍ਹਾਂ ਵੱਲੋਂ ਸਾਡੇ ਆਉਣ ਵਾਲੇ ਸਮੇਂ ਲਈ ਦਿੱਤੀਆਂ ਹੋਈਆਂ ਚੰਗੀਆਂ ਰਵਾਇਤਾਂ, ਕੰਨਵੈਨਸ਼ਨਜ਼ ਔਰ ਉਨ੍ਹਾਂ ਦੇ ਸਥਾਪਿਤ ਕੀਤੇ ਹੋਏ ਕੀਰਤੀਮਾਨ (ਮੀਲ ਪੱਥਰ) ਸਾਡੇ ਲਈ ਮਾਰਗ ਦਰਸ਼ਕ ਹਨ। ਉਨ੍ਹਾਂ ਦਾ ਸਹਾਰਾ ਲੈ ਕੇ, ਉਨ੍ਹਾਂ ਕੋਲੋਂ ਸਿੱਖਿਆ ਲੈ ਕੇ ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਮੈਂ ਇਸ ਸਦਨ ਦੀ ਸੇਵਾ ਦੇ ਵਿੱਚ, ਆਪਣੇ ਫਰਜ਼ਾਂ ਦੀ ਪੂਰਤੀ ਦੇ ਵਿੱਚ ਕਿਸੇ ਪ੍ਰਕਾਰ ਦੀ ਕੋਈ ਸ਼ਿਕਾਇਤ ਨਹੀਂ ਆਉਣ ਦਿਆਂਗਾ ਅਤੇ ਆਪਣੀ ਡਿਊਟੀ ਨੂੰ ਤਨਦੇਹੀ ਨਾਲ ਨਿਭਾਵਾਂਗਾ। ਮਾਨਯੋਗ ਸਪੀਕਰ ਸਾਹਿਬ, ਮੈਂ ਇਥੇ ਦੱਸਣਯੋਗ ਸਮਝਦਾ ਹਾਂ ਕਿ ਮੈਨੂੰ ਰਾਜਨੀਤੀ ਦੇ ਖੇਤਰ ਵਿੱਚ ਸੇਵਾ ਕਰਨ ਦੀ ਪ੍ਰੇਰਨਾ ਮੇਰੇ ਸਵਰਗੀ ਪੂਜਨੀਕ ਪਿਤਾ ਕਾਮਰੇਡ ਅਰਜਨ ਸਿੰਘ ਤੋਂ ਮਿਲੀ, ਜਿਨ੍ਹਾਂ ਨੇ 1957 ਵਿੱਚ ਇਸ ਪਵਿੱਤਰ ਸਦਨ ਵਿੱਚ ਨੁਮਾਇੰਦਗੀ ਲਈ। ਉਨ੍ਹਾਂ ਨੇ ਬਾਘਾਪੁਰਾਣਾ ਤੇ ਨਿਹਾਲ ਸਿੰਘ ਵਾਲਾ ਡਬਲ ਹਲਕੇ ਤੋਂ ਉਸ ਵੇਲੇ ਚੋਣ ਲੜੀ ਸੀ। ਇਸ ਤੋਂ ਇਲਾਵਾ ਸਾਡਾ ਪਿੰਡ ਬਿਲਾਸਪੁਰ ਇਸ ਸਦਨ ਦੇ ਲਈ ਬਹੁਤ ਯੋਗਦਾਨ ਦਿੰਦਾ ਰਿਹਾ ਹੈ। ਸਪੀਕਰ ਸਾਹਿਬ, ਅੱਜ ਮੈਨੂੰ ਇਹ ਗੱਲ ਕਰਨ ਵਿੱਚ ਮਾਣ ਮਹਿਸੂਸ ਹੁੰਦਾ ਹਾਂ ਕਿ ਮੇਰੇ ਪਿੰਡ ਬਿਲਾਸਪੁਰ ਦੇ ਅੱਜ ਤੱਕ ਸਰਦਾਰ ਗੁਰਦੇਵ ਸਿੰਘ ਸ਼ਾਂਤ, ਸਰਦਾਰ ਮਲਕੀਤ ਸਿੰਘ ਕੀਤੂ, ਸਰਦਾਰ ਅਜੀਤ ਸਿੰਘ ਸ਼ਾਂਤ ਇਸ ਸਦਨ ਦੇ ਮੈਂਬਰ ਰਹੇ ਹਨ ਅਤੇ ਸਾਡੇ ਨੌਜਵਾਨ ਸਰਦਾਰ ਮਨਜੀਤ ਸਿੰਘ, ਜੋ ਮੇਰੇ ਆਪਣੇ ਪਿੰਡ ਤੋਂ ਹਨ, ਮੇਰੇ ਪਰਿਵਾਰ ਦੇ ਹਨ, ਬਤੌਰ ਮੈਂਬਰ ਲੈਜਿਸਲੇਟਿਵ ਅਸੰਬਲੀ ਅੱਜ ਤੁਹਾਡੇ ਵਿੱਚ ਮੌਜੂਦ ਹਨ। ਇਸ ਕਰਕੇ ਮੈਂ ਤੁਹਾਨੂੰ ਕਹਿਣਾ ਚਾਹਾਂਗਾ ਕਿ ਸਾਡੇ ਬਿਲਾਸਪੁਰ ਵਾਲਿਆਂ ਦੇ ਖੂਨ ਵਿੱਚ ਰਾਜਨੀਤੀ ਦੇ ਖੇਤਰ ਵਿੱਚ ਲੋਕਾਂ ਦੀ ਸੇਵਾ ਕਰਨ ਦਾ ਜ਼ਜ਼ਬਾ ਕੁੱਟ ਕੁੱਟ ਕੇ ਭਰਿਆ ਹੋਇਆ ਹੈ। ਮਾਨਯੋਗ ਸਪੀਕਰ ਸਾਹਿਬ, ਇਸ ਕਾਂਸਟੀਚਿਊਸ਼ਨਲ ਪਦਵੀ ਲਈ ਜੋ ਵੀ ਸਾਨੂੰ ਪਾਵਰਜ਼ ਦਿੱਤੀਆਂ ਗਈਆਂ ਹਨ, ਇਸ ਹਾਊਸ ਵਿੱਚ ਆਪਣੇ 10 ਸਾਲ ਦੇ ਤਜਰਬੇ ਤੋਂ ਜੋ ਮੈਂ ਸਿੱਖਿਆ ਹੈ, ਜੋ ਮੈਂ ਦੇਖਿਆ ਹੈ ਅਤੇ ਜੋ ਮੈਂ ਅੱਜ ਵੀ ਦੇਖ ਰਿਹਾ

[ ਮਾਨਯੋਗ ਡਿਪਟੀ ਸਪੀਕਰ ]

ਹਾਂ, ਇਹ ਸਦਨ ਪਬਲਿਕ ਐਕਸਪੈਂਡੀਚਰ ਨਾਲ ਚੱਲ ਰਿਹਾ ਹੈ, ਲੋਕਾਂ ਦੇ ਖੂਨ ਪਸੀਨੇ ਦੀ ਕਮਾਈ ਨਾਲ ਇਹ ਸਦਨ ਚੱਲ ਰਿਹਾ ਹੈ, ਜਿਸ ਵਾਸਤੇ ਸਾਡੇ ਵੀ ਕੁਝ ਫਰਜ਼ ਬਣਦੇ ਹਨ ਕਿ ਲੋਕਾਂ ਦੀ ਭਲਾਈ ਵਾਸਤੇ ਨੀਤੀਆਂ ਜਾਂ ਜੋ ਅਸੀਂ ਉਨ੍ਹਾਂ ਨਾਲ ਵਾਅਦੇ ਕਰਕੇ ਆਏ ਹਾਂ, ਉਨ੍ਹਾਂ ਦੀ ਪੂਰਤੀ ਲਈ ਕੰਮ ਕਰੀਏ ਅਤੇ ਲੋਕਾਂ ਦੇ ਦਿਲਾਂ ਵਿੱਚ ਠੰਢ ਪਾਈਏ। ਮਾਨਯੋਗ ਸਪੀਕਰ ਸਾਹਿਬ, ਮੈਂ ਇਸ ਸਦਨ ਦਾ ਧੰਨਵਾਦ ਕਰਨਾ ਚਾਹਾਂਗਾ ਕਿ ਜਿਸ ਡਿਊਟੀ ਲਈ, ਜਿਸ ਅਹੁਦੇ ਲਈ, ਜਿਸ ਫਰਜ਼ ਨੂੰ ਨਿਭਾਉਣ ਲਈ ਮੈਨੂੰ ਤੈਨਾਤ ਕੀਤਾ ਹੈ, ਮੈਂ ਤੁਹਾਡਾ ਅਤੇ ਆਪਣੇ ਸਾਰੇ ਸਾਥੀਆਂ ਦਾ, ਪ੍ਰੈਸ ਦਾ, ਵਿਧਾਨ ਸਭਾ ਦੇ ਸਾਰੇ ਮੈਂਬਰ ਸਾਹਿਬਾਨ ਦਾ, ਹਾਜ਼ਰੀਨ ਦਾ ਅਤੇ ਖਾਸ ਕਰਕੇ ਮੇਰੇ ਹਲਕੇ ਦੇ ਪਿਆਰੇ ਵੋਟਰਾਂ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਦੀ ਬਦੌਲਤ ਮੈਂ ਇੱਥੇ ਹਾਜ਼ਰ ਹੋਇਆ ਹਾਂ। ਅੰਤ ਵਿੱਚ, ਮੈਂ ਅਤੇ ਮੇਰਾ ਪਰਿਵਾਰ, ਮੇਰਾ ਰੋਮ ਰੋਮ ਕੈਪਟਨ ਅਮਰਿੰਦਰ ਸਿੰਘ, ਮਾਨਯੋਗ ਮੁੱਖ ਮੰਤਰੀ ਦਾ, ਜਿਨ੍ਹਾਂ ਦੀ ਬਦੌਲਤ ਅੱਜ ਮੈਨੂੰ ਇਹ ਅਹੁਦਾ ਹਾਸਲ ਹੋਇਆ ਹੈ, ਧੰਨਵਾਦ ਕਰਦਾ ਹੈ ਅਤੇ ਆਸ ਕਰਦਾ ਹਾਂ ਕਿ ਇਹ ਹਮੇਸ਼ਾ ਇਸੇ ਤਰ੍ਹਾਂ ਮਿਹਰ ਭਰਿਆ ਹੱਥ ਮੇਰੇ ਤੇ ਰੱਖਣਗੇ। (ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ) ਅੰਤ ਵਿੱਚ ਇੰਨੇ ਸ਼ਬਦ ਕਹਿੰਦਾ ਹੋਇਆ ਮੈਂ ਤੁਹਾਡਾ ਖਾਸ ਕਰਕੇ ਧੰਨਵਾਦੀ ਹਾਂ, ਜਿਨ੍ਹਾਂ ਨੇ ਮੈਨੂੰ ਖੁਲ੍ਹਦਿਲੀ ਨਾਲ ਬੋਲਣ ਦਾ ਮੌਕਾ ਦਿੱਤਾ ਹੈ। ਜੈ ਹਿੰਦ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਸਰਕਾਰ ਵਿਰੋਧੀ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਨਾਲ ਰਿਕਾਰਡ ਨਹੀਂ ਕੀਤੇ ਗਏ। ਇਸ ਸਮੇਂ ਆਮ ਆਦਮੀ ਪਾਰਟੀ ਦੇ ਕਾਫੀ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਸਨ ਅਤੇ ਬੋਲਣ ਲਈ ਸਮਾਂ ਦੇਣ ਦੀ ਮੰਗ ਕਰ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ :** ਧੰਨਵਾਦ।

-----

## STARRED QUESTIONS AND ANSWERS

**ਮਾਨਯੋਗ ਸਪੀਕਰ :** ਪ੍ਰਸ਼ਨ ਕਾਲ ਸ਼ੁਰੂ ਹੁੰਦਾ ਹੈ। ਹਾਂ ਜੀ, ਸਰਦਾਰ ਗੁਰਕੀਰਤ ਸਿੰਘ।

**ਹਲਕਾ ਖੰਨਾ ਵਿਚ ਡਾਕਟਰਾਂ/ਪੈਰਾ ਮੈਡੀਕਲ ਸਟਾਫ ਦੀਆਂ ਖਾਲੀ ਅਸਾਮੀਆਂ**

** Not recorded as ordered by the Chair.

***177. ਸਰਦਾਰ ਗੁਰਕੀਰਤ ਸਿੰਘ ਕੋਟਲੀ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਵਿਧਾਨ ਸਭਾ ਹਲਕਾ ਖੰਨਾ ਵਿੱਚ ਵੱਖ ਵੱਖ ਸਿਵਲ ਹਸਪਤਾਲਾਂ ਅਤੇ ਡਿਸਪੈਂਸਰੀਆਂ ਵਿੱਚ ਡਾਕਟਰਾਂ ਅਤੇ ਪੈਰਾ-ਮੈਡੀਕਲ ਸਟਾਫ ਦੀਆਂ ਕਿੰਨੀਆਂ-ਕਿੰਨੀਆਂ ਆਸਾਮੀਆਂ ਖਾਲੀ ਪਈਆਂ ਹਨ; ਅਤੇ ਇਹ ਆਸਾਮੀਆਂ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ :-

**ਸ਼੍ਰੀ ਬ੍ਰਹਮ ਮਹਿੰਦਰਾ :** ਸ਼੍ਰੀਮਾਨ ਜੀ, (ੳ) ਵਿਧਾਨ ਸਭਾ ਹਲਕਾ, ਖੰਨਾ ਵਿੱਚ ਵੱਖ ਵੱਖ ਹਸਪਤਾਲਾਂ ਅਤੇ ਡਿਸਪੈਂਸਰੀਆਂ ਵਿਖੇ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ ਦੀਆਂ ਕੁੱਲ 226 ਆਸਾਮੀਆਂ ਮਨਜ਼ੂਰਸ਼ੁਦਾ ਹਨ, ਜਿਨ੍ਹਾਂ ਵਿੱਚੋਂ ਕੁੱਲ 169 ਆਸਾਮੀਆਂ ਭਰੀਆਂ ਅਤੇ 57 ਆਸਾਮੀਆਂ ਖਾਲੀ ਹਨ। ਵਿਧਾਨ ਸਭਾ ਹਲਕਾ, ਖੰਨਾ ਵਿੱਚ ਵੱਖ ਵੱਖ ਹਸਪਤਾਲਾਂ ਅਤੇ ਡਿਸਪੈਂਸਰੀਆਂ ਵਿਖੇ ਕੈਟਾਗਰੀ ਵਾਈਜ਼ ਮਨਜ਼ੂਰਸ਼ੁਦਾ, ਭਰੀਆਂ ਅਤੇ ਖਾਲੀ ਆਸਾਮੀਆਂ ਸਬੰਧੀ ਵੇਰਵੇ ਹੇਠਾਂ ਅਨੁਲੱਗ-ੳ ਤੇ ਹੈ।

(ਅ) ਸਰਕਾਰ ਵੱਲੋਂ ਰਾਜ ਵਿੱਚ ਸਿਹਤ ਸੰਸਥਾਵਾਂ ਵਿਖੇ ਖਾਲੀ ਆਸਾਮੀਆਂ ਨੂੰ ਭਰਨ ਦੀ ਪ੍ਰਕ੍ਰਿਆ ਲਗਾਤਾਰ ਜਾਰੀ ਹੈ।

## ਅਨੁਲੱਗ ੳ

ਸਬ ਡਵੀਜ਼ਨਲ ਹਸਪਤਾਲ, ਖੰਨਾ ਜ਼ਿਲ੍ਹਾ ਲੁਧਿਆਣਾ, ਰੂਰਲ ਹਸਪਤਾਲ, ਈਸੜੂ, ਮਿੰਨੀ ਪੀ.ਐਚ.ਸੀ. ਰੋਣ, ਆਰ.ਐਚ. ਬਡਲਾ, ਐਸ.ਐਚ.ਸੀ. ਕਲਾਲ ਮਾਜਰਾ, ਸਬ ਸੈਂਟਰ ਇਕਲਾਹਾ, ਸਬ ਸੈਂਟਰ ਬੁੱਲੇਪੁਰ, ਸਬ ਸੈਂਟਰ, ਖੱਟਰਾ, ਸਬ ਸੈਂਟਰ, ਲਿਬੜਾ, ਸਬ ਸੈਂਟਰ ਦਹੇੜੂ, ਸਬ ਸੈਂਟਰ, ਰੋਹਣੋ, ਸਬ ਸੈਂਟਰ ਕਿਸ਼ਨਪੁਰ, ਸਬ ਸੈਂਟਰ, ਭਮੱਦੀ, ਸਬ ਸੈਂਟਰ, ਰਹੋਣ, ਸਬ ਸੈਂਟਰ, ਮਹੋਣ, ਸਬ ਸੈਂਟਰ, ਬੀਜਾ, ਸਬ ਸੈਂਟਰ ਨਸਰਾਲੀ ਵਿਖੇ ਡਾਕਟਰਾਂ ਅਤੇ ਹੋਰ ਅਮਲੇ ਦੀ ਸ਼੍ਰੇਣੀ-ਵਾਰ ਮਨਜ਼ੂਰਸ਼ੁਦਾ, ਭਰੀਆਂ ਅਤੇ ਖਾਲੀ ਆਸਾਮੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

| ਸੰਸਥਾ ਦਾ ਨਾਮ | ਆਸਾਮੀ ਦਾ ਨਾਮ | ਮਨਜ਼ੂਰਸ਼ੁਦਾ | ਭਰੀਆਂ | ਖਾਲੀ |
|---|---|---|---|---|
| ਸਬ ਡਵੀਜ਼ਨਲ ਹਸਪਤਾਲ, ਖੰਨਾ | ਸੀਨੀਅਰ ਮੈਡੀਕਲ ਅਫਸਰ | 1 | 1 | 0 |
| ਜ਼ਿਲ੍ਹਾ ਲੁਧਿਆਣਾ | ਮੈਡੀਕਲ ਅਫਸਰ (ਮੈਡੀਸਨ) | 1 | 1 | 0 |
| | ਮੈਡੀਕਲ ਅਫਸਰ (ਸਰਜਰੀ) | 4 | 3 | 1 |

[ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ]

| | | | |
|---|---|---|---|
| ਮੈਡੀਕਲ ਅਫਸਰ (ਗਾਇਨੀ) | 1 | 1 | 0 |
| ਬੱਚਿਆਂ ਦੇ ਮਾਹਿਰ | 1 | 1 | 0 |
| ਹੱਡੀਆਂ ਦੇ ਮਾਹਿਰ | 4 | 1 | 3 |
| ਐਨਾਥੀਸੀਆ | 4 | 2 | 2 |
| ਪੈਥਾਲੋਜੀ | 1 | 0 | 1 |
| ਆਪਥੋਮੋਲੋਜੀ | 1 | 1 | 0 |
| ਰੇਡਿਓਲੋਜੀ | 1 | 1 | 0 |
| ਸਾਈਕ੍ਰੈਟਰੀ | 1 | 1 | 0 |
| ਸਕਿਨ ਐਂਡ ਵੀ.ਡੀ | 0 | 0 | 0 |
| ਈ.ਐਨ.ਟੀ | 1 | 1 | 0 |
| ਮੈਡੀਕਲ ਅਫਸਰ (ਡੈਂਟਲ) | 2 | 2 | 0 |
| ਮੈਟਰਨ | 1 | 1 | 0 |
| ਨਰਸਿੰਗ ਸਿਸਟਰ | 2 | 2 | 0 |
| ਸਟਾਫ ਨਰਸ | 45 | 45 | 0 |
| ਚੀਫ ਫਾਰਮਾਸਿਸਟ | 1 | 1 | 0 |
| ਐਮ.ਐਲ.ਟੀ.(ਗ੍ਰੇਡ-2) | 1 | 1 | 0 |
| ਐਮ.ਐਲ.ਟੀ.(ਗ੍ਰੇਡ-2) | 8 | 4 | 4 |
| ਸੀਨੀਅਰ ਰੇਡਿਓਗ੍ਰਾਫਰ | 1 | 1 | 0 |
| ਰੇਡਿਓਗ੍ਰਾਫਰ | 5 | 2 | 3 |
| ਓ.ਟੀ.ਏ. | 5 | 3 | 2 |
| ਸੀਨੀਅਰ ਸਹਾਇਕ | 2 | 2 | 0 |
| ਸਟੈਟਟਿਕਲ ਸਹਾਇਕ | 4 | 4 | 0 |
| ਕੰਪਿਊਟਰ | 1 | 0 | 1 |
| ਕਲਾਸ -4 | 48 | 30 | 18 |

| | | | | |
|---|---|---|---|---|
| | ਸਫਾਈ ਸੇਵਕ | 4 | 0 | 4 |
| | ਡਰਾਈਵਰ | 2 | 1 | 1 |
| ਆਰ.ਐਚ.ਈਸੜੂ | ਮੈਡੀਕਲ ਅਫਸਰ | 2 | 2 | 0 |
| | ਫਾਰਮਾਸਿਸਟ | 2 | 2 | 0 |
| | ਨਰਸਿੰਗ ਸਿਸਟਰ | 1 | 1 | 0 |
| | ਸਟਾਫ ਨਰਸ | 4 | 4 | 0 |
| | ਰੇਡਿਓਗ੍ਰਾਫਰ | 1 | 0 | 1 |
| | ਐਮ.ਐਲ.ਟੀ (ਗ੍ਰੇਡ-1) | 1 | 1 | 0 |
| | ਐਮ.ਪੀ.ਐਚ.ਐਸ (ਮੇਲ) | 1 | 1 | 0 |
| | ਐਮ.ਪੀ.ਐਚ.ਡਬਲਯੂ (ਮੇਲ) | 1 | 1 | 0 |
| | ਐਮ.ਪੀ.ਐਚ.ਡਬਲਯੂ (ਫੀਮੇਲ) | 2 | 2 | 0 |
| | ਦਰਜਾ-4 | 10 | 1 | 9 |
| | ਸਫਾਈ ਸੇਵਕ | 3 | 2 | 1 |
| ਮਿੰਨੀ ਪੀ.ਐਚ. ਸੀ. ਭਾਦਲਾ | ਮੈਡੀਕਲ ਅਫਸਰ | 1 | 1 | 0 |
| | ਫਾਰਮਾਸਿਸਟ | 1 | 1 | 0 |
| | ਐਮ.ਐਲ.ਟੀ | 1 | 0 | 1 |
| | ਸਟਾਫ ਨਰਸ | 1 | 1 | 0 |
| | ਐਮ.ਪੀ.ਐਚ.ਐਸ (ਮੇਲ) | 1 | 1 | 0 |
| | ਐਮ.ਪੀ.ਐਚ.ਡਬਲਯੂ (ਮੇਲ) | 1 | 0 | 1 |
| | ਐਮ.ਪੀ.ਐਚ.ਡਬਲਯੂ (ਫੀਮੇਲ) | 1 | 1 | 0 |

[ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ]

| | | | | |
|---|---|---|---|---|
| | ਦਰਜਾ-4 | 1 | 0 | 1 |
| ਸਬ ਸੈਂਟਰ ਰੋਹਣੋਂ | ਐਮ.ਪੀ.ਐਚ.ਡਬਲਯੂ (ਮੇਲ) | 1 | 1 | 0 |
| | ਐਮ.ਪੀ.ਐਚ.ਡਬਲਯੂ (ਫੀਮੇਲ) | 1 | 1 | 0 |
| ਸਬ ਸੈਂਟਰ ਕਿਸ਼ਨਪੁਰ | ਐਮ.ਪੀ.ਐਚ.ਡਬਲਯੂ (ਮੇਲ) | 1 | 0 | 1 |
| | ਐਮ.ਪੀ.ਐਚ.ਡਬਲਯੂ (ਫੀਮੇਲ) | 1 | 1 | 0 |
| ਸਬ ਸੈਂਟਰ ਲਿਬੜਾ | ਐਮ.ਪੀ.ਐਚ.ਡਬਲਯੂ (ਮੇਲ) | 1 | 1 | 0 |
| | ਐਮ.ਪੀ.ਐਚ.ਡਬਲਯੂ (ਫੀਮੇਲ) | 2 | 2 | 0 |
| | ਟਰੇਂਡ ਦਾਈ | 1 | 1 | 0 |
| ਸਬ ਸੈਂਟਰ ਬੁੱਲੇਪੁਰ | ਐਮ.ਪੀ.ਐਚ.ਡਬਲਯੂ (ਫੀਮੇਲ) | 1 | 0 | 1 |
| | ਐਮ.ਪੀ.ਐਚ.ਡਬਲਯੂ (ਫੀਮੇਲ) | 1 | 1 | 0 |
| ਸਬ ਸੈਂਟਰ, ਮਹੋਣ | ਐਮ.ਪੀ.ਐਚ.ਡਬਲਯੂ (ਮੇਲ) | 1 | 1 | 0 |
| | ਐਮ.ਪੀ.ਐਚ.ਡਬਲਯੂ (ਫੀਮੇਲ) | 1 | 1 | 0 |
| ਐਸ.ਐਚ.ਸੀ. ਇਕਲਾਹਾ | ਐਮ.ਪੀ.ਐਚ.ਐਸ (ਮੇਲ) | 1 | 1 | 0 |
| | ਐਮ.ਪੀ.ਐਚ.ਐਸ (ਫੀਮੇਲ) | 1 | 1 | 0 |
| | ਐਮ.ਪੀ.ਐਚ.ਡਬਲਯੂ | 1 | 1 | 0 |

| | | | | |
|---|---|---|---|---|
| | (ਮੇਲ) | | | |
| | ਐਮ.ਪੀ.ਐਚ.ਡਬਲਯੂ (ਫੀਮੇਲ) | 2 | 2 | 0 |
| ਸਬ ਸੈਂਟਰ ਭਮੱਦੀ | ਐਮ.ਪੀ.ਐਚ.ਡਬਲਯੂ (ਮੇਲ) | 1 | 1 | 0 |
| | ਐਮ.ਪੀ.ਐਚ.ਡਬਲਯੂ (ਫੀਮੇਲ) | 2 | 2 | 0 |
| ਸਬ ਸੈਂਟਰ ਨਸਰਾਲੀ | ਐਮ.ਪੀ.ਐਚ.ਡਬਲਯੂ (ਮੇਲ) | 1 | 1 | 0 |
| | ਐਮ.ਪੀ.ਐਚ.ਡਬਲਯੂ (ਫੀਮੇਲ) | 2 | 2 | 0 |
| ਐਸ.ਐਚ.ਸੀ. ਬੀਜਾ | ਐਮ.ਪੀ.ਐਚ.ਐਸ (ਮੇਲ) | 1 | 1 | 0 |
| | ਐਮ.ਪੀ.ਐਚ.ਐਸ (ਫੀਮੇਲ) | 1 | 1 | 0 |
| | ਐਮ.ਪੀ.ਐਚ.ਡਬਲਯੂ (ਮੇਲ) | 1 | 1 | 0 |
| | ਐਮ.ਪੀ.ਐਚ.ਡਬਲਯੂ (ਫੀਮੇਲ) | 2 | 2 | 0 |
| ਸਬ ਸੈਂਟਰ ਦਹੇੜੂ | ਐਮ.ਪੀ.ਐਚ.ਡਬਲਯੂ (ਮੇਲ) | 1 | 0 | 1 |
| | ਐਮ.ਪੀ.ਐਚ.ਡਬਲਯੂ (ਫੀਮੇਲ) | 1 | 1 | 0 |
| ਸਬ ਸੈਂਟਰ ਰਹੌਣ | ਐਮ.ਪੀ.ਐਚ.ਡਬਲਯੂ (ਮੇਲ) | 1 | 1 | 0 |
| | ਐਮ.ਪੀ.ਐਚ.ਡਬਲਯੂ (ਫੀਮੇਲ) | 1 | 1 | 0 |

[ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ]

| | | | | |
|---|---|---|---|---|
| ਸਬ ਸੈਂਟਰ ਖੱਟੜਾ | ਐਮ.ਪੀ.ਐਚ.ਡਬਲਯੂ (ਮੇਲ) | 1 | 1 | 0 |
| | ਐਮ.ਪੀ.ਐਚ.ਡਬਲਯੂ (ਫੀਮੇਲ) | 2 | 2 | 0 |
| ਐਸ.ਐਚ.ਸੀ. ਕਲਾਲ ਮਾਜਰਾ | ਐਮ.ਪੀ.ਐਚ.ਐਸ (ਮੇਲ) | 1 | 1 | 0 |
| | ਐਮ.ਪੀ.ਐਚ.ਐਸ (ਫੀਮੇਲ) | 1 | 1 | 0 |
| | ਐਮ.ਪੀ.ਐਚ.ਡਬਲਯੂ (ਮੇਲ) | 1 | 1 | 0 |
| | ਐਮ.ਪੀ.ਐਚ.ਡਬਲਯੂ (ਫੀਮੇਲ) | 1 | 1 | 0 |
| | **ਕੁੱਲ** | **226** | **169** | **57** |

**ਸਰਦਾਰ ਗੁਰਕੀਰਤ ਸਿੰਘ ਕੋਟਲੀ :** ਸਪੀਕਰ ਸਾਹਿਬ, ਇਹ ਬੜਾ ਅਹਿਮ ਸਵਾਲ ਹੈ ਅਤੇ ਲੋਕਾਂ ਦੀ ਸਿਹਤ ਨਾਲ ਜੁੜਿਆ ਹੋਇਆ ਹੈ। ਕੀ ਮੰਤਰੀ ਜੀ ਆਸ਼ਵਾਸਨ ਦਿਵਾਉਣਗੇ ਕਿ ਇਹ ਅਸਾਮੀਆਂ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ ? ਸਪੀਕਰ ਸਾਹਿਬ, ਪਿਛਲੇ ਪੰਜ ਸਾਲ ਤੋਂ ਮੇਰਾ ਇਹ ਸਵਾਲ ਵਿਧਾਨ ਸਭਾ ਵਿੱਚ ਲਗਦਾ ਰਿਹਾ ਹੈ ਪਰ ਪਿਛਲੀ ਸਰਕਾਰ ਵਲੋਂ ਇਸ ਮੁੱਦੇ ਤੇ ਹੱਲ ਕੱਢਣ ਦਾ ਕੋਈ ਉਪਰਾਲਾ ਨਹੀਂ ਕੀਤਾ ਗਿਆ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਸਰਕਾਰ ਵਿਰੋਧੀ **ਨਾਅਰੇ ਲਗਾ ਰਹੇ ਸਨ ਅਤੇ ਇਸੇ ਦੌਰਾਨ ਲੋਕ ਇਨਸਾਫ ਪਾਰਟੀ ਦੇ ਮੈਂਬਰ ਸਰਦਾਰ ਬਲਵਿੰਦਰ ਸਿੰਘ ਬੈਂਸ ਆਪਣੀ ਸੀਟ ਤੇ ਖੜ੍ਹੇ ਹੋ ਕੇ **ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਨਾਲ ਰਿਕਾਰਡ ਨਹੀਂ ਕੀਤੇ ਗਏ। ਆਮ ਆਦਮੀ ਪਾਰਟੀ ਦੇ ਕਾਫੀ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਸਨ ਅਤੇ ਬੋਲਣ ਲਈ ਸਮਾਂ ਦੇਣ ਦੀ ਮੰਗ ਕਰ ਰਹੇ ਸਨ। ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ :** **ਨਾਅਰੇ ਰਿਕਾਰਡ ਨਾ ਕੀਤੇ ਜਾਣ।

**ਸਰਦਾਰ ਗੁਰਕੀਰਤ ਸਿੰਘ ਕੋਟਲੀ:** ਸਪੀਕਰ ਸਾਹਿਬ, ਮੈਨੂੰ ਲਗਦਾ ਹੈ ਕਿ ਪਿਛਲੀ ਸਰਕਾਰ ਦਾ ਸਿਹਤ ਦੇ ਖੇਤਰ ਵੱਲ ਕੋਈ ਧਿਆਨ ਨਹੀਂ ਸੀ। ਸਿਰਫ ਖਾਣ ਤੇ ਲੱਗੇ ਹੋਏ ਸੀ।

** Not recorded as ordered by the Chair.

**ਮਾਨਯੋਗ ਸਪੀਕਰ :** ਤੁਸੀਂ ਸਵਾਲ ਪੁੱਛੋ ਜੀ।

**ਸਰਦਾਰ ਗੁਰਕੀਰਤ ਸਿੰਘ ਕੋਟਲੀ :** ਸਪੀਕਰ ਸਾਹਿਬ, ਮੇਰਾ ਸਵਾਲ ਇਹੀ ਹੈ ਕਿ ਇਹ ਅਸਾਮੀਆਂ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ, ਮੰਤਰੀ ਜੀ ਟਾਈਮ ਬਾਊਂਡ ਕਰਕੇ ਮੈਨੂੰ ਇਸ ਦਾ ਆਸ਼ਵਾਸਨ ਦੇਣ।

**ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਐਮ.ਐਲ.ਏ. ਸਾਹਿਬ ਨੂੰ ਇਹ ਆਸ਼ਵਾਸਨ ਦਿੰਦਾ ਹਾਂ ਕਿ ਜਿੰਨੀਆਂ ਵੀ ਖਾਲੀ ਅਸਾਮੀਆਂ ਹਨ, ਉਨ੍ਹਾਂ ਨੂੰ ਜਲਦੀ ਹੀ ਭਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

**ਸਰਦਾਰ ਗੁਰਕੀਰਤ ਸਿੰਘ ਕੋਟਲੀ :** ਸਪੀਕਰ ਸਾਹਿਬ, ਮੈਂ ਇਸ ਵਾਸਤੇ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ।

-----

## ਲੁਧਿਆਣਾ ਵਿਖੇ ਗਰੀਨ ਬੈਲਟਸ ਅਤੇ ਪਾਰਕਾਂ ਦੀ ਦੇਖਭਾਲ

*224. **ਸ਼੍ਰੀ ਭਾਰਤ ਭੂਸ਼ਣ ਆਸ਼ੂ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਲੁਧਿਆਣਾ ਸ਼ਹਿਰ ਵਿੱਚ ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ ਵਿੱਚ ਪੈਂਦੀਆਂ ਗਰੀਨ ਬੈਲਟਸ ਅਤੇ ਪਾਰਕਾਂ ਦੀ ਦੇਖਭਾਲ ਕਰਨ ਲਈ ਸਰਕਾਰ ਦੁਆਰਾ ਕੋਈ ਕਦਮ ਚੁੱਕੇ ਗਏ ਹਨ ਜਾਂ ਚੁੱਕੇ ਜਾਣ ਦੀ ਤਜਵੀਜ਼ ਹੈ?

**ਸਰਦਾਰ ਨਵਜੋਤ ਸਿੰਘ ਸਿੱਧੂ :** ਹਾਂ ਜੀ। ਗਰੀਨ ਬੈਲਟਾਂ ਅਤੇ ਪਾਰਕਾਂ ਦਾ ਰੱਖ-ਰਖਾਵ ਪਾਰਕ ਮੈਨੇਜਮੈਂਟ ਕਮੇਟੀਆਂ ਅਤੇ ਨਗਰ ਨਿਗਮ ਲੁਧਿਆਣਾ ਵੱਲੋਂ ਮੇਨਟੇਨ ਕੀਤਾ ਜਾ ਰਿਹਾ ਹੈ। ਕੁਝ ਪਾਰਕਾਂ ਦਾ ਰੱਖ-ਰਖਾਵ ਉਦਯੋਗਿਕ ਘਰਾਣਿਆਂ ਵੱਲੋਂ ਵੀ ਕੀਤਾ ਜਾ ਰਿਹਾ ਹੈ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਸਾਰੇ ਮੈਂਬਰ ਵੈੱਲ ਆਫ ਦਿ ਹਾਊਸ ਖੜ੍ਹੇ ਹੋ ਕੇ **ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਸ਼੍ਰੀ ਭਾਰਤ ਭੂਸ਼ਣ ਆਸ਼ੂ :** ਸਪੀਕਰ ਸਾਹਿਬ, ਧੰਨਵਾਦ ਜੀ।

(ਮਾਨਯੋਗ ਮੈਂਬਰ ਸ਼੍ਰੀ ਭਾਰਤ ਭੂਸ਼ਣ ਆਸ਼ੂ ਵਲੋਂ ਉੱਤਰ ਸੁਣਨ ਉਪਰੰਤ ਇਸ਼ਾਰੇ ਨਾਲ ਆਪਣੀ ਤਸੱਲੀ ਪ੍ਰਗਟ ਕੀਤੀ ਗਈ ਅਤੇ ਅੱਗੇ ਕੋਈ ਸਪਲੀਮੈਂਟਰੀ ਪੁੱਟ ਨਹੀਂ ਕੀਤੀ ਗਈ।)

-----

** Not recorded as ordered by the Chair.

**ਨਿਸ਼ਾਨ ਵਾਲਾ ਪ੍ਰਸ਼ਨ ਨੰ: 10****

**ਮਾਨਯੋਗ ਸਪੀਕਰ:** ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਗਈ ਹੈ।

-----

**WALK-OUT**

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਾਰੇ ਮੈਂਬਰ ਅਤੇ ਲੋਕ ਇਨਸਾਫ ਪਾਰਟੀ ਦੇ ਮੈਂਬਰ ਸਰਦਾਰ ਬਲਵਿੰਦਰ ਸਿੰਘ ਬੈਂਸ, ਲੋਕ ਇਨਸਾਫ ਪਾਰਟੀ ਦੇ ਮੈਂਬਰ ਸਰਦਾਰ ਸਿਮਰਜੀਤ ਸਿੰਘ ਬੈਂਸ ਦੀ ਹਾਊਸ ਵਿਚੋਂ ਕੱਲ੍ਹ ਹੋਈ ਮੁਅਤਲੀ ਦੇ ਵਿਰੋਧ ਵਿੱਚ ਬੋਲਣ ਲਈ ਸਮਾਂ ਨਾ ਮਿਲਣ ਕਰਕੇ ਵਾਕ-ਆਊਟ ਕਰ ਗਏ।)

-----

**STARRED QUESTIONS AND ANSWERS *(Resumption)***

**ਨਿਸ਼ਾਨ ਵਾਲਾ ਪ੍ਰਸ਼ਨ ਨੰ: 82**

(ਸਬੰਧਿਤ ਮਾਨਯੋਗ ਮੈਂਬਰ ਵਲੋਂ ਇਹ ਪ੍ਰਸ਼ਨ ਪੇਸ਼ ਨਹੀਂ ਕੀਤਾ ਗਿਆ।)

-----

**ਬਲਾਕ ਭਿੱਖੀਵਿੰਡ ਅਤੇ ਖੇਮਕਰਨ ਵਿੱਚ ਮੋਘੇ ਉਸਾਰਨਾ**

*236. **ਸਰਦਾਰ ਸੁਖਪਾਲ ਸਿੰਘ ਭੁੱਲਰ :** ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਬਲਾਕ ਖੇਮਕਰਨ ਅਤੇ ਭਿਖੀਵਿੰਡ ਵਿੱਚ ਪੱਕੇ ਮੋਘੇ ਉਸਾਰਨ ਦੀ ਕੋਈ ਤਜਵੀਜ਼ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ ਅਤੇ ਇਨ੍ਹਾਂ ਦੇ ਕਦੋਂ ਤੱਕ ਉਸਾਰੇ ਜਾਣ ਦੀ ਸੰਭਾਵਨਾ ਹੈ?

**ਰਾਣਾ ਗੁਰਜੀਤ ਸਿੰਘ :** ਹਾਂ ਜੀ, ਬਲਾਕ ਖੇਮਕਰਨ ਅਤੇ ਭਿੱਖੀਵਿੰਡ ਵਿੱਚ ਕੱਚੇ ਖਾਲ ਪੱਕੇ ਕਰਨ ਦੀ ਤਜਵੀਜ਼ ਪੰਜਾਬ ਸਰਕਾਰ ਦੇ ਵਿਚਾਰ ਅਧੀਨ ਹੈ।

ਬਲਾਕ ਖੇਮਕਰਨ ਅਤੇ ਭਿੱਖੀਵਿੰਡ ਵਿੱਚ ਪੈਂਦੇ ਪਿੰਡਾਂ ਨੂੰ ਯੂ.ਬੀ.ਡੀ.ਸੀ. ਸਿਸਟਮ ਅਧੀਨ ਕ੍ਰਮਵਾਰ 167 ਨੰਬਰ ਅਤੇ 76 ਨੰਬਰ ਨਹਿਰੀ ਮੋਘਿਆਂ ਰਾਹੀਂ ਸਿੰਚਾਈ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ, ਜਿਨ੍ਹਾਂ ਨੂੰ ਕ੍ਰਮਵਾਰ ਖੇਮਕਰਨ, ਰਸੂਲਪੁਰ, ਬਾਸਰਕੇ ਅਤੇ ਸ਼ੁਕਰਚੱਕ ਰਜਬਾਹਿਆਂ ਰਾਹੀਂ ਪਾਣੀ ਦਿੱਤਾ ਜਾਂਦਾ ਹੈ। ਇਨ੍ਹਾਂ ਮੋਘਿਆਂ ਅਧੀਨ ਕ੍ਰਮਵਾਰ 515 ਕਿਲੋਮੀਟਰ ਅਤੇ 130 ਕਿਲੋਮੀਟਰ ਕੱਚੇ ਨਹਿਰੀ ਖਾਲ ਪੈਂਦੇ ਹਨ।

** Reply to this question No. 10, has not been received till 10.1.2019 i.e. the date on which this debates was sent to the press for final printing.

ਭਾਰਤ ਸਰਕਾਰ ਵੱਲੋਂ ਇਰੀਗੇਸ਼ਨ ਪੋਟੈਂਸ਼ਲ ਕਰੀਏਟਿਡ ਅਤੇ ਇਰੀਗੇਸ਼ਨ ਪੋਟੈਂਸ਼ਲ ਯੂਟੀਲਾਈਜ਼ਡ ਦੇ ਪਾੜੇ ਨੂੰ ਘਟਾਉਣ ਲਈ ਇੰਸੈਂਟੀਵਾਈਜ਼ੇਸ਼ਨ ਸਕੀਮ ਆਫ ਬ੍ਰਿਜਿੰਗ ਇਰੀਗੇਸ਼ਨ ਗੈਪ (ਆਈ.ਐੱਸ.ਬੀ.ਆਈ.ਜੀ.) ਤਿਆਰ ਕੀਤੀ ਗਈ ਹੈ ਜਿਸ ਵਿੱਚ ਇਹ ਮੋਘੇ ਵੀ ਸ਼ਾਮਿਲ ਹਨ। ਇਸ ਸਕੀਮ ਦੇ ਮਨਜ਼ੂਰ ਹੋਣ ਉਪਰੰਤ ਅਤੇ ਫੰਡਾਂ ਦੀ ਉਪਲਬੱਧਤਾ ਹੋਣ ਤੇ ਬਲਾਕ ਖੇਮਕਰਨ ਅਤੇ ਭਿੱਖੀਵਿੰਡ ਦੇ ਕੱਚੇ ਨਹਿਰੀ ਖਾਲਿਆਂ ਨੂੰ ਪੱਕਾ ਕਰਨ ਦਾ ਕੰਮ ਇਸ ਸਾਲ ਵਿੱਚ ਸ਼ੁਰੂ ਹੋਣ ਦੀ ਸੰਭਾਵਨਾ ਹੈ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਸਾਰੇ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਪੰਜਾਬ ਸਰਕਾਰ ਅਤੇ ਚੇਅਰ ਖਿਲਾਫ**** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ ਅਤੇ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਨਯੋਗ ਸਪੀਕਰ :** ਮੈਂ ਅਪੀਲ ਕਰਦਾ ਹਾਂ ਕਿ ਕੁਐਸਚਨ ਆਵਰ ਦਾ ਸਮਾਂ ਪੂਰਾ ਹੋ ਜਾਣ ਦਿਉ।

**ਸਰਦਾਰ ਸੁਖਪਾਲ ਸਿੰਘ ਭੁੱਲਰ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਨਵੇਂ ਮੋਘਿਆਂ ਦੀ ਤਜਵੀਜ਼ ਬਾਰੇ ਦੱਸਿਆ ਹੈ। ਮੈਂ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਦੋਵੇਂ ਬਲਾਕ ਹਨ, ਇਹ ਖਾਰੇ ਮਾਝੇ ਦੇ ਨਾਮ ਨਾਲ ਜਾਣੇ ਜਾਂਦੇ ਹਨ। ਪਿਛਲੇ ਟਾਈਮ ਕਾਂਗਰਸ ਸਰਕਾਰ ਦੇ ਵੇਲੇ ਇਥੇ ਸਾਢੇ ਤਿੰਨ ਅਤੇ ਸਾਢੇ ਪੰਜ ਕਿਊਸਿਕ ਪਾਣੀ ਵਧਾਇਆ ਗਿਆ ਸੀ ਪਰ ਪਿਛਲੀ ਸਰਕਾਰ ਦੀਆਂ ਨਲਾਇਕੀਆਂ ਅਤੇ ਨਾਕਾਮਯਾਬੀਆਂ ਕਾਰਨ ਇਥੋਂ ਦੇ ਖਾਰੇ ਮਾਝੇ ਦੇ ਸਾਰੇ ਮੋਘੇ, ਕਿਸਾਨਾਂ ਨੇ ਸਾਰੇ ਮੋਘੇ ਤੋੜ ਕੇ ਆਪਣੇ ਖਾਲ਼ ਸਿੱਧੇ ਕਰ ਲਏ ਹਨ, ਕਿਸਾਨਾਂ ਨੇ ਮੋਘੇ ਵਾਹ ਕੇ ਆਪਣੀਆਂ ਜ਼ਮੀਨਾਂ ਵਿੱਚ ਰਲਾ ਲਏ ਹਨ, ਜਿਸ ਦੇ ਕਾਰਨ ਟੇਲਾਂ ਤੱਕ ਪਾਣੀ ਪਹੁੰਚਣ ਦਾ ਕੋਈ ਰਸਤਾ ਨਹੀਂ ਰਿਹਾ। ਕਿਉਂਕਿ ਇਸ ਸਮੇਂ ਬਿਜਾਈ ਸ਼ੁਰੂ ਹੋ ਗਈ ਹੈ, ਇਸ ਲਈ, ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਯਕੀਨੀ ਕਰਵਾਉਣਾ ਚਾਹੁੰਦਾ ਹਾਂ ਕਿ ਕੀ ਜਿਹੜੇ ਰਜਬਾਹੇ ਹਨ, ਜਿਨ੍ਹਾਂ ਦੀਆਂ ਟੇਲਾਂ ਰਾਜੋਕੇ, ਕਲੰਜਰੀ ਔਰ ਜਿਹੜੇ ਥਾੜ/ਘਾੜ ਦੇ ਇਲਾਕੇ ਹਨ, ਉਥੋਂ ਤੱਕ ਪਾਣੀ ਪਹੁੰਚਾਉਣ ਦੇ ਪ੍ਰੋਗਰਾਮ ਨੂੰ ਟਾਈਮ ਬਾਊਂਡ ਕਰਕੇ ਜਲਦੀ ਤੋਂ ਜਲਦੀ ਇਨ੍ਹਾਂ ਤੇ ਕਾਰਵਾਈ ਕੀਤੀ ਜਾਵੇਗੀ?

**ਮੰਤਰੀ :** ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਇਨ੍ਹਾਂ ਨਾਲ ਬਿਲਕੁਲ ਸਹਿਮਤ ਹਾਂ। ਪਿਛਲੇ 10 ਸਾਲਾਂ ਦੇ ਵਿੱਚ ਇਸ ਯੂ.ਬੀ.ਡੀ.ਸੀ. ਦੀ

** Not recorded as ordered by the Chair.

[ ਸਿੰਜਾਈ ਮੰਤਰੀ ]

ਬਿਲਕੁਲ ਦੇਖ-ਰੇਖ ਨਹੀਂ ਕੀਤੀ ਗਈ। ਇਸ ਦਾ ਬਹੁਤ ਮਾੜਾ ਹਾਲ ਹੈ। ਹੁਣ ਜਿਹੜੀ ਭਾਰਤ ਸਰਕਾਰ ਦੀ ਸਕੀਮ ਹੈ, ਅਸੀਂ ਉਸ ਤੇ ਕੰਮ ਕਰ ਰਹੇ ਹਾਂ ਔਰ ਜਿੰਨੀ ਜਲਦੀ ਹੋ ਸਕਿਆ, ਇਹ ਸਕੀਮ ਪਾਸ ਕਰਵਾ ਕੇ ਕੰਮ ਚਾਲੂ ਕਰਵਾ ਦਿੱਤਾ ਜਾਵੇਗਾ।

-----

## ਪੋਲੀਟੈਕਨਿਕ ਕਾਲਜ ਲਈ ਦਾਨ ਦਿੱਤੀ ਗਈ ਜ਼ਮੀਨ

***282. ਸਰਦਾਰ ਨਵਤੇਜ ਸਿੰਘ ਚੀਮਾ :** ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੀ ਇਹ ਠੀਕ ਹੈ ਕਿ ਜ਼ਿਲ੍ਹਾ ਕਪੂਰਥਲਾ ਵਿੱਚ ਸੁਲਤਾਨਪੁਰ ਲੋਧੀ ਨਜ਼ਦੀਕ ਗ੍ਰਾਮ ਪੰਚਾਇਤ ਜੱਬੋਵਾਲ ਵੱਲੋਂ ਮੁਫ਼ਤ ਦਾਨ ਕੀਤੀ ਗਈ 20 ਏਕੜ ਜ਼ਮੀਨ ਉੱਤੇ ਪੋਲੀਟੈਕਨਿਕ ਕਾਲਜ ਲਈ ਇਮਾਰਤ ਦੀ ਉਸਾਰੀ ਕੀਤੀ ਗਈ ਸੀ ਪ੍ਰੰਤੂ ਅਜੇ ਤੱਕ ਉਥੇ ਕਲਾਸਾਂ ਸ਼ੁਰੂ ਨਹੀਂ ਹੋਈਆਂ ਹਨ ;

(ਅ) ਜੇਕਰ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਇਸ ਦੇ ਕਾਰਨ ਕੀ ਹਨ ਅਤੇ ਸਰਕਾਰ ਦੁਆਰਾ ਇਸ ਕਾਲਜ ਵਿੱਚ ਕਲਾਸਾਂ ਦੀ ਸ਼ੁਰੂਆਤ ਕਰਨ ਲਈ ਕੀ ਕਦਮ ਚੁੱਕੇ ਜਾ ਰਹੇ ਹਨ?

**ਸਰਦਾਰ ਚਰਨਜੀਤ ਸਿੰਘ ਚੰਨੀ :** (ੳ) ਹਾਂ ਜੀ, ਜ਼ਿਲ੍ਹਾ ਕਪੂਰਥਲਾ ਵਿੱਚ ਸੁਲਤਾਨਪੁਰ ਲੋਧੀ ਨਜ਼ਦੀਕ ਗ੍ਰਾਮ ਪੰਚਾਇਤ ਜੱਬੋਵਾਲ ਵੱਲੋਂ ਮੁਫ਼ਤ ਦਾਨ ਕੀਤੀ ਗਈ ਜ਼ਮੀਨ ਉੱਤੇ ਸਰਕਾਰੀ ਤਕਨੀਕੀ ਸੰਸਥਾ ਸਥਾਪਿਤ ਕਰਨ ਲਈ ਸਰਕਾਰ ਵੱਲੋਂ 31.49 ਕਰੋੜ ਰੁਪਏ ਖਰਚ ਕਰਕੇ ਇਮਾਰਤ ਦੀ ਉਸਾਰੀ ਕੀਤੀ ਗਈ ਹੈ ਜੋ ਕਿ ਹਾਲ ਵਿੱਚ ਹੀ ਮੁਕੰਮਲ ਹੋਈ ਹੈ।

(ਅ) ਸਰਕਾਰ ਵੱਲੋਂ ਇਸ ਜਗ੍ਹਾ ਉਪਰ ਕੋਈ ਤਕਨੀਕੀ ਸਿੱਖਿਆ ਅਦਾਰਾ ਜਾਂ ਸਕਿੱਲ ਡਿਵੈਲਪਮੈਂਟ ਸੈਂਟਰ ਖੋਲ੍ਹਣ ਦੀ ਤਜਵੀਜ਼ ਵਿਚਾਰ ਅਧੀਨ ਹੈ ਅਤੇ ਇਹ ਤਜਵੀਜ਼ ਜਲਦ ਹੀ ਅਮਲ ਵਿੱਚ ਲਿਆਂਦੀ ਜਾਵੇਗੀ।

**ਸਰਦਾਰ ਨਵਤੇਜ ਸਿੰਘ ਚੀਮਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਪਿਛਲੇ 20 ਸਾਲਾਂ ਤੋਂ ਪੰਚਾਇਤ ਦੀ 20 ਏਕੜ ਜ਼ਮੀਨ ਐਕਵਾਇਰ ਕੀਤੀ ਹੋਈ ਹੈ ਅਤੇ ਉਸ ਜ਼ਮੀਨ ਤੇ ਪੰਚਾਇਤ ਨੂੰ ਕੋਈ ਠੇਕਾ ਨਹੀਂ ਦਿੱਤਾ ਗਿਆ ਅਤੇ ਨਾ ਹੀ ਉਹ ਜ਼ਮੀਨ ਕਿਸੇ ਪਰਪਜ਼ ਲਈ ਯੂਜ਼ ਕੀਤੀ ਗਈ ਹੈ। ਹੁਣ ਉਸ ਜ਼ਮੀਨ ਤੇ 25 ਕਰੋੜ ਰੁਪਿਆ ਲਗਾ ਕੇ ਬਿਲਡਿੰਗ ਤਿਆਰ ਕੀਤੀ ਗਈ ਹੈ। ਹੁਣ ਬਿਲਡਿੰਗ ਤਿਆਰ ਹੈ। ਮੰਤਰੀ ਜੀ ਨੇ ਆਸ਼ਵਾਸ਼ਨ ਦਿਵਾਇਆ ਹੈ ਕਿ ਇਸ ਬਿਲਡਿੰਗ ਵਿਚ ਛੇਤੀ ਹੀ ਕਲਾਸਾਂ ਸ਼ੁਰੂ ਕਰਵਾਈਆਂ ਜਾਣਗੀਆਂ ਪਰ ਮੈਂ ਮੰਤਰੀ ਜੀ ਨੂੰ ਇਹ ਵੀ

ਬੇਨਤੀ ਕਰਾਂਗਾ ਕਿ ਇਸ ਦੀ ਇਨਕੁਆਰੀ ਵੀ ਕਰਵਾਈ ਜਾਵੇ ਕਿ ਜਦੋਂ ਬਿਲਡਿੰਗ ਤਿਆਰ ਸੀ ਤਾਂ ਇਸ ਵਿਚ ਕਲਾਸਾਂ ਕਿਉਂ ਸ਼ੁਰੂ ਨਹੀਂ ਕੀਤੀਆਂ ਗਈਆਂ। ਪਿਛਲੀ ਸਰਕਾਰ ਦੀ ਨਲਾਇਕੀ ਕਰਕੇ ਇਹ ਨੁਕਸਾਨ ਹੋਇਆ ਹੈ।

**ਮਾਨਯੋਗ ਸਪੀਕਰ :** ਤੁਸੀਂ ਸਵਾਲ ਪੁੱਛੋ ਜੀ।

**ਸਰਦਾਰ ਨਵਤੇਜ ਸਿੰਘ ਚੀਮਾ :** ਮੈਂ ਮੰਤਰੀ ਜੀ ਨੂੰ ਇਹੀ ਬੇਨਤੀ ਕਰਦਾ ਹਾਂ ਕਿ ਇਸ ਨੂੰ ਟਾਈਮ ਬਾਊਂਡ ਕਰ ਦੇਣ ਕਿ ਕਦੋਂ ਤੱਕ ਕਲਾਸਾਂ ਸ਼ੁਰੂ ਹੋ ਜਾਣਗੀਆਂ ਅਤੇ ਇਹ ਕਲਾਸਾਂ ਹੁਣ ਤੱਕ ਸ਼ੁਰੂ ਨਾ ਹੋਣ ਦੇ ਕੀ ਕਾਰਨ ਹਨ?

**ਮਾਨਯੋਗ ਸਪੀਕਰ :** ਚੰਨੀ ਜੀ, ਨਵੀਂ ਬਿਲਡਿੰਗ ਵਿਚ ਕਲਾਸਾਂ ਕਿਉਂ ਨਹੀਂ ਸ਼ੁਰੂ ਹੋਈਆਂ?

**ਮੰਤਰੀ :** ਸਪੀਕਰ ਸਾਹਿਬ, ਇਹ ਸੁਲਤਾਨਪੁਰ ਲੋਧੀ ਦੇ ਪਿੰਡ ਜੱਬੋਵਾਲ ਦੀ ਜਗ੍ਹਾ ਹੈ, ਜਿਸ ਵਿਚ ਪਾਲੀਟੈਕਨਿਕ ਕਾਲਜ ਖੁੱਲ੍ਹਣਾ ਹੈ। ਇਹ ਜ਼ਮੀਨ ਪਿੰਡ ਦੀ ਪੰਚਾਇਤ ਵੱਲੋਂ ਦਾਨ ਕੀਤੀ ਗਈ ਸੀ। ਇਹ ਜ਼ਮੀਨ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ ਨਾਲ ਤਕਨੀਕੀ ਕਾਲਜ ਚਲਾਉਣ ਲਈ ਮਿਤੀ 8.05.2007 ਨੂੰ ਗੁਰੂ ਤੇਗ ਬਹਾਦਰ ਚੈਰੀਟੈਬਲ ਹੈਲਥ ਐਂਡ ਐਜੂਕੇਸ਼ਨਲ ਸੁਸਾਇਟੀ, ਸ਼੍ਰੀ ਆਨੰਦਪੁਰ ਸਾਹਿਬ ਨੂੰ ਦਿੱਤੀ ਗਈ ਸੀ ਪ੍ਰੰਤੂ ਸੁਸਾਇਟੀ ਵਲੋਂ ਬਹੁ ਤਕਨੀਕੀ ਕਾਲਜ ਬਣਾਉਣ ਦੇ ਕੋਈ ਉਪਰਾਲੇ ਨਹੀਂ ਕੀਤੇ ਗਏ, ਜਿਸ ਕਾਰਨ ਸੁਸਾਇਟੀ ਤੋਂ 01.06.2009 ਨੂੰ ਇਹ ਜ਼ਮੀਨ ਵਾਪਸ ਲੈ ਲਈ ਗਈ ਸੀ। ਫਿਰ ਸਰਕਾਰ ਨੇ ਅਜਿਹੀਆਂ 6 ਬਿਲਡਿੰਗਾਂ ਨੂੰ ਪੀ.ਆਈ.ਟੀ. ਡਿਕਲੇਅਰ ਕਰ ਦਿੱਤਾ ਕਿ ਅਸੀਂ ਉਥੇ ਪੀ.ਆਈ.ਟੀ. ਬਣਾਵਾਂਗੇ ਪਰ ਸਪੀਕਰ ਸਾਹਿਬ, ਇਕੱਲੀ ਇਸੇ ਬਿਲਡਿੰਗ ਦੀ ਗੱਲ ਨਹੀਂ ਹੈ। ਅਜਿਹੇ ਕੰਮਾਂ ਵਾਸਤੇ ਕੇਂਦਰ ਸਰਕਾਰ ਦਾ ਪੈਸਾ ਆਉਂਦਾ ਸੀ ਪਰ ਪਿਛਲੀ ਪੰਜਾਬ ਸਰਕਾਰ ਨੇ ਆਪਣੇ ਹਿੱਸੇ ਦੇ ਪੈਸੇ ਨਹੀਂ ਪਾਏ। ਇਥੋਂ ਤੱਕ ਕਿ ਆਦਮਪੁਰ ਵਾਲੀ ਬਿਲਡਿੰਗ ਵਿਚ ਪਿਛਲੀ ਸਰਕਾਰ ਨੇ ਕੇਂਦਰ ਸਰਕਾਰ ਵਲੋਂ ਆਇਆ ਪੈਸਾ ਵੀ ਨਹੀਂ ਦਿੱਤਾ। ਪਿਛਲੇ ਸਮੇਂ ਵਿਚ ਪੰਜਾਬ ਵਿਚ ਐਜੂਕੇਸ਼ਨ ਸਿਸਟਮ ਨਾਲ ਖਿਲਵਾੜ ਹੋਇਆ ਹੈ। ਪੰਜਾਬ ਦੀ ਐਜੂਕੇਸ਼ਨ ਦਾ ਮਿਆਰ ਪਿਛਲੀ ਸਰਕਾਰ ਨੇ ਗੇਰ ਦਿੱਤਾ ਹੈ।

**Mr. Speaker :** Please be brief.

**ਮੰਤਰੀ :** ਮੈਂ ਮੈਂਬਰ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਥੇ ਬਿਲਡਿੰਗ ਬਣ ਚੁੱਕੀ ਹੈ। ਮੈਂ ਆਪ ਉਥੇ ਆਵਾਂਗਾ। ਇਸ ਬਿਲਡਿੰਗ ਵਿਚ ਕੋਈ ਸਕਿੱਲ ਡਿਵੈਲਪਮੈਂਟ ਜਾਂ ਕੋਈ ਪਾਲੀਟੈਕਨਿਕ ਕਾਲਜ ਖੋਲ੍ਹਣ ਦਾ ਸਾਡਾ ਵਿਚਾਰ ਹੈ। ਅਸੀਂ ਸੀਰੀਅਸਲੀ ਇਸ ਨੂੰ ਕੰਸਿਡਰ ਕਰ ਰਹੇ ਹਾਂ ਅਤੇ ਬੜੀ ਛੇਤੀ ਉਥੇ ਕੋਈ ਵਿੱਦਿਅਕ ਅਦਾਰਾ ਬਣਾਵਾਂਗੇ। ਇਹ

[ ਤਕਨੀਕੀ ਸਿੱਖਿਆ ਮੰਤਰੀ ]

ਸਾਡੇ ਬਹੁਤ ਹੀ ਹੋਣਹਾਰ ਮੈਂਬਰ ਹਨ। ਐਜੂਕੇਸ਼ਨ ਖੇਤਰ ਵਿਚ ਇਹ ਕੁਝ ਕਰਨਾ ਚਾਹੁੰਦੇ ਹਨ। ਇਹ ਮੈਨੂੰ ਪਹਿਲਾਂ ਵੀ ਕਈ ਵਾਰ ਇਸ ਮੁੱਦੇ ਤੇ ਮਿਲੇ ਹਨ। ਮੈਂ ਇਨ੍ਹਾਂ ਦੀ ਬੇਨਤੀ ਤੇ ਜ਼ਰੂਰ ਕੁਝ ਕਰਾਂਗਾ।

(ਇਸ ਸਮੇਂ ਵੀ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿਚ ਸਰਕਾਰ ਵਿਰੋਧੀ ** **ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ।ਇਸ ਸਮੇਂ ਸਦਨ ਵਿਚ ਬਹੁਤ ਸ਼ੋਰ ਸੀ।)

-----

## ਹਲਕਾ ਗਿੱਲ ਦੇ ਵੱਖ ਵੱਖ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ

***361. ਸਰਦਾਰ ਕੁਲਦੀਪ ਸਿੰਘ ਵੈਦ (ਬੁਲਾਰਾ) :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿਧਾਨ ਸਭਾ ਹਲਕਾ ਗਿੱਲ ਦੇ ਵੱਖ ਵੱਖ ਪ੍ਰਾਇਮਰੀ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਕਿੰਨੀਆਂ ਕਿੰਨੀਆਂ ਅਸਾਮੀਆਂ ਖਾਲੀ ਪਈਆਂ ਹਨ ਅਤੇ ਇਹ ਆਸਾਮੀਆਂ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ?

**ਸ਼੍ਰੀਮਤੀ ਅਰੁਨਾ ਚੌਧਰੀ :** ਵਿਧਾਨ ਸਭਾ ਹਲਕਾ ਗਿੱਲ ਵਿੱਚ ਪੈਂਦੇ ਪ੍ਰਾਇਮਰੀ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਦੀ ਗਿਣਤੀ 30 ਹੈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਦੀ ਗਿਣਤੀ 39 ਹੈ। ਇਨ੍ਹਾਂ ਖਾਲੀ ਪਈਆਂ ਅਸਾਮੀਆਂ ਨੂੰ ਬਦਲੀਆਂ, ਰੈਸ਼ਨੇਲਾਈਜ਼ੇਸ਼ਨ ਅਤੇ ਤਰੱਕੀਆਂ ਰਾਹੀਂ ਭਰਨ ਦੇ ਉਪਰਾਲੇ ਕੀਤੇ ਜਾਣਗੇ।

**ਸਰਦਾਰ ਕੁਲਦੀਪ ਸਿੰਘ ਵੈਦ (ਬੁਲਾਰਾ) :** ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਐਜੂਕੇਸ਼ਨ ਵਿਭਾਗ ਇਕ ਬਹੁਤ ਮਹੱਤਵਪੂਰਨ ਵਿਭਾਗ ਹੈ ਅਤੇ ਮੇਰੀ ਇਹੀ ਬੇਨਤੀ ਹੈ ਕਿ ਇਨ੍ਹਾਂ ਅਸਾਮੀਆਂ ਨੂੰ ਜਿੰਨੀ ਜਲਦੀ ਹੋ ਸਕੇ ਭਰਿਆ ਜਾਵੇ।

**ਰਾਜ ਮੰਤਰੀ :** ਸਪੀਕਰ ਸਾਹਿਬ, ਐਜੂਕੇਸ਼ਨ ਅਤੇ ਹੈਲਥ ਦੇ ਖੇਤਰ ਸਾਡੇ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਜੀ ਦੀ ਟਾਪ ਪਰਾਇਰਟੀ ਤੇ ਹਨ। ਇਸ ਵਾਸਤੇ ਸਰਕਾਰ ਬਹੁਤ ਗੰਭੀਰ ਹੈ। ਐਜੂਕੇਸ਼ਨ ਵਿੱਚ ਖਾਸ ਤੌਰ ਤੇ ਇਸ ਗੱਲ ਨੂੰ ਬੜਾ ਹੀ ਅਹਿਮ ਲਿਆ ਗਿਆ ਹੈ ਕਿਉਂਕਿ ਸਭ ਤੋਂ ਪਹਿਲਾਂ ਉਨ੍ਹਾਂ ਨੇ ਮੀਟਿੰਗ ਹੀ ਐਜੂਕੇਸ਼ਨ ਡਿਪਾਰਟਮੈਂਟ ਨਾਲ ਕੀਤੀ ਸੀ। ਮੈਂ ਮੈਂਬਰ ਸਾਹਿਬਾਨ ਨੂੰ ਯਕੀਨ ਦਿਵਾਉਂਦੀ ਹਾਂ ਕਿ ਬਹੁਤ ਜਲਦੀ ਇਹ ਅਸਾਮੀਆਂ ਭਰੀਆਂ ਜਾਣਗੀਆਂ।

**ਮਾਨਯੋਗ ਸਪੀਕਰ :** ਧੰਨਵਾਦ।

** Not recorded as ordered by the Chair.

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਜਿਵੇਂ ਕਿ ਸਰਦਾਰ ਕੁਲਦੀਪ ਸਿੰਘ ਜੀ ਨੇ ਸਵਾਲ ਕੀਤਾ ਹੈ, ਮੇਰਾ ਖਿਆਲ ਹੈ ਪਿਛਲੀ ਸਰਕਾਰ ਦੀਆਂ ਅਣਗਹਿਲੀਆਂ ਕਾਰਨ ਜਾਂ ਕਹਿ ਲਓ ਕਿ ਕਿਤੇ ਨਾ ਕਿਤੇ ਸਰਕਾਰ ਤੋਂ ਕੁਤਾਹੀ ਹੋਈ ਸੀ, ਜਿਸ ਕਰਕੇ ਪੰਜਾਬ ਦੇ ਦਸਵੀਂ ਤੇ ਬਾਰ੍ਹਵੀਂ ਦੇ ਨਤੀਜਿਆਂ ਤੇ ਬਹੁਤ ਅਸਰ ਪਿਆ ਹੈ। ਆਪਾਂ ਅਖਬਾਰਾਂ ਦੇ ਵਿੱਚ ਵੀ ਪੜ੍ਹਿਆ ਹੈ। ਮੇਰੀ ਤੁਹਾਡੇ ਮਾਧਿਅਮ ਦੇ ਜ਼ਰੀਏ ਗੁਜ਼ਾਰਿਸ਼ ਹੈ ਕਿ ਘੱਟੋ ਘੱਟ 10ਵੀਂ ਤੇ 12ਵੀਂ ਨੂੰ ਜਿਹੜੇ ਟੀਚਰ ਪੜ੍ਹਾਉਂਦੇ ਹਨ, ਉਨ੍ਹਾਂ ਟੀਚਰਾਂ ਦੀ ਬਹੁਤ ਘਾਟ ਹੈ, ਜਿਸ ਦੇ ਕਾਰਨ 10ਵੀਂ ਤੇ 12ਵੀਂ ਦੀ ਪੜ੍ਹਾਈ ਤੇ ਬੜਾ ਅਸਰ ਪੈਂਦਾ ਹੈ। ਆਪਾਂ ਉਨ੍ਹਾਂ ਦੇ ਕਈ ਤਰ੍ਹਾਂ ਦੇ ਫੰਡ ਕੱਟਦੇ ਹਾਂ। ਘੱਟੋ ਘੱਟ ਜਿਹੜੇ ਕੰਟਰੈਕਚੁਅਲ ਬੇਸ ਤੇ ਟੀਚਰ ਰੱਖੇ ਜਾਂਦੇ ਹਨ, ਜਿਹੜੇ ਫੰਡ ਕੱਟੇ ਜਾਂਦੇ ਹਨ, ਉਸ ਦੇ ਅਧੀਨ ਕੋਈ ਪਾਲਿਸੀ ਬਣਾਈ ਜਾਵੇ ਤਾਂ ਜੋ ਬੱਚਿਆਂ ਦੀ ਪੜ੍ਹਾਈ ਤੇ ਅਸਰ ਨਾ ਪਵੇ। ਮੰਤਰੀ ਜੀ ਇਸ ਬਾਰੇ ਕਿਰਪਾ ਕਰਕੇ ਵਿਚਾਰ ਕਰ ਲੈਣ ਅਤੇ ਪਾਲਿਸੀ ਨੂੰ ਅਡਾਪਟ ਕਰ ਲੈਣ ਤਾਂ ਕਿ ਬੱਚਿਆਂ ਦੀ ਪੜ੍ਹਾਈ ਲਿਖਾਈ ਅੱਛੀ ਹੋ ਸਕੇ।

**ਰਾਜ ਮੰਤਰੀ :** ਮੈਂ ਮਾਨਯੋਗ ਸਪੀਕਰ ਸਾਹਿਬ ਰਾਹੀਂ ਇਹੀ ਕਹਿਣਾ ਚਾਹਾਂਗੀ, ਜਿਵੇਂ ਕਿ ਕੱਲ੍ਹ ਵੀ ਕੈਪਟਨ ਸਾਹਿਬ ਨੇ ਦੱਸਿਆ ਹੈ ਕਿ ਪੰਜਾਬ ਦੇ ਵਿੱਚ ਫਾਇਨਾਂਸ਼ੀਅਲ ਕੰਸਟ੍ਰੇਂਟ ਹੈ ਅਤੇ ਇੰਨੀ ਜਲਦੀ ਕੰਟ੍ਰੈਕਟ ਤੇ ਆਸਾਮੀਆਂ ਭਰੀਆਂ ਨਹੀਂ ਜਾ ਸਕਦੀਆਂ ਲੇਕਿਨ ਜਦੋਂ ਵੀ ਹਾਲਾਤ ਠੀਕ ਹੋਣਗੇ, ਅਸੀਂ ਇਨ੍ਹਾਂ ਨੂੰ ਜਲਦੀ ਹੀ ਭਰਾਂਗੇ। ਬਹੁਤ ਬਹੁਤ ਧੰਨਵਾਦ।

**ਮਾਨਯੋਗ ਸਪੀਕਰ :** ਧੰਨਵਾਦ ਜੀ।

> (ਇਸ ਵੇਲੇ ਆਮ ਆਦਮੀ ਪਾਰਟੀ ਦੇ ਮੈਂਬਰ ਸਾਹਿਬਾਨ ਹਾਊਸ ਵਿੱਚ ਆ ਕੇ ਆਪਣੀਆਂ ਆਪਣੀਆਂ ਸੀਟਾਂ ਤੇ ਬੈਠ ਗਏ ਅਤੇ ਸਰਦਾਰ ਬਲਵਿੰਦਰ ਸਿੰਘ ਬੈਂਸ, ਲੋਕ ਇਨਸਾਫ ਪਾਰਟੀ ਦੇ ਮੈਂਬਰ ਆਪਣੀ ਸੀਟ ਦੇ ਨਾਲ ਥੱਲੇ ਧਰਨੇ ਤੇ ਬੈਠ ਗਏ।)

-----

### ਗੜ੍ਹਸ਼ੰਕਰ ਤੋਂ ਸ਼੍ਰੀ ਅਨੰਦਪੁਰ ਸਾਹਿਬ ਸੜਕ ਦੀ ਮੁਰੰਮਤ

*335. **ਸਰਦਾਰ ਸੰਗਤ ਸਿੰਘ ਗਿਲਜੀਆਂ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਗੜ੍ਹਸ਼ੰਕਰ ਤੋਂ ਸ਼੍ਰੀ ਅਨੰਦਪੁਰ ਸਾਹਿਬ ਦੀ ਸੜਕ ਖਸਤਾ ਹਾਲਤ ਵਿੱਚ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੀ ਮੁਰੰਮਤ ਕਦੋਂ ਤੱਕ ਕਰਵਾਏ ਜਾਣ ਦੀ ਸੰਭਾਵਨਾ ਹੈ?

**ਸ਼੍ਰੀਮਤੀ ਰਜ਼ੀਆ ਸੁਲਤਾਨਾ :** ਸ਼੍ਰੀਮਾਨ ਜੀ, ਗੜ੍ਹਸ਼ੰਕਰ ਤੋਂ ਸ਼੍ਰੀ ਅਨੰਦਪੁਰ ਸਾਹਿਬ ਸੜਕ ਦੀ ਕੁੱਲ ਲੰਬਾਈ 39.17 ਕਿਲੋਮੀਟਰ ਹੈ ਜਿਸ ਵਿੱਚੋਂ 22.40 ਕਿਲੋਮੀਟਰ ਦੀ ਹਾਲਤ ਤਸੱਲੀਬਖਸ਼ ਹੈ, ਬਾਕੀ ਰਹਿੰਦੀ 16.77 ਕਿਲੋਮੀਟਰ ਦੀ ਸੜਕ ਉਪਰ ਰਿਪੇਅਰ ਦੀ ਜ਼ਰੂਰਤ ਹੈ।ਹੁਣ ਇਹ ਸੜਕ ਭਾਰਤ ਸਰਕਾਰ ਵੱਲੋਂ ਸਿਧਾਂਤਕ ਤੌਰ ਤੇ ਰਾਸ਼ਟਰੀ ਮਾਰਗ ਘੋਸ਼ਿਤ ਕੀਤੇ ਜਾਣ ਕਰਕੇ ਇਸ ਸੜਕ ਦੀ ਅਪਗਰੇਡੇਸ਼ਨ ਕਰਨ ਦੀ ਡਿਟੇਲਡ ਪ੍ਰੋਜੈਕਟ ਰਿਪੋਰਟ ਮਨਿਸਟਰੀ ਆਫ ਰੋਡ ਟਰਾਂਸਪੋਰਟ ਹਾਈਵੇਜ਼ ਨੂੰ ਭੇਜੀ ਜਾ ਰਹੀ ਹੈ। ਇਸ ਦੀ ਪ੍ਰਵਾਨਗੀ ਹੋਣ ਉਪਰੰਤ ਇਹ ਕੰਮ ਵਿੱਤੀ ਵਰ੍ਹੇ 2017-18 ਵਿੱਚ ਸ਼ੁਰੂ ਹੋਣ ਦੀ ਸੰਭਾਵਨਾ ਹੈ।

**ਸਰਦਾਰ ਸੰਗਤ ਸਿੰਘ ਗਿਲਜੀਆਂ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ 10 ਸਾਲਾਂ ਤੋਂ ਇਹ ਜਿਹੜੀ ਸੜਕ ਹੈ, ਉਹ ਸਾਰੀ ਟੁੱਟੀ ਪਈ ਹੈ। ਮੇਰਾ ਖਿਆਲ ਹੈ ਪੰਜਾਬ ਦੇ ਜਿੰਨੇ ਵੀ ਸ਼ਰਧਾਲੂ ਸ਼੍ਰੀ ਆਨੰਦਪੁਰ ਸਾਹਿਬ ਵਿਖੇ ਦਰਸ਼ਨ ਨੂੰ ਜਾਂਦੇ ਹਨ, ਉਨ੍ਹਾਂ ਸਭ ਨੂੰ ਬੜੀ ਦਿੱਕਤ ਪੇਸ਼ ਆਉਂਦੀ ਹੈ। ਇਨ੍ਹਾਂ 10 ਸਾਲਾਂ ਦੇ ਵਿੱਚ ਇਸ ਸੜਕ ਦੀ ਰਿਪੇਅਰ ਤੱਕ ਨਹੀਂ ਹੋਈ। ਮੈਂ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਸ ਨੂੰ ਟਾਈਮ ਬਾਊਂਡ ਕਰਕੇ ਇਸ ਸੜਕ ਦੀ ਜਲਦੀ ਤੋਂ ਜਲਦੀ ਰਿਪੇਅਰ ਕਰਵਾਈ ਜਾਵੇ।

**ਮਾਨਯੋਗ ਸਪੀਕਰ :** ਹਾਂ ਜੀ ਰਜ਼ੀਆ ਜੀ, ਇਨ੍ਹਾਂ ਦਾ ਕਹਿਣਾ ਹੈ ਕਿ ਟਾਈਮ ਬਾਊਂਡ ਕੀਤਾ ਜਾਵੇ। ਦੱਸੋ ਜੀ।

**ਰਾਜ ਮੰਤਰੀ :** ਸਪੀਕਰ ਸਾਹਿਬ, ਜਦੋਂ ਵੀ ਫੰਡ ਆਉਂਦੇ ਹਨ ਤਾਂ ਅਸੀਂ ਪਹਿਲ ਦੇ ਆਧਾਰ ਤੇ ਇਸ ਸੜਕ ਨੂੰ ਬਣਵਾਉਣ ਦਾ ਵਾਅਦਾ ਕਰਦੇ ਹਾਂ। ਉਥੇ ਮਾਈਨਿੰਗ ਹੋਣ ਦੀ ਵਜ੍ਹਾ ਨਾਲ ਸੜਕ ਬਾਰ ਬਾਰ ਟੁੱਟੀ ਜਾਂਦੀ ਹੈ।

**ਮਾਨਯੋਗ ਸਪੀਕਰ :** ਧੰਨਵਾਦ ਜੀ।

-----

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਚੇਅਰ ਦੀ ਸ਼ਾਨ ਦੇ ਖਿਲਾਫ ****ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਇਸ ਸਮੇਂ ਸਦਨ ਵਿੱਚ ਕਾਫੀ ਸ਼ੋਰ ਸੀ)

-----

** Not recorded as ordered by the Chair.

## ਸਬ-ਡਵੀਜ਼ਨ ਅਹਿਮਦਗੜ੍ਹ ਦੇ ਦਫਤਰਾਂ ਲਈ ਨਵੀਂ ਇਮਾਰਤ ਉਸਾਰਨਾ

*286. **ਸਰਦਾਰ ਸੁਰਜੀਤ ਸਿੰਘ ਧੀਮਾਨ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਬ-ਡਵੀਜ਼ਨ ਅਹਿਮਦਗੜ੍ਹ ਦੇ ਦਫ਼ਤਰਾਂ ਲਈ ਕੋਈ ਆਪਣੀ ਇਮਾਰਤ ਨਹੀਂ ਹੈ; ਜੇਕਰ ਅਜਿਹਾ ਹੋਵੇ ਤਾਂ ਨਵੀਂ ਇਮਾਰਤ ਉਸਾਰਨ ਲਈ ਸਰਕਾਰ ਦੀ ਕੋਈ ਤਜਵੀਜ਼ ਹੈ?

**ਕੈਪਟਨ ਅਮਰਿੰਦਰ ਸਿੰਘ :** ਹਾਂ ਜੀ। ਸਬ ਡਵੀਜ਼ਨ, ਅਹਿਮਦਗੜ੍ਹ ਦੇ ਦਫਤਰ ਲਈ ਕੋਈ ਸਰਕਾਰੀ ਇਮਾਰਤ ਉਪਲਬਧ ਨਹੀਂ ਹੈ। ਮਾਲ ਵਿਭਾਗ ਵੱਲੋਂ ਲੋੜੀਂਦੀ ਥਾਂ ਦੀ ਸ਼ਨਾਖਤ ਕੀਤੀ ਜਾ ਰਹੀ ਹੈ ਅਤੇ ਉਸ ਉਪਰੰਤ ਸਬ-ਡਵੀਜ਼ਨ ਦਫਤਰ ਦੀ ਉਸਾਰੀ ਕਰਨ ਦੀ ਤਜਵੀਜ਼ ਤੇ ਫੈਸਲਾ ਲਿਆ ਜਾਵੇਗਾ।

ਸਪੀਕਰ ਸਾਹਿਬ, ਇਥੇ ਇਸ ਵੇਲੇ ਅਹਿਮਦਗੜ੍ਹ ਦੇ ਵਿੱਚ ਸਬ-ਡਵੀਜ਼ਨ ਆਫਿਸ ਨਹੀਂ ਹੈ। ਰੈਵੈਨਿਊ ਮਹਿਕਮਾ ਜ਼ਮੀਨ ਭਾਲ ਰਿਹਾ ਹੈ ਜਿਸ ਦੇ ਵਿੱਚ ਇੱਕ ਨਵੀਂ ਬਿਲਡਿੰਗ ਬਣਾਈ ਜਾਵੇ। ਐਤਕੀਂ, ਟੈਂਪਰੇਰੀ ਤੌਰ ਤੇ ਵੂਮੈਨ ਕਾਲਜ ਦੇ ਵਿੱਚ ਜਗ੍ਹਾ ਲੈ ਕੇ ਉਥੇ ਕੰਮ ਕਰਾਂਗੇ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਮੁੱਖ ਮੰਤਰੀ ਸਾਹਿਬ ਦੇ ਬੋਲਣ ਸਮੇਂ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** **ਨਾਅਰੇ ਲਗਾਉਣ ਲੱਗ ਪਏ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਸਰਦਾਰ ਸੁਰਜੀਤ ਸਿੰਘ ਧੀਮਾਨ :** ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤਾਂ ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਨੇ ਇਸ ਬਾਰੇ ਹਾਂ-ਪੱਖੀ ਹੁੰਗਾਰਾ ਭਰਿਆ ਹੈ ਪਰ ਨਾਲ ਹੀ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਮਾਨਯੋਗ ਮੁੱਖ ਮੰਤਰੀ ਜੀ ਟਾਈਮ ਬਾਊਂਡ ਕਰਕੇ ਦੱਸ ਸਕਦੇ ਹਨ ਕਿ ਕਦੋਂ ਤੱਕ ਇਹ ਬਿਲਡਿੰਗ ਤਿਆਰ ਹੋ ਜਾਵੇਗੀ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਅਸੀਂ ਜ਼ਮੀਨ ਚੰਗੀ ਤਰ੍ਹਾਂ ਭਾਲਾਂਗੇ। ਅਸੀਂ ਕੋਈ ਘਪਲਾ ਨਹੀਂ ਹੋਣ ਦੇਣਾ। And it will be befitting a Sub-division office.

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ** **ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਇਸ ਸਮੇਂ ਸਦਨ ਵਿੱਚ ਬਹੁਤ ਸ਼ੋਰ ਸੀ)

**ਮਾਨਯੋਗ ਸਪੀਕਰ :** **ਨਾਅਰੇ ਰਿਕਾਰਡ ਨਾ ਕੀਤੇ ਜਾਣ।

-----

** Not recorded as ordered by the Chair.

## ਹਸਪਤਾਲਾਂ ਵਿੱਚ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ ਦੀਆਂ ਅਸਾਮੀਆਂ ਨੂੰ ਭਰਨਾ

***206. ਸਰਦਾਰ ਕੁਲਬੀਰ ਸਿੰਘ ਜ਼ੀਰਾ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿਧਾਨ ਸਭਾ ਹਲਕਾ ਜ਼ੀਰਾ ਵਿੱਚ ਵੱਖ ਵੱਖ ਸਿਵਲ ਹਸਪਤਾਲਾਂ ਅਤੇ ਡਿਸਪੈਂਸਰੀਆਂ ਵਿੱਚ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ ਦੀਆਂ ਕਿੰਨੀਆਂ-ਕਿੰਨੀਆਂ ਅਸਾਮੀਆਂ ਖਾਲੀ ਪਈਆਂ ਹਨ ਅਤੇ ਇਹ ਅਸਾਮੀਆਂ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ?

**Shri Brahm Mohindra :** Sir, at Civil Hospital, Zira, Distt. Ferozepur there are 51 sanctioned posts of doctors and Para Medical Staff, out of which 44 posts are filled and 07 posts are vacant. Detailed information is placed at (Annexure-A). At Civil Hospital, Kasoana, Ferozepur there are 112 sanctioned posts of doctors and Para Medical Staff, out of which 79 posts are filled and 33 posts are vacant. Detailed information is placed at (Annexure-B). At CHC, Makhu, District Ferozepur, there are 19 sanctioned posts of doctors and Para Medical Staff, out of which 17 posts are filled and 02 posts are vacant. Detailed information is placed at (Annexure-C). Continuous efforts are being made by the Government to fill up the vacant posts of doctors.

**Annexure-'A'**

The category wise detail of sanctioned, filled and vacant posts of Doctors and Para Medical Staff at Civil Hospital, Zira, District Ferozepur is as under :-

| Sr. No. | Name of Institution | Name of post | Sanctioned | Filled | Vacant |
|---|---|---|---|---|---|
| 1. | Civil Hospital, Zira | Senior Medical Officer | 01 | 01 | 00 |
| | | Medical Officer (Dental) | 01 | 01 | 00 |

| | | | | |
|---|---|---|---|---|
| Medical Officer (Spl.) | Medicine | 01 | 01 | 00 |
| | Surgery | 01 | 01 | 00 |
| | Gynae | 01 | 01 | 00 |
| | Paed. | 01 | 00 | 01 |
| | Ortho | 01 | 01 | 00 |
| | Anes. | 01 | 00 | 01 |
| | Pathology | 01 | 00 | 01 |
| | Ophthal. | 01 | 01 | 00 |
| | Radiology | 01 | 01 | 00 |
| Medical officer (Gen.) | | 07 | 06 | 01 |
| Medical officer (Dental) | | 01 | 01 | 00 |
| Ophthalmic Officer | | 01 | 00 | 01 |
| Radiographer | | 03 | 02 | 01 |
| MLT Grade-1 | | 02 | 02 | 00 |
| MLT Grade-2 | | 02 | 02 | 00 |
| Nursing Sister | | 01 | 01 | 00 |
| Staff Nurse | | 15 | 15 | 00 |
| Pharmacist | | 03 | 03 | 00 |
| Chief Pharmacist | | 01 | 00 | 01 |
| MPHW (Female) | | 01 | 01 | 00 |
| MPHW (M) | | 03 | 03 | 00 |
| **Total** | | **51** | **44** | **07** |

[ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ]

**Annexure-'B'**

The category wise detail of sanctioned, filled and vacant posts of Doctors and Para Medical Staff at Civil Hospital, Kasoana, District Ferozepur is as under :-

| Sr. No. | Name of Institution | Name of post | Sanctioned | Filled | Vacant |
|---|---|---|---|---|---|
| 1. | P.H.C. Kasoana | Senior Medical Officer | 01 | 01 | 00 |
| | | Medical Officer (Dental) | 01 | 00 | 01 |
| | | Medical Officer | 03 | 03 | 00 |
| | | Opthalmic Officer | 01 | 01 | 00 |
| | | Radiographer | 01 | 00 | 01 |
| | | MLT Grade-1 | 02 | 01 | 01 |
| | | MLT Grade-2 | 05 | 05 | 00 |
| | | Nursing Sister | 01 | 01 | 00 |
| | | Staff Nurse | 01 | 01 | 00 |
| | | Pharmacist | 08 | 08 | 00 |
| | | Chief Pharmacist | 05 | 05 | 00 |
| | | MPS (Male) | 06 | 06 | 00 |
| | | MPS (Female) | 06 | 06 | 00 |
| | | MPHW (Male) | 34 | 07 | 27 |
| | | MPHW (Female) | 34 | 31 | 03 |
| 2. | MPHC Mallanwala | Medical officer | 01 | 01 | 00 |
| 3. | MPHC | Medical officer | 01 | 01 | 00 |

| | | | | | |
|---|---|---|---|---|---|
| | Khosa dal | | | | |
| 4. | MPHC Wakilan | Medical officer | 01 | 01 | 00 |
| | | **Total** | **112** | **79** | **33** |

**Annexure-'C'**

The category wise detail of sanctioned, filled and vacant posts of Doctors and Para Medical Staff at C.H.C. Makhu, District Ferozepur is as under:-

| Sr. No. | Name of Institution | Name of post | | Sanctioned | Filled | Vacant |
|---|---|---|---|---|---|---|
| 1. | C.H.C. Makhu | Senior Medical officer | | 01 | 01 | 00 |
| | | Medical officer (Spl.) | Medicine | 01 | 01 | 00 |
| | | | Surgery | 01 | 01 | 00 |
| | | | Gynae | 01 | 01 | 00 |
| | | | Paed. | 01 | 01 | 00 |
| | | Medical Officer (Dental) | | 01 | 01 | 00 |
| | | Medical Officer | | 02 | 02 | 00 |
| | | Ophthalmic Officer | | 01 | 01 | 00 |
| | | Radiographer | | 01 | 01 | 00 |
| | | MLT Grade-1 | | 01 | 01 | 00 |
| | | MLT Grade-2 | | 01 | 01 | 00 |
| | | Staff Nurse | | 05 | 03 | 02 |
| | | Pharmacist | | 02 | 02 | 00 |
| | | | **Total** | **19** | **17** | **02** |

**ਸਰਦਾਰ ਕੁਲਬੀਰ ਸਿੰਘ ਜ਼ੀਰਾ :** ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪਬਲਿਕ ਨੂੰ ਸਿਹਤ ਸਹੂਲਤਾਂ ਦੇਣੀਆਂ ਸਭ ਤੋਂ ਜ਼ਰੂਰੀ ਹਨ ਇਸ ਲਈ ਟਾਈਮ ਬਾਊਂਡ ਕੀਤਾ ਜਾਵੇ। ਇਹ ਦੱਸਿਆ ਜਾਵੇ ਕਿ ਕਿੰਨੇ ਟਾਈਮ ਤੱਕ ਇਹ ਅਸਾਮੀਆਂ ਭਰੀਆਂ ਜਾਣਗੀਆਂ ? (ਵਿਘਨ) (ਸ਼ੋਰ)

**ਮੰਤਰੀ :** ਸਪੀਕਰ ਸਾਹਿਬ, ਮੈਂ ਕੱਲ੍ਹ ਵੀ ਬੇਨਤੀ ਕੀਤੀ ਸੀ ਕਿ ਸਾਰੇ ਕੁਐਸਚਨ ਇਸ ਤਰ੍ਹਾਂ ਦੇ ਆਈਡੈਂਟੀਕਲ ਆਉਂਦੇ ਹਨ। ਸਤਿਕਾਰਯੋਗ ਮੁੱਖ ਮੰਤਰੀ ਜੀ ਨੇ ਵੀ ਇੰਟਰਵੀਨ ਕਰਕੇ, ਖੜ੍ਹੇ ਹੋ ਕੇ ਕਿਹਾ ਸੀ ਕਿ ਰਿਕਰੂਟਮੈਂਟ ਦਾ ਫੈਸਲਾ ਜਲਦੀ ਹੋ ਰਿਹਾ ਹੈ। ਮੈਂ ਮੈਂਬਰ ਸਾਹਿਬ ਨੂੰ ਐਸ਼ਿਉਰ ਕਰਨਾ ਚਾਹੁੰਦਾ ਹਾਂ ਕਿ ਜਲਦੀ ਹੀ ਅਸੀਂ ਇਹ ਪੋਸਟਾਂ ਫਿਲ ਅੱਪ ਕਰ ਦਿਆਂਗੇ।

**ਸਰਦਾਰ ਕੁਲਬੀਰ ਸਿੰਘ ਜ਼ੀਰਾ :** ਮੈਂ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ। (ਵਿਘਨ) (ਸ਼ੋਰ)

**ਸਰਦਾਰ ਹਰਪ੍ਰਤਾਪ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਾਡੇ ਅਜਨਾਲਾ ਵਿਖੇ ਸਿਵਲ ਹਸਪਤਾਲ ਵਿੱਚ ਪੋਸਟ ਮਾਰਟਮ ਦੀ ਫੈਸੀਲਿਟੀ ਜਾਰੀ ਹੋਈ ਸੀ। ਲੇਕਿਨ ਉਹ ਫੈਸੀਲਿਟੀ ਇਸ ਵੇਲੇ ਨਹੀਂ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਿਉਂ ਵਿਦਡਰਾਅ ਕੀਤੀ ਗਈ? (ਵਿਘਨ) (ਸ਼ੋਰ) ਕਿਉਂਕਿ ਬਾਰਡਰ ਦਾ ਇਲਾਕਾ ਹੈ। ਅੰਮ੍ਰਿਤਸਰ.....

**ਮਾਨਯੋਗ ਸਪੀਕਰ :** ਇਹ ਸੈਪਰੇਟ ਸਵਾਲ ਬਣਦਾ ਹੈ। (ਵਿਘਨ......ਸ਼ੋਰ) ਤੁਸੀਂ ਸੈਪਰੇਟ ਸਵਾਲ ਦਿਉ, ਇਸ ਨਾਲ ਤਾਅਲੁਕ ਨਹੀਂ ਬਣਦਾ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਤਿਕਾਰਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਭਰਤੀਆਂ ਤੁਸੀਂ ਕਰਨ ਜਾ ਰਹੇ ਹੋ, ਕੀ ਉਹ ਕੰਟਰੈਕਟ ਬੇਸ ਤੇ ਨਹੀਂ ਹੋਣਗੀਆਂ? ਉਹ ਰੈਗੂਲਰ ਹੋਣੀਆਂ ਚਾਹੀਦੀਆਂ ਹਨ। ਕੀ ਮੰਤਰੀ ਜੀ ਇਹ ਐਸ਼ੋਰੈਂਸ ਦਿੰਦੇ ਹਨ ? (ਵਿਘਨ) (ਸ਼ੋਰ)

**ਮੰਤਰੀ :** ਸਪੀਕਰ ਸਾਹਿਬ, ਸਤਿਕਾਰਯੋਗ ਮੈਂਬਰ ਸਾਹਿਬ ਨੇ ਬੜਾ ਅਹਿਮ ਸਵਾਲ ਕੀਤਾ ਹੈ। ਮੈਂ ਇਸ ਵਿੱਚ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਰਿਕਰੂਟਮੈਂਟ ਬਹੁਤ ਜ਼ਰੂਰੀ ਹੈ। ਜਿਸ ਵੇਲੇ ਅਸੀਂ ਰਿਕਰੂਟਮੈਂਟ ਸ਼ੁਰੂ ਕਰਾਂਗੇ, ਉਸ ਵੇਲੇ ਸਾਰੇ ਮੈਥੇਡ ਪ੍ਰਯੋਗ ਵਿੱਚ ਲਿਆਵਾਂਗੇ ਪਰ ਜਿਹੜੀ ਗੱਲ ਇਨ੍ਹਾਂ ਨੇ ਕਹੀ ਹੈ ਕਿ ਭਰਤੀ ਰੈਗੂਲਰ ਕਰਨੀ ਚਾਹੀਦੀ ਹੈ, ਮੇਰੀ ਕੋਸ਼ਿਸ਼ ਵੀ ਇਹੀ ਹੋਵੇਗੀ ਕਿ ਭਰਤੀ ਰੈਗੂਲਰ ਹੀ ਕਰੀਏ।(ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਨੈਕਸਟ ਸਵਾਲ, ਸਰਦਾਰ ਹਰਮਿੰਦਰ ਸਿੰਘ ਗਿੱਲ ਜੀ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦੀ ਹਾਊਸ ਵਿੱਚ ਖੜ੍ਹੇ ਹੋ ਕੇ ** **ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

-----

## ਹਰੀਕੇ ਨੂੰ ਸੈਰ ਸਪਾਟਾ ਕੇਂਦਰ ਵਜੋਂ ਵਿਕਸਿਤ ਕਰਨਾ

*333. **ਸਰਦਾਰ ਹਰਮਿੰਦਰ ਸਿੰਘ ਗਿੱਲ :** ਕੀ ਸੈਰ ਸਪਾਟਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਦੁਨੀਆਂ ਭਰ ਵਿੱਚ ਪ੍ਰਸਿੱਧ ਪੰਛੀ ਰੱਖ, ਹਰੀਕੇ ਨੂੰ ਸੈਰ ਸਪਾਟਾ ਕੇਂਦਰ ਦੇ ਤੌਰ ਤੇ ਵਿਕਸਿਤ ਕਰਨ ਲਈ ਸਰਕਾਰ ਕੋਈ ਕਦਮ ਉਠਾ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਵੇਰਵੇ ਹਨ?

**ਸਰਦਾਰ ਨਵਜੋਤ ਸਿੰਘ ਸਿੱਧੂ :** ਹਾਂ ਜੀ। ਸ਼੍ਰੀਮਾਨ ਜੀ, ਹਰੀਕੇ ਜੰਗਲੀ ਜੀਵ ਪਨਾਹਗਾਹ ਨੂੰ ਸੈਰ ਸਪਾਟਾ ਕੇਂਦਰ ਦੇ ਤੌਰ ਤੇ ਵਿਕਸਿਤ ਕੀਤੇ ਜਾਣ ਲਈ ਏਸ਼ੀਅਨ ਵਿਕਾਸ ਬੈਂਕ ਦੀ ਮਦਦ ਨਾਲ ਚਲਾਏ ਜਾ ਰਹੇ ਆਈ.ਡੀ.ਆਈ.ਪੀ.ਟੀ. ਪ੍ਰੋਗਰਾਮ ਦੀ ਟਰਾਂਚ 3 (Tranch-3) ਜੋ ਕਿ ਸਾਲ 2015 ਤੋਂ ਲਾਗੂ ਹੈ, ਦੇ ਤਹਿਤ ਈਕੋ ਟੂਰਿਜ਼ਮ ਵਿਕਾਸ ਦੇ ਕੰਮ ਕਰਵਾਏ ਜਾ ਰਹੇ ਹਨ। ਇਹ ਕੰਮ ਅਗਸਤ, 2015 ਵਿੱਚ ਸ਼ੁਰੂ ਕੀਤੇ ਗਏ ਸਨ ਅਤੇ ਹੁਣ ਤੱਕ ਕੇਵਲ 29% ਕੰਮ ਹੀ ਪੂਰੇ ਕੀਤੇ ਗਏ ਹਨ।

ਉਪਰੋਕਤ ਤੋਂ ਇਲਾਵਾ ਹਰੀਕੇ ਵਿਖੇ ਪਾਣੀ ਵਾਲੀ ਬੱਸ ਚਲਾਏ ਜਾਣ ਦਾ ਫੈਸਲਾ ਪੂਰਵਲੀ ਸਰਕਾਰ ਵੱਲੋਂ ਮਿਤੀ 12.8.2015 ਨੂੰ ਕੀਤਾ ਗਿਆ ਸੀ। ਇਸ ਪ੍ਰਾਜੈਕਟ ਲਈ ਫੰਡਜ਼ ਪੀ.ਆਈ.ਡੀ.ਬੀ ਵੱਲੋਂ ਸਾਲ 2016 ਵਿੱਚ ਮੁਹੱਈਆ ਕਰਵਾਏ ਗਏ ਸਨ। ਬੱਸ ਦੀ ਖਰੀਦ, ਰੈਂਪ ਦੀ ਉਸਾਰੀ, ਬੱਸ ਦਾ ਬੀਮਾ ਅਤੇ ਹੋਰ ਫੁਟਕਲ ਖਰਚਿਆਂ ਤੇ ਹੁਣ ਤੱਕ 8.62 ਕਰੋੜ ਰੁਪਏ ਖਰਚ ਕੀਤੇ ਗਏ ਹਨ। ਇਸ ਬੱਸ ਦਾ ਉਦਘਾਟਨ ਮਿਤੀ 12.12.2016 ਨੂੰ ਕੀਤਾ ਗਿਆ ਸੀ ਅਤੇ ਹੁਣ ਤੱਕ ਇਹ ਬੱਸ ਕੁੱਲ 10 ਦਿਨ ਹੀ ਚੱਲੀ ਹੈ ਜਿਸ ਤੋਂ ਸਰਕਾਰ ਲਈ ਕੇਵਲ 64,000 ਰੁਪਏ ਦੀ ਆਮਦਨ ਪੈਦਾ ਹੋਈ ਹੈ। (ਥੰਪਿੰਗ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਥਾਨਕ ਸਰਕਾਰ ਮੰਤਰੀ ਨੂੰ ਬੋਲਣ ਤੋਂ ਰੋਕਣ ਦੇ ਮਕਸਦ ਵਜੋਂ ਉਨ੍ਹਾਂ ਖਿਲਾਫ ** ** ਨਾਅਰੇ ਲਗਾਉਣ ਲੱਗ ਪਏ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ, ਜਿਸ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਮੰਤਰੀ :** ** ** ਤੇ ਇਹ ਕਿਸਾਨਾਂ ਦੀ ਗੱਲ ਕਰਦੇ ਹਨ, ਉਨ੍ਹਾਂ ਦੇ ਤਾਂ ਖੇਤ ਡੁੱਬ ਗਏ। ਜੇ ਬੱਸਾਂ

** Not recorded as ordered by the Chair.

[ ਸੈਰ ਸਪਾਟਾ ਮੰਤਰੀ ]
ਚਲਾਉਣ ਦਾ ਇੰਨਾ ਹੀ ਸ਼ੌਂਕ ਸੀ ਤਾਂ ਪੀ.ਆਰ.ਟੀ.ਸੀ. ਦੀਆਂ ਬੱਸਾਂ ਚਲਾਉਂਦੇ। ** ** ** (ਵਿਘਨ, ਸ਼ੋਰ) 350 ਕਰੋੜ ਰੁਪਏ ਇਨ੍ਹਾਂ ਨੇ ਖਰਾਬ ਕਰ ਦਿੱਤੇ। ** ** ** ਮੇਰੀ ਗੱਲ ਸੁਣੋ। (ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਸਿੱਧੂ ਸਾਹਿਬ ਬੈਠ ਜਾਓ ਜੀ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਥਾਨਕ ਸਰਕਾਰ ਮੰਤਰੀ ਨੂੰ ਬੋਲਣ ਤੋਂ ਰੋਕਣ ਦੇ ਮਕਸਦ ਵਜੋਂ ਉਨ੍ਹਾਂ ਖਿਲਾਫ ** ** ਨਾਅਰੇ ਲਗਾਉਣ ਲੱਗ ਪਏ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ, ਜਿਸ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਨਯੋਗ ਸਪੀਕਰ :** ਬੈਠੋ ਜੀ ਸਾਰੇ।

**ਮੰਤਰੀ :** ** **

**ਮਾਨਯੋਗ ਸਪੀਕਰ :** ਸਿੱਧੂ ਸਾਹਿਬ, ਬੈਠੋ ਪਲੀਜ਼।

(ਇਸ ਸਮੇਂ ਵੀ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਥਾਨਕ ਸਰਕਾਰ ਮੰਤਰੀ ਨੂੰ ਬੋਲਣ ਤੋਂ ਰੋਕਣ ਦੇ ਮਕਸਦ ਵਜੋਂ ਉਨ੍ਹਾਂ ਖਿਲਾਫ ** **ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ, ਜਿਸ ਕਾਰਨ ਕੁਝ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਮੰਤਰੀ ਇਸ ਤਰ੍ਹਾਂ ਨਹੀਂ ਕਰ ਸਕਦੇ।

**ਮਾਨਯੋਗ ਸਪੀਕਰ :** ਸਾਰੇ ਬੈਠੋ ਪਲੀਜ਼। (ਵਿਘਨ..... ਸ਼ੋਰ) ਗਿੱਲ ਸਾਹਿਬ, ਤੁਸੀਂ ਸਪਲੀਮੈਂਟਰੀ ਕਰੋ। ਸਾਰੇ ਬੈਠੋ ।

**ਸਰਦਾਰ ਹਰਮਿੰਦਰ ਸਿੰਘ ਗਿੱਲ :** ਹਰੀਕੇ ਝੀਲ ਵਿੱਚ ਘੜੁੱਕੇ ਨੂੰ ਇੰਜਣ ਲਗਾ ਕੇ ਬੱਸ ਚਲਾਈ ਜਾਂਦੀ ਰਹੀ ਹੈ, ਜਿਸ ਕਰਕੇ ਸਾਡੀ ਝੀਲ ਵਿੱਚੋਂ ਸਾਰੇ ਪੰਛੀ ਉਡ ਗਏ ਹਨ। (ਵਿਘਨ........ਸ਼ੋਰ)

**ਮਾਨਯੋਗ ਸਪੀਕਰ :** ਤੁਸੀਂ ਸਵਾਲ ਪੁੱਛੋ ਸਵਾਲ, ਬੇਨਤੀ ਨਾ ਕਰੋ ਜੀ।

**ਸਰਦਾਰ ਹਰਮਿੰਦਰ ਸਿੰਘ ਗਿੱਲ :** ਮੈਂ ਸਵਾਲ ਇਹ ਪੁੱਛਣਾ ਚਾਹੁੰਦਾ ਹਾਂ ਕਿ ਹਰੀਕੇ ਝੀਲ ਨੂੰ ਵਿਕਸਿਤ ਕਰਨ ਦਾ ਕੀ ਕੋਈ ਪ੍ਰੋਗਰਾਮ ਬਣਾਇਆ ਜਾਵੇਗਾ ਕਿ ਨਹੀਂ ਤਾਂ ਕਿ ਬੱਸ ਚਲਾ ਕੇ ਪੰਛੀ ਨਾ ਭਜਾਏ ਜਾਣ। (ਵਿਘਨ, ਸ਼ੋਰ) ਇਸ ਝੀਲ ਲਈ ਵਧੀਆ ਪ੍ਰੋਗਰਾਮ ਬਣਾਇਆ ਜਾਵੇ ਤਾਂ ਕਿ ਲੋਕਾਂ ਨੂੰ ਵੀ ਰੁਜ਼ਗਾਰ ਮਿਲੇ। (ਵਿਘਨ, ਸ਼ੋਰ)

---

** Not recorded as ordered by the Chair.

**ਮਾਨਯੋਗ ਸਪੀਕਰ :** ਸਿੱਧੂ ਸਾਹਿਬ, ਇਹ ਕਹਿੰਦੇ ਹਨ ਕਿ ਬੱਸ ਨਾ ਚਲਾਈ ਜਾਵੇਗੀ। (ਵਿਘਨ.......ਸ਼ੋਰ)

**ਮੰਤਰੀ :** ਮੈਂ ਤਾਂ ਕਹਿੰਦਾ ਹਾਂ ਕਿ ਪਾਣੀ ਦੀਆਂ ਬੱਸਾਂ ਚਲਾਉਣ ਦੀ ਬਜਾਏ ਪੰਜਾਬ ਰੋਡਵੇਜ਼ ਦੀਆਂ ਬੱਸਾਂ ਚਲਾਓ। They have sold all these things. (ਵਿਘਨ........ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਥਾਨਕ ਸਰਕਾਰ ਮੰਤਰੀ ਨੂੰ ਬੋਲਣ ਤੋਂ ਰੋਕਣ ਦੇ ਮਕਸਦ ਵਜੋਂ ਉਨ੍ਹਾਂ ਦੀ ਚੇਅਰ ਅੱਗੇ ਆ ਕੇ ਉਨ੍ਹਾਂ ਖਿਲਾਫ **ਨਾਅਰੇ ਲਗਾਉਣ ਲੱਗ ਪਏ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ, ਜਿਸ ਕਾਰਨ ਕੁਝ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

(ਇਸ ਸਮੇਂ ਸਥਾਨਕ ਸਰਕਾਰ ਮੰਤਰੀ ਸਰਦਾਰ ਨਵਜੋਤ ਸਿੰਘ ਸਿੱਧੂ ਨੂੰ ਸੁਰੱਖਿਆ ਦੇਣ ਦੇ ਮਕਸਦ ਵਜੋਂ ਮਾਰਸ਼ਲਜ਼ ਉਨ੍ਹਾਂ ਦੀ ਚੇਅਰ ਅੱਗੇ ਆ ਗਏ, ਜਿਨ੍ਹਾਂ ਨੂੰ ਬਾਅਦ ਵਿੱਚ ਤਕਨੀਕੀ ਸਿੱਖਿਆ ਮੰਤਰੀ, ਸਰਦਾਰ ਚਰਨਜੀਤ ਸਿੰਘ ਚੰਨੀ ਨੇ ਸਾਈਡ ਤੇ ਕਰ ਦਿੱਤਾ।)

**ਮਾਨਯੋਗ ਸਪੀਕਰ :** ਪਲੀਜ਼ ਬੈਠੋ ਜੀ।

-----

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 423***

**ਮਾਨਯੋਗ ਸਪੀਕਰ :** ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਉ ਕਰ ਦਿੱਤੀ ਹੈ।

-----

(ਇਸ ਸਮੇਂ ਲੋਕ ਇਨਸਾਫ਼ ਪਾਰਟੀ ਦੇ ਮੈਂਬਰ, ਸਰਦਾਰ ਬਲਵਿੰਦਰ ਸਿੰਘ ਬੈਂਸ ਆਪਣੀ ਸੀਟ ਤੇ ਖੜ੍ਹੇ ਹੋ ਕੇ ਆਪਣੇ ਸਵਾਲ ਦੀ ਐਕਸਟੈਨਸ਼ਨ ਸਬੰਧੀ ਰੋਸ ਪ੍ਰਗਟ ਕਰ ਰਹੇ ਸਨ ਅਤੇ ਉਨ੍ਹਾਂ ਨੇ ਆਪਣੇ ਸਵਾਲ ਸਬੰਧੀ ਕਾਗਜ਼ ਫਾੜ ਕੇ ਵੈੱਲ ਆਫ ਦਿ ਹਾਊਸ ਵਿੱਚ ਸੁੱਟੇ।)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਸਰਕਾਰ ਵਿਰੋਧੀ **ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ ।)

-----

** For Starred Question No. 423 and reply thereto, please see to this debates.
** Not recorded as ordered by the chair.

**DHARNA**

(ਇਸ ਸਮੇਂ ਲੋਕ ਇਨਸਾਫ਼ ਪਾਰਟੀ ਦੇ ਮੈਂਬਰ, ਸਰਦਾਰ ਬਲਵਿੰਦਰ ਸਿੰਘ ਬੈਂਸ ਆਪਣੇ ਸਵਾਲ ਦੀ ਐਕਸਟੈਨਸ਼ਨ ਦੇ ਰੋਸ ਵਜੋਂ ਆਪਣੀ ਸੀਟ ਦੇ ਕੋਲ ਹੀ ਧਰਨੇ ਤੇ ਬੈਠ ਗਏ ।)

-----

**STARRED QUESTIONS AND ANSWERS *(Resumption)***

**ਗਰਾਮ ਪੰਚਾਇਤਾਂ ਨੂੰ ਜਾਰੀ ਕੀਤੀਆਂ ਗਈਆਂ ਗ੍ਰਾਂਟਾਂ**

***233. ਸ਼੍ਰੀ ਨੱਥੂ ਰਾਮ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਦੁਆਰਾ ਸਾਲ 2014-15, 2015-16 ਅਤੇ 2016 -17 ਦੌਰਾਨ ਬੱਲੂਆਣਾ ਵਿਧਾਨ ਸਭਾ ਹਲਕੇ ਵਿਚ ਪੈਂਦੀ ਹਰ ਇਕ ਗ੍ਰਾਮ ਪੰਚਾਇਤ ਨੂੰ ਜਾਰੀ ਕੀਤੀਆਂ ਗਈਆਂ ਵਿਕਾਸ ਗ੍ਰਾਂਟਾਂ ਦੇ ਸਾਲਵਾਰ ਵੇਰਵੇ ਕੀ ਹਨ ਅਤੇ ਉਕਤ ਗ੍ਰਾਂਟਾਂ ਦੀ ਵਰਤੋਂ ਦੇ ਵੇਰਵੇ ਕੀ ਹਨ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਸ਼੍ਰੀਮਾਨ ਜੀ, ਸਾਲ 2014-15, 2015-16 ਅਤੇ 2016-17 ਦੌਰਾਨ ਬੱਲੂਆਣਾ ਹਲਕੇ ਦੀਆਂ 150 ਗਰਾਮ ਪੰਚਾਇਤਾਂ ਨੂੰ ਕੁੱਲ 3126.72 ਲੱਖ ਰੁਪਏ ਦੀਆਂ ਗਰਾਂਟਾਂ ਜਾਰੀ ਕੀਤੀਆਂ ਗਈਆਂ।

ਸਾਲਵਾਰ ਵੇਰਵੇ ਦੀ ਸੂਚੀ ਅਨੁਲੱਗ "ੳ" ** ਤੇ ਰੱਖੀ ਜਾਂਦੀ ਹੈ।

**ਸ਼੍ਰੀ ਨੱਥੂ ਰਾਮ :** ਸਪੀਕਰ ਸਾਹਿਬ, ਬੱਲੂਆਣਾ ਹਲਕਾ ਲੰਬੀ ਦੇ ਪਿੰਡਾਂ ਕੋਲੋਂ ਸ਼ੁਰੂ ਹੋ ਕੇ ਜਲਾਲਾਬਾਦ ਹਲਕੇ ਤੱਕ ਜਾਂਦਾ ਹੈ। ਲੰਬੀ ਹਲਕੇ ਦੇ ਪਿੰਡਾਂ ਵਿੱਚ ਗਲੀਆਂ ਨਾਲੀਆਂ ਅਤੇ ਸੜਕਾਂ ਦਾ ਤਾਂ ਪ੍ਰਬੰਧ ਕੀਤਾ ਗਿਆ ਹੈ ਔਰ ਬੱਲੂਆਣਾ ਹਲਕੇ ਨਾਲ ਵਿਤਕਰਾ ਕੀਤਾ ਗਿਆ ਸੀ । ਪਿਛਲੀ ਇਲੈਕਸ਼ਨ ਤੋਂ ਛੇ ਮਹੀਨੇ ਪਹਿਲਾਂ ਜੋ ਮੰਤਰੀ ਸਾਹਿਬ ਨੇ ਰਿਪੋਰਟ ਪੇਸ਼ ਕੀਤੀ ਹੈ, ਉਹ 103 ਸਫਿਆਂ ਦੀ ਰਿਪੋਰਟ ਹੈ ਤੇ ਇਹ ਹਾਊਸ ਵਿੱਚ ਪੜ੍ਹੀ ਨਹੀਂ ਗਈ ।

**ਮਾਨਯੋਗ ਸਪੀਕਰ :** ਨੱਥੂ ਰਾਮ ਜੀ, ਤੁਸੀਂ ਸਵਾਲ ਪੁੱਛੋ ।

**ਸ਼੍ਰੀ ਨੱਥੂ ਰਾਮ :** ਇਸ ਰਿਪੋਰਟ ਮੁਤਾਬਕ 31 ਕਰੋੜ, 26 ਲੱਖ 72 ਹਜ਼ਾਰ ਰੁਪਿਆ ਛੇ ਮਹੀਨੇ ਵਿੱਚ ਜਾਰੀ ਕੀਤਾ ਗਿਆ ਪਰੰਤੂ ਇਲੈਕਸ਼ਨ ਦਾ ਸਮਾਂ ਸੀ। ਸਾਡੇ ਪਿੰਡਾਂ ਵਿੱਚ ਬਹੁਤ ਵੱਡੀ ਪੱਧਰ ਤੇ ਪੱਖਪਾਤ ਹੋਇਆ ਹੈ। ਕੁਝ ਪਿੰਡ ਵਾਲਿਆਂ ਨੇ ਆਰ.ਟੀ.ਆਈ. ਜਾਂ ਬੀ.ਡੀ.ਪੀ.ਓ. ਨੂੰ ਸ਼ਿਕਾਇਤ ਕਰਕੇ ਪਿੰਡਾਂ ਵਿੱਚ ਹੋਏ ਪੱਖਪਾਤ ਦੀ ਜਾਣਕਾਰੀ ਮੰਗੀ

** Placed in the Revisor's Branch.

ਸੀ ਔਰ ਘੱਲੂ ਪਿੰਡ, ਚੂੜੀਵਾਲਾ ਪਿੰਡ, ਕਾਲਾ ਟਿੱਬਾ, ਚੱਕ ਕਾਲਾ ਟਿੱਬਾ, ਰਾਜਾਵਾਲੀ, ਬੁੱਧ ਮਾਗ, ਸੀਤੋਵਾਲੀ ਜਿਹੜੇ ਇਹ ਬੱਲੂਆਣਾ ਹਲਕੇ ਦੇ ਪਿੰਡ ਹਨ, ਇਨ੍ਹਾਂ ਪਿੰਡਾਂ ਵਿੱਚ ਬਹੁਤ ਵੱਡੇ ਪੱਧਰ ਤੇ ਪੱਖਪਾਤ ਵੀ ਹੋਇਆ ਹੈ ਤੇ ਘਪਲੇਬਾਜ਼ੀ ਵੀ ਹੋਈ ਹੈ। ਕੀ ਮਾਨਯੋਗ ਮੰਤਰੀ ਸਾਹਿਬ ਇਸ ਪੱਖਪਾਤ ਅਤੇ ਘਪਲੇਬਾਜ਼ੀ ਦੀ ਕਿਸੇ ਜ਼ੁੰਮੇਵਾਰ ਅਧਿਕਾਰੀ ਤੋਂ ਟਾਈਮ ਬਾਊਂਡ ਇਨਕੁਆਰੀ ਕਰਵਾਉਣਗੇ ?

**ਮਾਨਯੋਗ ਸਪੀਕਰ :** ਬਾਜਵਾ ਸਾਹਿਬ, ਘਪਲੇ ਦੀ ਕੀ ਤੁਸੀਂ ਟਾਈਮ ਬਾਊਂਡ ਇਨਕੁਆਰੀ ਕਰਵਾਓਗੇ ?

**ਮੰਤਰੀ :** ਬਿਲਕੁਲ, ਸਪੀਕਰ ਸਾਹਿਬ। ਟਾਈਮ ਬਾਊਂਡ ਇਨਕੁਆਰੀ ਕਰਾਂਗਾ ਔਰ ਦੋਸ਼ੀ ਅਫਸਰਾਂ ਨੂੰ ਸਜ਼ਾ ਵੀ ਦਿੱਤੀ ਜਾਵੇਗੀ।

(ਇਸ ਸਮੇਂ ਵੀ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ** ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ ।)

-----

**ਨਿਸ਼ਾਨ ਵਾਲੇ ਪ੍ਰਸ਼ਨ ਨੰ: 357 ਅਤੇ 243**

(ਸਬੰਧਿਤ ਮੈਂਬਰਾਂ ਦੇ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਕੀਤੇ ਗਏ।)

-----

(ਇਸ ਸਮੇਂ ਲੋਕ ਇਨਸਾਫ਼ ਪਾਰਟੀ ਦੇ ਮੈਂਬਰ, ਸਰਦਾਰ ਬਲਵਿੰਦਰ ਸਿੰਘ ਬੈਂਸ ਧਰਨੇ ਤੋਂ ਉਠ ਕੇ ਚੇਅਰ ਵਿਰੋਧੀ ** **ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਨਾਲ ਰਿਕਾਰਡ ਨਹੀਂ ਕੀਤੇ ਗਏ।)

(ਇਸ ਸਮੇਂ ਲੋਕ ਇਨਸਾਫ਼ ਪਾਰਟੀ ਦੇ ਮੈਂਬਰ, ਸਰਦਾਰ ਬਲਵਿੰਦਰ ਸਿੰਘ ਬੈਂਸ ਆਪਣੀ ਸੀਟ ਕੋਲ ਫਿਰ ਧਰਨੇ ਤੇ ਬੈਠ ਗਏ।)

**ਮਾਨਯੋਗ ਸਪੀਕਰ :** ਨਵੇਂ** ਨਾਅਰੇ ਰਿਕਾਰਡ ਨਾ ਕੀਤੇ ਜਾਣ।

-----

**ਮੁਕੇਰੀਆਂ ਵਿਖੇ ਸਿਵਲ ਹਸਪਤਾਲ ਨੂੰ ਅਪਗ੍ਰੇਡ ਕਰਨਾ**

***284. ਸ਼੍ਰੀ ਰਜਨੀਸ਼ ਕੁਮਾਰ ਬੱਬੀ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ–

ੳ) ਕੀ ਮੁਕੇਰੀਆਂ ਵਿਖੇ ਸਿਵਲ ਹਸਪਤਾਲ ਨੂੰ ਅਪਗ੍ਰੇਡ ਕਰਕੇ 100 ਬੈੱਡ ਵਾਲਾ

** Not recorded as ordered by the Chair.

[ ਸ਼੍ਰੀ ਰਜਨੀਸ਼ ਕੁਮਾਰ ਬੱਬੀ ]
ਹਸਪਤਾਲ ਬਣਾਉਣ ਦੀ ਸਰਕਾਰ ਦੀ ਕੋਈ ਤਜਵੀਜ਼ ਹੈ ; ਜੇਕਰ ਅਜਿਹਾ ਹੋਵੇ ਤਾਂ ਇਸ ਹਸਪਤਾਲ ਨੂੰ ਕਦੋਂ ਤੱਕ ਅਪਗ੍ਰੇਡ ਕਰ ਦਿੱਤਾ ਜਾਵੇਗਾ ;

ਅ) ਕੀ ਮੁਕੇਰੀਆਂ ਵਿਖੇ ਸਿਵਲ ਹਸਪਤਾਲ ਵਿੱਚ ਡਾਇਲਸਿਸ ਸਿਸਟਮ ਸਥਾਪਿਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਇਹ ਸਿਸਟਮ ਸਥਾਪਿਤ ਕਰ ਦਿੱਤਾ ਜਾਵੇਗਾ?

**SHRI BRAHM MOHINDRA :** (A) No Sir. At Sub Divisional Hospital (SDH) level 50 beds are provided. 75 beds are already available in SDH Mukerian.

(B) At present, there is no proposal for providing dialysis facilities in SDH Mukerian. Dialysis facilities are available at SDH Dasuya, which is 14 kms away. These facilities are also available in District Hospital Pathankot.

**ਸ਼੍ਰੀ ਰਜਨੀਸ਼ ਕੁਮਾਰ ਬੱਬੀ :** ਸਪੀਕਰ ਸਾਹਿਬ, ਜਿਹੜਾ ਮੁਕੇਰੀਆਂ ਹਸਪਤਾਲ ਹੈ, ਇਹ ਜੀ.ਟੀ. ਰੋਡ ਤੇ ਪੈਂਦਾ ਹੈ ਤੇ ਉਥੇ ਬਹੁਤ ਸਾਰੇ ਐਕਸੀਡੈਂਟ ਦੇ ਕੇਸ ਆਉਂਦੇ ਹਨ। ਉਥੇ ਮਰੀਜ਼ਾਂ ਦੇ ਜ਼ਿਆਦਾ ਆਉਣ ਕਾਰਨ ਇਹ ਹਸਪਤਾਲ ਛੋਟਾ ਪੈ ਜਾਂਦਾ ਹੈ। ਇਸ ਲਈ ਕੀ ਮੰਤਰੀ ਜੀ ਇਸ ਹਸਪਤਾਲ ਨੂੰ 100 ਬੈਂਡਿਡ ਹਸਪਤਾਲ ਬਣਾਉਣ ਦਾ ਆਸ਼ਵਾਸਨ ਦੇਣਗੇ?

**ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਬਜਟ ਪੇਸ਼ ਹੋ ਜਾਵੇ, ਬਜਟ ਤੋਂ ਬਾਅਦ ਸਾਰੇ ਡਿਪਾਰਟਮੈਂਟ ਦੀ ਨਵੀਂ ਪਲਾਨਿੰਗ ਕੀਤੀ ਜਾਵੇਗੀ ਔਰ ਜੋ ਇਨ੍ਹਾਂ ਨੇ ਕਿਹਾ ਹੈ, ਉਸ ਨੂੰ ਐਡਜਸਟ ਕਰ ਦਿੱਤਾ ਜਾਵੇਗਾ ।

-----

## ਪਿੰਡ ਨੀਲਪੁਰ ਨੂੰ ਨਗਰ ਕੌਂਸਲ ਰਾਜਪੁਰਾ ਦੀ ਹੱਦ ਵਿੱਚ ਸ਼ਾਮਿਲ ਕਰਨਾ

***316. ਸਰਦਾਰ ਹਰਦਿਆਲ ਸਿੰਘ ਕੰਬੋਜ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿੰਡ ਨੀਲਪੁਰ ਨੂੰ ਨਗਰ ਕੌਂਸਲ, ਰਾਜਪੁਰਾ ਦੀ ਹੱਦ ਅੰਦਰ ਸ਼ਾਮਿਲ ਕਰਨ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਸਰਦਾਰ ਨਵਜੋਤ ਸਿੰਘ ਸਿੱਧੂ :** ਨਗਰ ਕੌਂਸਲ, ਰਾਜਪੁਰਾ ਦੀਆਂ ਹੱਦਾਂ ਵਿੱਚ ਵਾਧਾ ਕਰਨ ਸਬੰਧੀ ਪੰਜਾਬ ਸਰਕਾਰ, ਸਥਾਨਕ ਸਰਕਾਰ ਵਿਭਾਗ ਵਲੋਂ ਜੋ ਮੁੱਢਲਾ ਨੋਟੀਫਿਕੇਸ਼ਨ ਨੰ: 10/15/16-3ਸਸ3/2445 ਮਿਤੀ: 25.11.2016 ਜਾਰੀ ਕੀਤਾ ਗਿਆ ਹੈ, ਉਸ ਵਿੱਚ ਪਿੰਡ ਨੀਲਪੁਰ ਨੂੰ ਨਗਰ ਕੌਂਸਲ, ਰਾਜਪੁਰਾ ਦੀ ਹੱਦ ਅੰਦਰ ਸ਼ਾਮਲ ਕਰਨ ਦੀ

ਤਜਵੀਜ਼ ਹੈ।

(ਇਸ ਸਮੇਂ ਵੀ ਸ਼੍ਰੋਮਣੀ ਅਕਾਲੀ ਦਲ ਦੇ ਹਾਜ਼ਰ ਮੈਂਬਰ ਸਦਨ ਦੇ ਵੈੱਲ ਵਿੱਚ ਖੜ੍ਹੇ ਸਨ ਅਤੇ ਉਨ੍ਹਾਂ ਨੇ ਆਪਣੇ ਹੱਥਾਂ ਵਿੱਚ ਕਾਗਜ਼ ਫੜ੍ਹੇ ਹੋਏ ਸਨ ਅਤੇ ਸਥਾਨਕ ਸਰਕਾਰ ਮੰਤਰੀ ਵੱਲ ਇਸ਼ਾਰਾ ਕਰਕੇ ਕੁਝ ਕਹਿ ਰਹੇ ਸਨ ਅਤੇ ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਸੀ।)

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸਪੀਕਰ ਸਾਹਿਬ, ਦੇਖੋ ਗੱਲ ਇਹ ਹੈ ਕਿ ਹੁਣ ਪਰਸਨਲ ਅਟੈਕ ਹੋਣੇ ਸ਼ੁਰੂ ਹੋ ਗਏ ਹਨ, ਇਹ ਬਰਦਾਸ਼ਤ ਨਹੀਂ ਕੀਤੇ ਜਾਣਗੇ ...(ਵਿਘਨ....ਸ਼ੋਰ).... Sir, you are the custodian of the House .... You are the custodian of the House, please bring the House in order. .....(ਵਿਘਨ....ਸ਼ੋਰ)..... please bring the House in order.

(ਇਸ ਸਮੇਂ ਪੰਜਾਬ ਸਰਕਾਰ ਦੇ ਬਹੁਤ ਸਾਰੇ ਮੰਤਰੀ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਵੀ ਸਦਨ ਦੇ ਵੈੱਲ ਵਿੱਚ ਆ ਕੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਨਾਲ ਉੱਚੀ ਉੱਚੀ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਸੀ, ਜਿਸ ਕਰਕੇ ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)
.....(ਵਿਘਨ...ਸ਼ੋਰ)...

## SHORT ADJOURNMENT OF THE HOUSE

**ਮਾਨਯੋਗ ਸਪੀਕਰ :** ਹਾਊਸ ਅੱਧੇ ਘੰਟੇ ਲਈ ਐਡਜਰਨ ਕੀਤਾ ਜਾਂਦਾ ਹੈ।

*10.56 ਵਜੇ ਪੂਰਵ ਦੁਪਹਿਰ (*ਇਸ ਸਮੇਂ ਸਦਨ ਅੱਧੇ ਘੰਟੇ ਲਈ ਸਥਗਿਤ ਹੋ ਗਿਆ ਅਤੇ 11.26 ਵਜੇ ਪੂਰਵ ਦੁਪਹਿਰ ਮੁੜ ਇਕੱਤਰ ਹੋਇਆ।)

## DHARNA

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿਚ ਹਾਜ਼ਰ ਮੈਂਬਰ ਧਰਨੇ ਉਤੇ ਬੈਠੇ ਸਨ ਤੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਮੁਤਾਬਿਕ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ:** ਹਾਂ ਜੀ, ਸ਼੍ਰੀ ਬ੍ਰਹਮ ਮਹਿੰਦਰਾ ਜੀ। ਤੁਸੀਂ ਸਾਰੇ ਬੈਠੋ। ਬ੍ਰਹਮ ਮਹਿੰਦਰਾ ਜੀ ਖੜ੍ਹੇ ਹਨ। **ਨਾਅਰੇ ਰਿਕਾਰਡ ਨਾ ਕੀਤੇ ਜਾਣ।

-----

** Not recorded as ordered by the Chair.

## MOTION REG. TAKING ACTION AGAINST A MEMBER AND REFERRING THE MATTER TO COMMITTEE OF PRIVILEGES

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਮਾਨਯੋਗ ਸਪੀਕਰ ਸਾਹਿਬ, ਸਦਨ ਦੇ ਅੰਦਰ ਅੱਜ ਇੱਕ ਬੜੀ ਦੁੱਖਭਰੀ ਘਟਨਾ ਵਾਪਰੀ ਹੈ ਕਿ ਸਦਨ ਦਾ, ਇਸ ਪਵਿੱਤਰ ਸਦਨ ਦਾ ਆਪਣਾ ਇੱਕ ਡੈਕੋਰਮ ਹੈ, ਵਿਧਾਨ ਸਭਾ ਦੀਆਂ ਰੂਲਿੰਗਜ਼ ਹਨ ਕਿ ਵਿਧਾਨ ਸਭਾ ਦੇ ਅੰਦਰ ਮੋਬਾਈਲ ਫੋਨ ਨਹੀਂ ਲੈ ਕੇ ਆ ਸਕਦੇ। ਅੱਜ ਜਿਹੜੀ ਗੱਲ ਦਾ ਮੈਂ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਇੰਨੀ ਅਨਫਾਰਚੂਨੇਟ ਸਿਚੂਏਸ਼ਨ ਹੋਈ ਹੈ ਕਿ ਇਥੋਂ ਮੂਵੀ ਬਣਾ ਕੇ ਫੇਸਬੁੱਕ ਦੇ ਉਤੇ ਪਾਈ ਗਈ ਹੈ ਔਰ ਇਹ ਸਰਦਾਰ ਸੁਖਪਾਲ ਸਿੰਘ ਖਹਿਰਾ ਜੀ ਨੇ ਕੀਤਾ ਹੈ। ਮੈਂ ਪਰਪੋਜ਼ ਕਰਦਾ ਹਾਂ ਕਿ ਇਨ੍ਹਾਂ ਦੇ ਉਤੇ ਐਕਸ਼ਨ ਲਿਆ ਜਾਵੇ ਔਰ ਮੈਂ ਇਸ ਗੱਲ ਲਈ ਪ੍ਰਿਵਿਲੇਜ ਮੋਸ਼ਨ ਮੂਵ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ–

"ਕਿ ਸਰਦਾਰ ਸੁਖਪਾਲ ਸਿੰਘ ਖਹਿਰਾ, ਮੈਂਬਰ ਆਮ ਆਦਮੀ ਪਾਰਟੀ ਨੇ ਅੱਜ ਹਾਊਸ ਦੇ ਅੰਦਰ ਮੂਵੀ ਬਣਾ ਕੇ ਫੇਸਬੁੱਕ ਤੇ ਅਪਲੋਡ ਕੀਤੀ ਹੈ, ਜਿਸ ਨਾਲ ਸਦਨ ਦੀ ਮਰਿਆਦਾ ਦਾ ਹਨਨ ਹੋਇਆ ਹੈ। ਇਸ ਲਈ ਉਨ੍ਹਾਂ ਖਿਲਾਫ ਐਕਸ਼ਨ ਲੈ ਕੇ ਇਹ ਮਾਮਲਾ ਸਦਨ ਦੀ ਵਿਸ਼ੇਸ਼ ਅਧਿਕਾਰ ਕਮੇਟੀ ਨੂੰ ਸੌਂਪਿਆ ਜਾਵੇ।"

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ–

"ਕਿ ਸਰਦਾਰ ਸੁਖਪਾਲ ਸਿੰਘ ਖਹਿਰਾ, ਮੈਂਬਰ ਆਮ ਆਦਮੀ ਪਾਰਟੀ ਨੇ ਅੱਜ ਹਾਊਸ ਦੇ ਅੰਦਰ ਮੂਵੀ ਬਣਾ ਕੇ ਫੇਸਬੁੱਕ ਤੇ ਅਪਲੋਡ ਕੀਤੀ ਹੈ, ਜਿਸ ਨਾਲ ਸਦਨ ਦੀ ਮਰਿਆਦਾ ਦਾ ਹਨਨ ਹੋਇਆ ਹੈ। ਇਸ ਲਈ ਉਨ੍ਹਾਂ ਖਿਲਾਫ ਐਕਸ਼ਨ ਲੈ ਕੇ ਇਹ ਮਾਮਲਾ ਸਦਨ ਦੀ ਵਿਸ਼ੇਸ਼ ਅਧਿਕਾਰ ਕਮੇਟੀ ਨੂੰ ਸੌਂਪਿਆ ਜਾਵੇ।"

**ਮਾਨਯੋਗ ਸਪੀਕਰ :** ਪ੍ਰਸ਼ਨ ਹੈ–

"ਕਿ ਸਰਦਾਰ ਸੁਖਪਾਲ ਸਿੰਘ ਖਹਿਰਾ, ਮੈਂਬਰ ਆਮ ਆਦਮੀ ਪਾਰਟੀ ਨੇ ਅੱਜ ਹਾਊਸ ਦੇ ਅੰਦਰ ਮੂਵੀ ਬਣਾ ਕੇ ਫੇਸਬੁੱਕ ਤੇ ਅਪਲੋਡ ਕੀਤੀ ਹੈ, ਜਿਸ ਨਾਲ ਸਦਨ ਦੀ ਮਰਿਆਦਾ ਦਾ ਹਨਨ ਹੋਇਆ ਹੈ। ਇਸ ਲਈ ਉਨ੍ਹਾਂ ਖਿਲਾਫ ਐਕਸ਼ਨ ਲੈ ਕੇ ਇਹ ਮਾਮਲਾ ਸਦਨ ਦੀ ਵਿਸ਼ੇਸ਼ ਅਧਿਕਾਰ ਕਮੇਟੀ ਨੂੰ ਸੌਂਪਿਆ ਜਾਵੇ।"

***ਪ੍ਰਸਤਾਵ ਪ੍ਰਵਾਨ ਹੋਇਆ।***

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਸ ਹਾਊਸ ਦੀ ਮਰਿਆਦਾ ਰੱਖਣ ਲਈ ਇਸ ਦੇ ਉਤੇ ਤੁਰੰਤ ਕਾਰਵਾਈ ਕੀਤੀ ਜਾਵੇ।

**ਮਾਨਯੋਗ ਸਪੀਕਰ :** ਮਾਮਲਾ ਪ੍ਰਿਵੇਲਿਜ ਕਮੇਟੀ ਨੂੰ ਸੌਂਪਿਆ ਜਾਂਦਾ ਹੈ ਤੇ ਮਾਮਲੇ ਦੀ ਗੰਭੀਰਤਾ ਨੂੰ ਵੇਖਦੇ ਹੋਏ ਮੈਂ ਮਾਰਸ਼ਲ ਨੂੰ ਕਹਿੰਦਾ ਹਾਂ ਕਿ ਸਰਦਾਰ ਸੁਖਪਾਲ ਸਿੰਘ ਖਹਿਰਾ ਜੀ ਦਾ ਮੋਬਾਈਲ ਆਪਣੇ ਕਬਜ਼ੇ ਵਿੱਚ ਲੈਣ ਔਰ ਖਹਿਰਾ ਸਾਹਿਬ, ਮੈਂ ਤੁਹਾਨੂੰ ਨੇਮ ਕਰਦਾ ਹਾਂ, ਮੈਂ ਤੁਹਾਨੂੰ ਨੇਮ ਕਰਦਾ ਹਾਂ ਕਿ ਤੁਸੀਂ ਐਸਾ ਕੰਮ ਕੀਤਾ ਹੈ ਜਿਹੜਾ ਤੁਸੀਂ ਵਿਧਾਨ ਸਭਾ ਦੇ ਅੰਦਰ ਨਹੀਂ ਕਰ ਸਕਦੇ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਦੇ ਉਤੇ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀ ਸੀਟ ਦੇ ਟੇਬਲ ਉਤੇ ਖੜ੍ਹੇ ਹੋ ਕੇ ਚੇਅਰ ਨੂੰ ਸੰਬੋਧਨ ਕਰਦੇ ਹੋਏ ਆਪਣੀ ਗੱਲ ਕਹਿਣ ਦੀ ਮੰਗ ਕਰ ਰਹੇ ਸਨ।)

## SHORT ADJOURNMENT OF THE HOUSE

**ਮਾਨਯੋਗ ਸਪੀਕਰ :** ਮੈਂ ਸਦਨ ਨੂੰ 10 ਮਿੰਟ ਲਈ ਐਡਜਰਨ ਕਰਦਾ ਹਾਂ।

*11.28 ਵਜੇ ਪੂ: ਦੁ: (ਇਸ *ਸਮੇਂ ਸਦਨ 10 ਮਿੰਟ ਲਈ ਸਥੱਗਿਤ ਹੋ ਗਿਆ ਅਤੇ 11.38 ਵਜੇ ਪੂਰਵ ਦੁਪਹਿਰ ਮੁੜ ਇਕੱਤਰ ਹੋਇਆ।)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ ਸ਼੍ਰੀ ਅਰੁਣ ਨਾਰੰਗ ਅਤੇ ਸ਼੍ਰੀ ਸੋਮ ਪ੍ਰਕਾਸ਼ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਸਰਦਾਰ ਪਰਮਜੀਤ ਸਿੰਘ, ਕਿਸਾਨ ਵਲੋਂ ਕੀਤੀ ਖੁਦਕੁਸ਼ੀ ਤੇ ਸ਼ਰਧਾਂਜਲੀ ਦੇਣ ਦੀ ਮੰਗ ਕਰ ਰਹੇ ਸਨ ਅਤੇ ਲੋਕ ਇਨਸਾਫ ਪਾਰਟੀ ਦੇ ਮੈਂਬਰ ਸਰਦਾਰ ਬਲਵਿੰਦਰ ਸਿੰਘ ਬੈਂਸ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ :** ਤੁਸੀਂ ਜਿਹੜੀ ਵੀ ਗੱਲ ਕਰਨੀ ਹੈ, ਮਰਿਯਾਦਾ ਵਿੱਚ ਰਹਿ ਕੇ ਅਤੇ ਆਪਣੀ ਸੀਟ ਤੇ ਜਾ ਕੇ ਕਰੋ। ਸੀ.ਐਮ. ਸਾਹਿਬ ਖੜ੍ਹੇ ਹਨ, ਉਨ੍ਹਾਂ ਦੀ ਗੱਲ ਸੁਣ ਲਓ।

-----

## STATEMENT BY THE CHIEF MINISTER REG. MAINTAINING DECORUM IN THE HOUSE AND FARMERS' LOAN WAIVER

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ) :** ਸਪੀਕਰ ਸਾਹਿਬ, ਮੈਨੂੰ ਦੋ ਵਾਰ ਪਾਰਲੀਮੈਂਟ ਵਿੱਚ ਅਤੇ ਛੇ ਵਾਰ ਇਸ ਸਦਨ ਵਿੱਚ ਮੈਂਬਰ ਹੋਣ ਦਾ ਮੌਕਾ ਮਿਲਿਆ ਹੈ, ਬਹੁਤ ਸਾਲ ਹੋ ਗਏ ਹਨ। ਹਾਊਸ ਦੀ ਮਰਿਆਦਾ ਹੁੰਦੀ ਹੈ, ਪਾਰਲੀਮੈਂਟ ਦੀ ਮਰਿਆਦਾ

---

** Not recorded as ordered by the Chair.

ਆਪਣੀ ਹੁੰਦੀ ਹੈ, ਸਾਡੀ ਆਪਣੀ ਹੁੰਦੀ ਹੈ। ਸਾਡੇ ਇਸ ਸਦਨ ਦੀ ਮਰਿਯਾਦਾ ਜਿਹੜੀ ਕਿ ਸਾਰਿਆਂ ਨੂੰ ਪਤਾ ਹੈ, ਕੁਐਸਚਨ ਆਵਰ ਸੈਕਰੋਸੈਂਕਟ ਹੁੰਦਾ ਹੈ, ਜਿਥੇ ਲੋਕ ਆਪਣੇ ਹਲਕੇ ਬਾਰੇ ਗੱਲਾਂ ਪੁੱਛ ਸਕਦੇ ਹਨ। ਇਹ ਇਕ ਕਨਵੈਂਨਸ਼ਨ ਹੈ ਅਤੇ ਇਸ ਨੂੰ ਭੰਗ ਕਰਨਾ is unfortunate, ਇਹ ਤੁਸੀਂ ਇਸ ਸਦਨ ਦੀ ਮਰਿਯਾਦਾ ਭੰਗ ਕਰ ਰਹੇ ਹੋ। This is very sad. ਮੈਨੂੰ ਅਫਸੋਸ ਹੈ ਕਿ, ਜਿਸ ਨੇ ਜੋ ਮਰਜ਼ੀ ਕਰਨਾ ਹੈ ਕਰੋ, ਲੇਕਿਨ ਤੁਸੀਂ ਕੁਐਸਚਨ ਆਵਰ ਵਿੱਚ ਵੀ ਸਦਨ ਚੱਲਣ ਨਹੀਂ ਦੇ ਰਹੇ ਹੋ, This is very sad.

ਜਿਹੜਾ ਰੌਲਾ ਇਥੇ ਪੈ ਰਿਹਾ ਹੈ ਕਿ ਤੁਸੀਂ ਕੁਰਕੀ ਅਤੇ ਕਰਜ਼ਾ ਮੁਆਫ ਕਰੋ, ਇਹ ਤਾਂ ਸਾਡੀ ਪਾਰਟੀ ਦਾ ਪ੍ਰੋਗਰਾਮ ਹੈ। ਅਸੀਂ ਪਹਿਲਾਂ ਹੀ ਆਪਣੀ ਪਾਰਟੀ ਦੇ ਏਜੰਡੇ ਤੇ ਰੱਖਿਆ ਹੈ। (ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ) ਇਸ ਏਜੰਡੇ ਤੇ ਅਸੀਂ ਇਲੈਕਸ਼ਨ ਲੜੀ ਹੈ ਅਤੇ ਇਸ ਵਾਸਤੇ ਅਸੀਂ ਇਲੈਕਸ਼ਨਾਂ ਵਿੱਚ ਪ੍ਰਾਮਿਸਿਜ਼ ਕੀਤੇ ਹਨ। ਕੱਲ੍ਹ ਰਾਤ 7:00 ਵਜੇ ਹੱਕ ਕਮੇਟੀ ਨਾਲ ਮੇਰੀ ਮੀਟਿੰਗ ਹੋਈ ਹੈ। ਕੁਰਕੀ ਬਾਰੇ ਅਸੀਂ ਸਦਨ ਵਿੱਚ ਬਿਲ ਲੈ ਕੇ ਆ ਰਹੇ ਹਾਂ। (ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ) ਇਨ੍ਹਾਂ ਨੂੰ ਪਤਾ ਹੈ ਕਿ ਇਹ ਹੋ ਰਿਹਾ ਹੈ। 10 ਸਾਲ ਤੋਂ ਇਹ ਇੱਥੇ ਬੈਠੇ ਹਨ, ਉਦੋਂ ਇਨ੍ਹਾਂ ਨੂੰ ਇਹ ਯਾਦ ਨਹੀਂ ਆਈ। 7,000 ਬੰਦਿਆਂ ਨੇ ਖੁਦਕੁਸ਼ੀ ਕੀਤੀ ਹੈ, ਕੀ ਤੁਹਾਨੂੰ ਯਾਦ ਨਹੀਂ? ਉਦੋਂ ਤੁਹਾਨੂੰ ਕੋਈ ਪ੍ਰਾਬਲਮ ਨਹੀਂ, ਕੋਈ ਸੋਚ ਨਹੀਂ, ਕੋਈ ਤੁਹਾਡੇ ਦਿਲ ਵਿੱਚ ਅਜਿਹੀ ਗੱਲ ਨਹੀਂ ਆਈ, ਜਦੋਂ ਇਹ ਹੋ ਰਿਹਾ ਸੀ? ਹੁਣ ਸਾਨੂੰ ਆਇਆਂ ਨੂੰ ਤਿੰਨ ਮਹੀਨੇ ਹੋਏ ਹਨ, ਜਿਹੜੇ ਵਾਅਦੇ ਅਸੀਂ ਕੀਤੇ ਹਨ, ਉਹ ਤਾਂ ਸਾਨੂੰ ਪੂਰੇ ਕਰਨ ਦਿਓ। ਇਹ ਸਵੇਰ ਨੂੰ ਆ ਕੇ ਇੱਥੇ ਰੌਲਾ ਪਾਉਣ ਲੱਗ ਜਾਂਦੇ ਹਨ। ਮੈਂ ਕਿਸੇ ਪ੍ਰੈਸ਼ਰ ਥੱਲੇ ਨਹੀਂ ਆਉਂਦਾ let me tell you this. ਮੈਨੂੰ ਇਸ ਸਿਆਸਤ ਵਿੱਚ ਬਹੁਤ ਸਾਲ ਹੋ ਗਏ ਹਨ। (ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ) ਅਗਰ ਤੁਸੀਂ ਸਮਝਦੇ ਹੋ ਕਿ ਸਾਡੇ ਤੇ ਕੋਈ ਪ੍ਰੈਸ਼ਰ ਆ ਰਿਹਾ ਹੈ, ਮੈਂ ਜ਼ਿੰਦਗੀ ਵਿੱਚ ਕਦੇ ਕਿਸੇ ਤੋਂ ਪ੍ਰੈਸ਼ਰ ਨਹੀਂ ਮੰਨਿਆ। (ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ ਸ਼੍ਰੀ ਅਰੁਣ ਨਾਰੰਗ ਅਤੇ ਸ਼੍ਰੀ ਸੋਮ ਪ੍ਰਕਾਸ਼ ਵਲੋਂ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਸਰਕਾਰ ਵਿਰੋਧੀ **ਨਾਅਰੇ ਲਗਾਏ ਜਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ :** **ਨਾਅਰੇ ਰਿਕਾਰਡ ਨਾ ਕੀਤੇ ਜਾਣ।

**ਮੁੱਖ ਮੰਤਰੀ :** ਜੋ ਵਾਅਦੇ ਅਸੀਂ ਕੀਤੇ ਹਨ, ਉਹ ਵਾਅਦੇ ਪੂਰੇ ਹੋਣਗੇ। ਤੁਹਾਨੂੰ ਇਸ ਬਾਰੇ ਮੈਨੂੰ ਦੱਸਣ ਦੀ ਕੋਈ ਲੋੜ ਨਹੀਂ। I am well aware ਕਿ ਸਾਡੀ ਜ਼ਿੰਮੇਵਾਰੀ ਕੀ

---

** Not recorded as ordered by the Chair.

ਹੈ। ਇਹ ਸਾਡੀ ਪਾਰਟੀ ਦੀ ਜ਼ਿੰਮੇਵਾਰੀ ਹੈ। ਮੇਰੀ ਇਕੱਲੇ ਦੀ ਜ਼ਿੰਮੇਵਾਰੀ ਨਹੀਂ ਹੈ। ਇਹ ਪ੍ਰੋਪੋਜ਼ਲ ਸਾਡੇ ਮੈਨੀਫੈਸਟੋ ਵਿੱਚ ਹੈ। ਇਨ੍ਹਾਂ ਨੂੰ ਪਤਾ ਹੈ ਕਿ ਕੁਰਕੀ ਦਾ ਬਿਲ ਆ ਰਿਹਾ ਹੈ, ਇਨ੍ਹਾਂ ਨੂੰ ਪਤਾ ਹੈ ਕਿ ਕਰਜ਼ਾ ਮੁਆਫ ਹੋਣਾ ਹੈ, ਇਹ ਇਸ ਵਾਸਤੇ ਕ੍ਰੈਡਿਟ ਲੈਣਾ ਚਾਹੁੰਦੇ ਹਨ। (ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ) ਅਸੀਂ ਆਪਣੇ ਪੰਜਾਬ ਦੇ ਕਿਸਾਨਾਂ ਵਾਸਤੇ , ਗਰੀਬਾਂ ਵਾਸਤੇ ਬਹੁਤ ਕੁਝ ਕਰ ਰਹੇ ਹਾਂ ਅਤੇ ਇਹ ਰੌਲਾ ਪਾਉਣ ਦਾ ਕੀ ਮਤਲਬ ਹੈ? ਅਗਰ ਤੁਹਾਡੇ ਵਿੱਚ ਥੋੜ੍ਹੀ ਵੀ ਹਮਦਰਦੀ ਹੁੰਦੀ ਤਾਂ ਤੁਸੀਂ 10 ਸਾਲ ਕੀ ਕਰਦੇ ਰਹੇ? ਸੁੱਤੇ ਪਏ ਸੀ? (ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ) I am very upset ਕਿ ਸਾਡੇ ਪੰਜਾਬ ਦੇ ਸਦਨ ਵਿੱਚ ਅਜਿਹੀਆਂ ਗੱਲਾਂ ਹੋਣ। ਇਹ ਇੱਥੇ ਭਾਰੀਆਂ ਭਾਰੀਆਂ ਫਾਈਲਾਂ ਚੁੱਕ ਕੇ ਮਾਰਦੇ ਹਨ, ਕੋਈ ਇਨ੍ਹਾਂ ਨੂੰ ਸ਼ਰਮ ਨਹੀਂ ਆਉਂਦੀ। (ਵਿਘਨ, ਸ਼ੋਰ) ਇਸ ਰੌਲੇ ਨਾਲ ਕੀ ਹੋਵੇਗਾ? ਕੀ ਖਿਆਲ ਹੈ ਕਿ ਸਾਡਾ ਤੁਹਾਡੇ ਇਸ ਰੌਲੇ ਨਾਲ ਮਨ ਬਦਲੇਗਾ? (ਵਿਘਨ, ਸ਼ੋਰ) ਪਤਾ ਨਹੀਂ ਕਿ ਇਨ੍ਹਾਂ ਦੇ ਕੰਨ ਕਿਹੋ ਜਿਹੇ ਹਨ? ਇਹ ਕੁਝ ਸੁਣਦੇ ਨਹੀਂ ਹਨ। ਸਪੀਕਰ ਸਾਹਿਬ, ਇਨ੍ਹਾਂ ਦਾ ਮੈਡੀਕਲ ਐਗਜ਼ਾਮੀਨੇਸ਼ਨ ਕਰਵਾਓ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ ਸ਼੍ਰੀ ਅਰੁਣ ਨਾਰੰਗ ਅਤੇ ਸ਼੍ਰੀ ਸੋਮ ਪ੍ਰਕਾਸ਼ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਸਰਕਾਰ ਵਿਰੋਧੀ **ਨਾਅਰੇ ਲਗਾ ਰਹੇ ਸਨ ਜਿਹੜੇ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ :** ਡਿਬੇਟ ਸ਼ੁਰੂ ਹੋ ਰਹੀ ਹੈ, ਤੁਸੀਂ ਸਾਰੇ ਜਣੇ ਸੀਟਾਂ ਤੇ ਜਾ ਕੇ ਗਵਰਨਰ ਐਡਰੈਸ ਤੇ ਬੋਲ ਲਵੋ ਜੀ। (ਵਿਘਨ........ ਸ਼ੋਰ)

**ਮੁੱਖ ਮੰਤਰੀ :** ਇਹ ਕਿਹੋ ਜਿਹਾ ਸਦਨ ਹੈ, ਤੁਸੀਂ (ਵਿਰੋਧੀ ਧਿਰਾਂ ਵੱਲ ਇਸ਼ਾਰਾ) ਇਸ ਦੀ ਕੋਈ ਤਾਂ ਮਰਿਆਦਾ ਰੱਖੋ। ਇਸ ਸਦਨ ਦੀ ਕੋਈ ਸੈਂਕਟਿਟੀ ਤਾਂ ਰੱਖੋ। ਤੁਸੀਂ ਕੁਐਸਚਨ ਆਵਰ ਚੱਲਣ ਨਹੀਂ ਦਿੰਦੇ, ਇਹ ਫਾਈਲਾਂ ਚੁੱਕ ਕੇ ਤੁਹਾਡੇ ਤੇ ਵਗਾਹ ਕੇ ਮਾਰਦੇ ਹਨ, what is happening in the Punjab House. (ਵਿਘਨ, ਸ਼ੋਰ) ਮੈਨੂੰ ਅਫਸੋਸ ਹੈ ਕਿ ਇਸ ਸਮੇਂ ਜਦੋਂ ਇਹ ਗੁੰਡਾਗਰਦੀ ਚੱਲ ਰਹੀ ਹੈ, I happen to be the Leader of the House, ਮੈਨੂੰ ਇਸ ਗੱਲ ਦੀ ਸ਼ਰਮ ਆਉਂਦੀ ਹੈ। ਮੈਂ, ਸਪੀਕਰ ਸਾਹਿਬ, ਹੋਰ ਕੁਝ ਨਹੀਂ ਕਹਿਣਾ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ ਸ਼੍ਰੀ ਅਰੁਣ ਨਾਰੰਗ ਅਤੇ ਸ਼੍ਰੀ ਸੋਮ ਪ੍ਰਕਾਸ਼ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ **ਨਾਅਰੇ ਲਗਾ ਰਹੇ ਸਨ ਜਿਹੜੇ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

---

** Not recorded as ordered by the Chair.

**ਮੁੱਖ ਮੰਤਰੀ :** ਇਨ੍ਹਾਂ ਨੂੰ ਸੁਣਦਾ ਨਹੀਂ ਜਦਕਿ ਮੈਂ ਹੁਣੇ ਕਹਿ ਕੇ ਹਟਿਆ ਹਾਂ।

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ ਸਰਦਾਰ ਬਲਵਿੰਦਰ ਸਿੰਘ ਬੈਂਸ ਆਪਣੀ ਸੀਟ ਕੋਲ ਹੀ ਜ਼ਮੀਨ ਤੇ ਧਰਨੇ ਤੇ ਬੈਠ ਗਏ। ਸਦਨ ਵਿੱਚ ਬਹੁਤ ਸ਼ੋਰ ਸੀ।)

-----

## STARRED QUESTIONS AND ANSWERS *(Resumption)*

### ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 354**

**ਮਾਨਯੋਗ ਸਪੀਕਰ :** ਇਸ ਪ੍ਰਸ਼ਨ ਦੀ ਐਕਸਟੈਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

-----

**ਮਾਨਯੋਗ ਸਪੀਕਰ :** ਪ੍ਰਸ਼ਨ ਕਾਲ ਖ਼ਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ।

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38.

### ਬਿਸਤ ਦੋਆਬ ਨਹਿਰ ਸਿੰਜਾਈ ਵੰਡ ਸਿਸਟਮ

*343. **ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬਿਸਤ ਦੋਆਬ ਨਹਿਰ ਸਿੰਜਾਈ ਵੰਡ ਸਿਸਟਮ ਸੀ.ਏ.ਡੀ.ਏ. (ਕਮਾਂਡ ਏਰੀਆ ਡਿਵੈਲਪਮੈਂਟ ਅਥਾਰਿਟੀ) ਪ੍ਰੋਜੈਕਟ ਮਨਜ਼ੂਰ ਹੋ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ:-

ੳ) ਸੀ.ਏ.ਡੀ.ਏ. ਪਾਣੀ ਦੀ ਸਪਲਾਈ ਲਈ ਜ਼ਮੀਨ ਦੇ ਹੇਠਾਂ ਪਾਈਪਾਂ ਵਿਛਾਉਣ ਦਾ ਕੰਮ ਕਦੋਂ ਸ਼ੁਰੂ ਕਰੇਗੀ ਅਤੇ ਇਸ ਅਧੀਨ ਕਿੰਨਾ ਰਕਬਾ ਕਵਰ (ਸ਼ਾਮਿਲ) ਕੀਤਾ ਜਾਵੇਗਾ;

ਅ) ਕੀ ਧਰਤੀ ਦੇ ਹੇਠਲੇ ਪਾਣੀ ਦੇ ਪੱਧਰ ਦੇ ਗੰਭੀਰ ਹਾਲਾਤ ਨੂੰ ਵੇਖਦੇ ਹੋਏ ਸੀ.ਏ.ਡੀ.ਏ. ਦੇ ਅਧੀਨ ਰਕਬਾ ਵਧਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ;

ੲ) ਕੀ ਵੱਖ-ਵੱਖ ਥਾਵਾਂ ਤੇ ਨਹਿਰਾਂ ਦੇ ਨਾਲ ਰੀ-ਚਾਰਜਿੰਗ ਖੂਹਾਂ ਨੂੰ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੀ ਵਿਚਾਰ ਅਧੀਨ ਹੈ ਤਾਂ ਜੋ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਮੌਨਸੂਨਾਂ ਦੇ ਦੌਰਾਨ ਜਾਂ ਵਾਧੂ ਪਾਣੀ ਹੋਣ ਤੇ ਰੀ-ਚਾਰਜ ਕੀਤਾ ਜਾ ਸਕੇ ?

** For Starred Question No. 354 and reply thereto, please see Appndix to this Debate.

**ਰਾਣਾ ਗੁਰਜੀਤ ਸਿੰਘ :** ਨਹੀਂ ਜੀ।

(ੳ,ਅ) ਕਿਉਂਕਿ ਇਹ ਪ੍ਰੋਜੈਕਟ ਹਾਲੇ ਮਨਜ਼ੂਰ ਹੀ ਨਹੀਂ ਹੋਇਆ, ਇਸ ਕਰਕੇ ਲਾਗੂ ਨਹੀਂ ਹੁੰਦਾ।

(ੲ) ਹਾਂ ਜੀ, ਅਜਿਹੀ ਸਕੀਮ ਬਣਾਈ ਗਈ ਹੈ ਅਤੇ ਇਸ ਵਿੱਚ ਬਿਸਤ ਦੁਆਬ ਨਹਿਰ ਸਿਸਟਮ ਦੇ ਜ਼ਿਲ੍ਹੇ ਜਲੰਧਰ, ਕਪੂਰਥਲਾ ਤੇ ਸ਼ਹੀਦ ਭਗਤ ਸਿੰਘ ਨਗਰ ਸ਼ਾਮਿਲ ਹਨ।

-----

## ਪਿੰਡ ਖਨਾਲ ਖੁਰਦ ਦੇ ਸੀਵਰੇਜ ਸਿਸਟਮ ਸਬੰਧੀ

***96. ਸਰਦਾਰ ਹਰਪਾਲ ਸਿੰਘ ਚੀਮਾ :** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿੰਡ ਖਨਾਲ ਖੁਰਦ ਤਹਿਸੀਲ ਦਿੜ੍ਹਬਾ, ਜ਼ਿਲ੍ਹਾ ਸੰਗਰੂਰ ਦਾ ਸੀਵਰੇਜ ਸਿਸਟਮ ਬੰਦ ਪਿਆ ਹੈ; ਜੇਕਰ ਬੰਦ ਹੈ ਤਾਂ ਇਸ ਦੇ ਕੀ ਕਾਰਨ ਹਨ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਇਹ ਠੀਕ ਹੈ ਕਿ ਪਿੰਡ ਖ਼ਨਾਲ ਖੁਰਦ, ਤਹਿਸੀਲ ਦਿੜ੍ਹਬਾ, ਜਿਲ੍ਹਾ ਸੰਗਰੂਰ ਦਾ ਸੀਵਰੇਜ ਸਿਸਟਮ ਬੰਦ ਪਿਆ ਹੈ।

ਪਿੰਡ ਖ਼ਨਾਲ ਖੁਰਦ ਵਿਖੇ ਸੀਵਰੇਜ ਸਿਸਟਮ ਪਾਉਣ ਹਿੱਤ ਸਾਲ 2006 ਵਿੱਚ VDF (Village Development Fund) ਮੱਦ ਅਧੀਨ 78.01 ਲੱਖ ਰੁਪਏ ਦਾ ਕੰਮ ਅਲਾਟ ਕੀਤਾ ਗਿਆ ਸੀ ਅਤੇ ਅਲਾਟਮੈਂਟ ਅਨੁਸਾਰ 366 ਘਰਾਂ ਵਿੱਚ LLDPE (Linear Low Density Poly Ethylene) ਟੈਂਕਾਂ ਰਾਹੀਂ ਕੁਨੈਕਸ਼ਨ ਕਰਦੇ ਹੋਏ ਸੀਵਰ ਪਾਇਆ ਜਾਣਾ ਸੀ ਪਰ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਵੱਲੋਂ ਸਿਵਲ ਰਿੱਟ ਪਟੀਸ਼ਨ ਨੰ: 10197 ਆਫ 2007 ਤਹਿਤ ਦਿੱਤੇ ਗਏ ਫੈਸਲੇ ਅਨੁਸਾਰ LLDPE ਟੈਂਕਾਂ ਦੀ ਥਾਂ ਤੇ ਬਰਿੱਕ ਮੈਸਨਰੀ ਦੇ ਟੈਂਕ ਬਣਾਏ ਜਾਣੇ ਸਨ। ਕਿਉਂਜੋ ਬਰਿੱਕ ਮੈਸਨਰੀ ਦੇ ਟੈਂਕਾਂ ਦੀ ਲਾਗਤ LLDPE ਟੈਂਕਾਂ ਨਾਲੋਂ ਵੱਧ ਹੋਣ ਕਾਰਨ ਠੇਕੇਦਾਰ ਵੱਲੋਂ ਐਗਰੀਮੈਂਟ ਦੀ ਪ੍ਰਵਾਨਤ ਲਾਗਤ ਅਨੁਸਾਰ ਕੁੱਲ 366 ਘਰਾਂ ਵਿਚੋਂ ਸਿਰਫ 169 ਘਰਾਂ ਵਿੱਚ ਬਰਿੱਕ ਮੈਸਨਰੀ ਦੇ ਟੈਂਕ ਬਣਾਏ ਗਏ ਸਨ ਅਤੇ ਸੀਵਰੇਜ ਸਕੀਮ ਅੰਸ਼ਿਕ ਤੌਰ ਤੇ ਦਸੰਬਰ, 2011 ਵਿੱਚ ਚਾਲੂ ਕਰ ਦਿੱਤੀ ਗਈ ਸੀ; ਪਰ ਉਸ ਤੋਂ ਬਾਅਦ ਠੇਕੇਦਾਰ ਵੱਲੋਂ ਸੀਵਰੇਜ ਸਕੀਮ ਦੀ ਦੇਖਭਾਲ ਦਾ ਕੰਮ ਬੰਦ ਕਰ ਦਿੱਤਾ ਗਿਆ, ਜਿਸ ਲਈ ਠੇਕੇਦਾਰ ਦੇ ਨਾਲ ਆਰਬ੍ਰੀਟ੍ਰੇਸ਼ਨ ਸਬੰਧੀ ਕੇਸ ਚੱਲ ਰਿਹਾ ਹੈ। ਹੁਣ ਵਿਭਾਗ ਵੱਲੋਂ ਹਰ ਸੰਭਵ ਉਪਰਾਲਾ ਕਰਦੇ ਹੋਏ 169 ਘਰਾਂ ਦਾ ਸੀਵਰੇਜ ਸਿਸਟਮ 3 ਮਹੀਨੇ ਵਿੱਚ ਚਾਲੂ ਕਰ ਦਿੱਤਾ ਜਾਵੇਗਾ।

ਬਕਾਇਆ ਰਹਿੰਦੇ 197 ਨੰਬਰ ਘਰਾਂ ਵਿੱਚ ਟੈਂਕ ਉਸਾਰੀ ਦੇ ਕੰਮ ਦੀ ਅਲਾਟਮੈਂਟ ਵੱਖਰੇ ਠੇਕੇਦਾਰ ਨੂੰ ਅਪ੍ਰੈਲ, 2013 ਵਿੱਚ ਕੀਤੀ ਗਈ ਸੀ। ਠੇਕੇਦਾਰ ਵੱਲੋਂ

[ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ]

197 ਨੰਬਰ ਟੈਂਕਾਂ ਵਿੱਚੋਂ ਸਿਰਫ 170 ਨੰਬਰ ਟੈਂਕ ਹੀ ਮੌਕੇ ਤੇ ਉਸਾਰੇ ਗਏ ਪ੍ਰੰਤੂ 5-6 ਸਾਲ ਪਹਿਲਾਂ ਪਾਈ ਗਈ ਪਾਈਪ ਲਾਈਨ ਸੜਕ ਥੱਲੇ ਦੱਬ ਜਾਣ ਕਾਰਨ ਇਨ੍ਹਾਂ ਟੈਂਕਾਂ ਦੇ ਕੁਨੈਕਸ਼ਨ ਸੀਵਰੇਜ ਸਿਸਟਮ ਨਾਲ ਨਹੀਂ ਹੋ ਸਕੇ। ਪੀ.ਐਮ.ਜੀ.ਵਾਈ. ਅਧੀਨ ਆਉਂਦੀ ਸੜਕ ਵਿੱਚ ਲੋੜੀਂਦੀ ਕਟਿੰਗ ਕਰਨ ਹਿੱਤ ਸਬੰਧਿਤ ਮਹਿਕਮੇ ਤੋਂ ਮਨਜ਼ੂਰੀ ਲੈਣ ਲਈ ਲੋੜੀਂਦੀ ਕਾਰਵਾਈ ਕੀਤੀ ਜਾ ਰਹੀ ਹੈ। ਪ੍ਰਵਾਨਗੀ ਪ੍ਰਵਾਨ ਹੋਣ ਉਪਰੰਤ 170 ਨੰਬਰ ਘਰਾਂ ਵਿੱਚ ਬਣਾਏ ਟੈਂਕਾਂ ਨੂੰ ਸੀਵਰ ਸਿਸਟਮ ਨਾਲ ਜੋੜਨ ਸਬੰਧੀ ਕੰਮ ਨੂੰ 6 ਮਹੀਨਿਆਂ ਵਿੱਚ ਮੁਕੰਮਲ ਕਰ ਲਿਆ ਜਾਵੇਗਾ।

-----

## UNSTARRED QUESTIONS AND ANSWERS

### ਨੂਰਪੁਰ ਬੇਦੀ ਵਿਖੇ ਉਦਯੋਗਿਕ ਯੂਨਿਟ ਲਗਾਉਣ ਬਾਰੇ

**1. ਸਰਦਾਰ ਅਮਰਜੀਤ ਸਿੰਘ ਸੰਦੋਆ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਨੂਰਪੁਰ-ਬੇਦੀ ਸਬ-ਤਹਿਸੀਲ ਵਿੱਚ ਨਾਲਾਗੜ੍ਹ-ਬੱਦੀ (ਹਿਮਾਚਲ ਪ੍ਰਦੇਸ਼) ਦੀ ਤਰਜ਼ ਤੇ ਕੋਈ ਉਦਯੋਗ ਲਗਾਏ ਜਾਣ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੈ ਤਾਂ ਉਸ ਦੇ ਵੇਰਵੇ ਕੀ ਹਨ?

**ਕੈਪਟਨ ਅਮਰਿੰਦਰ ਸਿੰਘ :** ਨਹੀਂ ਜੀ। ਸਬ-ਤਹਿਸੀਲ ਨੂਰਪੁਰ ਬੇਦੀ ਵਿਖੇ ਉਦਯੋਗਿਕ ਪ੍ਰੋਜੈਕਟ ਸਥਾਪਿਤ ਕਰਨ ਲਈ ਵਿਭਾਗ ਪਾਸ ਕੋਈ ਤਜਵੀਜ਼ ਹਾਲ ਦੀ ਘੜੀ ਵਿਚਾਰ ਅਧੀਨ ਨਹੀਂ ਹੈ।

-----

### ਆਦਰਸ਼ ਸੈਕੰਡਰੀ ਸਕੂਲ, ਪਥਰਾਲਾ ਦੀ ਭਾਈਵਾਲੀ ਸਬੰਧੀ

**15. ਮਿਸ ਰੁਪਿੰਦਰ ਕੌਰ ਰੂਬੀ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

ੳ) ਕੀ ਰਾਜ ਵਿੱਚ ਆਦਰਸ਼ ਸਕੂਲ ਨਿੱਜੀ ਐਜੂਕੇਸ਼ਨ ਵੈਲਫੇਅਰ ਸੁਸਾਇਟੀਆਂ ਦੀ ਭਾਈਵਾਲੀ ਨਾਲ ਚਲਾਏ ਜਾਂਦੇ ਹਨ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ 'ਹਾਂ' ਵਿੱਚ ਹੈ ਤਾਂ ਸਾਲ 2012 ਤੋਂ ਮਿਤੀ 31.3.2017 ਤੱਕ ਆਦਰਸ਼ ਸੈਕੰਡਰੀ ਸਕੂਲ, ਪਥਰਾਲਾ ਜ਼ਿਲ੍ਹਾ ਬਠਿੰਡਾ ਨੂੰ ਕਿਹੜੀਆਂ ਕਿਹੜੀਆਂ ਸੁਸਾਇਟੀਆਂ ਦੀ ਭਾਈਵਾਲੀ ਨਾਲ ਚਲਾਇਆ ਗਿਆ?

**ਸ਼੍ਰੀਮਤੀ ਅਰੁਨਾ ਚੌਧਰੀ :** ੳ) ਜੀ ਹਾਂ।

ਅ) ਸਾਲ 2012 ਤੋਂ 2013 ਤੱਕ ਇਹ ਸਕੂਲ ਐਡੂਕੌਂਪ ਸਲਿਊਸ਼ਨਜ਼ ਲਿਮਟਿਡ ਵੱਲੋਂ, 2013 ਤੋਂ ਸਬੰਧਤ ਐਸ.ਡੀ.ਐਮ. ਰਾਹੀਂ 22.12.16 ਤੱਕ ਅਤੇ ਮਿਤੀ 23.12.16 ਤੋਂ ਸ਼ਹੀਦ ਊਧਮ ਸਿੰਘ ਐਜੂਕੇਸ਼ਨਲ ਐਂਡ ਵੈਲਫੇਅਰ ਸੁਸਾਇਟੀ ਵੱਲੋਂ ਚਲਾਇਆ ਜਾ ਰਿਹਾ ਹੈ।

-----

## ਮੌੜ (ਬਠਿੰਡਾ) ਵਿਖੇ ਪਾਣੀ ਦੀਆਂ ਪਾਈਪਾਂ ਵਿਛਾਉਣੀਆਂ

**28. ਸਰਦਾਰ ਜਗਦੇਵ ਸਿੰਘ :** ਕੀ ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

ੳ) ਕੀ ਇਹ ਠੀਕ ਹੈ ਕਿ ਤਹਿਸੀਲ ਮੌੜ, ਜ਼ਿਲ੍ਹਾ ਬਠਿੰਡਾ ਦੇ ਬਹੁਤ ਸਾਰੇ ਪਿੰਡਾਂ ਵਿੱਚ ਵਾਟਰ ਸਪਲਾਈ ਦਾ ਪਾਣੀ ਪੂਰਾ ਨਹੀਂ ਪਹੁੰਚ ਰਿਹਾ;

ਅ) ਕੀ ਇਹ ਵੀ ਠੀਕ ਹੈ ਕਿ ਉਪਰੋਕਤ ਪਿੰਡਾਂ ਤੱਕ ਪਾਣੀ ਦੀਆਂ ਪਾਈਪਾਂ ਨਹੀਂ ਪਾਈਆਂ ਗਈਆਂ; ਜੇਕਰ ਅਜਿਹਾ ਹੈ ਤਾਂ ਇਹ ਪਾਈਪਾਂ ਕਦੋਂ ਤੱਕ ਵਿਛਾਏ ਜਾਣ ਦੀ ਸੰਭਾਵਨਾ ਹੈ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** (ੳ) ਇਹ ਠੀਕ ਹੈ ਕਿ ਤਹਿਸੀਲ ਮੌੜ, ਜ਼ਿਲ੍ਹਾ ਬਠਿੰਡਾ ਦੇ ਕੁਝ ਪਿੰਡਾਂ ਵਿੱਚ ਜਲ ਸਪਲਾਈ ਸਕੀਮ ਦਾ ਪਾਣੀ ਪੂਰਾ ਨਹੀਂ ਪਹੁੰਚ ਰਿਹਾ। ਤਹਿਸੀਲ ਮੌੜ ਵਿੱਚ ਕੁੱਲ 50 ਪਿੰਡ ਹਨ, ਇਨ੍ਹਾਂ 50 ਪਿੰਡਾਂ ਨੂੰ 45 ਪਾਈਪਡ ਜਲ ਸਪਲਾਈ ਸਕੀਮਾਂ ਰਾਹੀਂ ਪੀਣਯੋਗ ਪਾਣੀ ਦਿੱਤਾ ਜਾ ਰਿਹਾ ਹੈ, ਜਿਸ ਵਿੱਚੋਂ 42 ਪਿੰਡਾਂ ਵਿੱਚ ਡਿਜ਼ਾਈਨ ਅਨੁਸਾਰ ਘੱਟੋ ਘੱਟ 70 ਲੀਟਰ ਪ੍ਰਤੀ ਵਿਅਕਤੀ ਰੋਜ਼ਾਨਾ ਜਲ ਸਪਲਾਈ ਦਿੱਤੀ ਜਾ ਰਹੀ ਹੈ। ਬਾਕੀ ਰਹਿੰਦੇ 8 ਪਿੰਡਾਂ ਵਿੱਚ ਜਲ ਘਰਾਂ ਦੀ ਸਮਰੱਥਾ ਘੱਟ ਹੋਣ ਕਾਰਨ ਅਤੇ ਬਕਾਇਆ ਰਹਿੰਦੀਆਂ ਗਲੀਆਂ ਵਿੱਚ ਪਾਈਪ ਲਾਈਨਾਂ ਨਾ ਹੋਣ ਕਾਰਨ ਪਾਣੀ ਦੀ ਕੁਝ ਕਮੀ ਹੈ। ਉਪਰੋਕਤ ਸਾਰੇ ਪਿੰਡਾਂ ਵਿੱਚ ਮਹਿਕਮੇ ਵੱਲੋਂ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਸਪਲਾਈ ਵਿੱਚ ਹੋਰ ਵਧੇਰੇ ਸੁਧਾਰ ਕਰਨ ਹਿੱਤ ਯੋਗ ਉਪਰਾਲੇ ਕੀਤੇ ਜਾ ਰਹੇ ਹਨ।

(ਅ) ਉਪਰੋਕਤ 8 ਪਿੰਡਾਂ ਦੀਆਂ ਕੁਝ ਗਲੀਆਂ ਵਿੱਚ ਪਾਣੀ ਦੀਆਂ ਪਾਈਪਾਂ ਪਾਉਣੀਆਂ ਬਕਾਇਆ ਹਨ, ਜਿਨ੍ਹਾਂ ਵਿੱਚੋਂ 3 ਪਿੰਡਾਂ, ਰਾਮ ਨਿਵਾਸ, ਦੌਲਤਪੁਰਾ ਅਤੇ ਜੋਧਪੁਰ ਪਾਖਰ ਦੇ ਜਲ ਘਰਾਂ ਦੀ ਸਮਰੱਥਾ ਵਧਾਉਣ ਅਤੇ ਬਕਾਇਆ ਰਹਿੰਦੀਆਂ ਪਾਈਪਾਂ ਪਾਉਣ ਦਾ ਕੰਮ 475.57 ਲੱਖ ਰੁਪਏ ਦੀ ਲਾਗਤ ਨਾਲ ਵਰਲਡ ਬੈਂਕ ਪ੍ਰੋਜੈਕਟ ਤਹਿਤ ਪ੍ਰਗਤੀ ਅਧੀਨ ਹਨ। ਇਹ ਕੰਮ ਮਿਤੀ 30.9.2017 ਤੱਕ ਮੁਕੰਮਲ ਹੋ ਜਾਣਗੇ। ਇਸ ਤੋਂ ਇਲਾਵਾ ਬਕਾਇਆ 5 ਪਿੰਡਾਂ, ਮਾਨਸਾ ਖੁਰਦ, ਮਾਨਸਾ ਕਲਾਂ, ਝੰਡੂਕੇ, ਘੁੜੈਲੀ ਅਤੇ ਕੁੱਤੀਵਾਲ ਖੁਰਦ ਵਿੱਚ ਜਲ ਸਪਲਾਈ ਦੀ ਸਮਰੱਥਾ ਵਧਾਉਣ ਅਤੇ ਬਕਾਇਆ ਗਲੀਆਂ ਵਿੱਚ ਪਾਈਪਾਂ ਪਾਉਣ ਹਿੱਤ ਲੋੜੀਂਦੇ ਤਖਮੀਨੇ ਤਿਆਰ ਕੀਤੇ ਗਏ ਹਨ ਅਤੇ ਫੰਡਾਂ ਦੀ ਉਪਲਬਧਤਾ ਹੋਣ ਤੇ ਪ੍ਰਸਾਸ਼ਕੀ ਪ੍ਰਵਾਨਗੀ ਜਾਰੀ ਕਰ ਦਿੱਤੀ ਜਾਵੇਗੀ।

-----

## ਘੁੱਦਾ, ਜ਼ਿਲ੍ਹਾ ਬਠਿੰਡਾ ਦੇ ਹਸਪਤਾਲ ਵਿੱਚ ਸਟਾਫ ਅਤੇ ਸਾਜ਼ੋ-ਸਮਾਨ ਦੀ ਪੂਰਤੀ

**16. ਮਿਸ ਰੁਪਿੰਦਰ ਕੌਰ ਰੂਬੀ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਕੀ ਇਹ ਠੀਕ ਹੈ ਕਿ ਸਬ-ਡਵੀਜ਼ਨ ਹਸਪਤਾਲ, ਘੁੱਦਾ ਜ਼ਿਲ੍ਹਾ ਬਠਿੰਡਾ ਵਿੱਚ ਮਾਹਿਰ ਡਾਕਟਰ, ਸਟਾਫ ਨਰਸਾਂ ਅਤੇ ਹੋਰ ਲੋੜੀਂਦੇ ਸਟਾਫ ਦੀਆਂ ਆਸਾਮੀਆਂ ਸਾਲ 2012 ਤੋਂ ਖਾਲੀ ਪਈਆਂ ਹਨ;

ਅ) ਕੀ ਇਹ ਵੀ ਠੀਕ ਹੈ ਕਿ ਉਕਤ ਹਸਪਤਾਲ ਵਿੱਚ ਲੋੜੀਂਦੀਆਂ ਮਸ਼ੀਨਾਂ ਅਤੇ ਹੋਰ ਸਾਜ਼ੋ-ਸਮਾਨ ਦੀ ਬਹੁਤ ਘਾਟ ਹੈ;

ੲ) ਜੇਕਰ ਭਾਗ (ੳ) ਅਤੇ (ਅ) ਦਾ ਜਵਾਬ 'ਹਾਂ' ਵਿੱਚ ਹੈ ਤਾਂ ਉਕਤ ਹਸਪਤਾਲ ਵਿੱਚ ਖਾਲੀ ਪਈਆਂ ਆਸਾਮੀਆਂ ਨੂੰ ਭਰਨ ਅਤੇ ਲੋੜੀਂਦੀਆਂ ਮਸ਼ੀਨਾਂ ਅਤੇ ਸਾਜ਼ੋ-ਸਮਾਨ ਨੂੰ ਕਦੋਂ ਤੱਕ ਮੁਹੱਈਆ ਕੀਤੇ ਜਾਣ ਦੀ ਸੰਭਾਵਨਾ ਹੈ?

**ਸ਼੍ਰੀ ਬ੍ਰਹਮ ਮਹਿੰਦਰਾ :** ਸ਼੍ਰੀਮਾਨ ਜੀ, (ੳ) ਸਬ-ਡਵੀਜ਼ਨਲ (ਸਿਵਲ) ਹਸਪਤਾਲ, ਘੁੱਦਾ, ਜ਼ਿਲ੍ਹਾ ਬਠਿੰਡਾ ਵਿਖੇ ਮਾਹਿਰ ਡਾਕਟਰਾਂ ਅਤੇ ਬਾਕੀ ਅਮਲੇ ਦੀਆਂ ਕੁੱਲ 69 ਮਨਜ਼ੂਰਸ਼ੁਦਾ ਆਸਾਮੀਆਂ ਹਨ, ਜਿਨ੍ਹਾਂ ਵਿੱਚੋਂ ਕੁੱਲ 20 ਆਸਾਮੀਆਂ ਭਰੀਆਂ ਅਤੇ 49 ਆਸਾਮੀਆਂ ਖਾਲੀ ਹਨ। ਇਸ ਸੰਸਥਾ ਵਿਖੇ ਸੀਨੀਅਰ ਮੈਡੀਕਲ ਅਫਸਰ ਦੀ 01 ਆਸਾਮੀ ਮਨਜ਼ੂਰਸ਼ੁਦਾ ਹੈ, ਜੋ ਕਿ ਭਰੀ ਹੋਈ ਹੈ। ਮੈਡੀਕਲ ਅਫਸਰ (ਮਾਹਿਰ) ਦੀਆਂ 08 ਆਸਾਮੀਆਂ ਮਨਜ਼ੂਰਸ਼ੁਦਾ ਹਨ, ਜਿਨ੍ਹਾਂ ਵਿੱਚੋਂ 03 ਆਸਾਮੀਆਂ ਭਰੀਆਂ ਅਤੇ 05 ਆਸਾਮੀਆਂ ਖਾਲੀ ਹਨ। ਮੈਡੀਕਲ ਅਫਸਰ (ਡੈਂਟਲ) ਦੀ 01 ਆਸਾਮੀ ਮਨਜ਼ੂਰਸ਼ੁਦਾ ਹੈ, ਜੋ ਕਿ ਭਰੀ ਹੋਈ ਹੈ। ਸਬ-ਡਵੀਜ਼ਨਲ (ਸਿਵਲ) ਹਸਪਤਾਲ, ਘੁੱਦਾ ਵਿਖੇ ਕੈਟਾਗਰੀ-ਵਾਈਜ਼ ਮਨਜ਼ੂਰਸ਼ੁਦਾ, ਭਰੀਆਂ ਅਤੇ ਖਾਲੀ ਆਸਾਮੀਆਂ ਸਬੰਧੀ ਵੇਰਵਾ ਹੇਠਾਂ ਅਨੁਲੱਗ-ੳ ਤੇ ਹੈ।

(ਅ) ਸਬ-ਡਵੀਜ਼ਨਲ ਹਸਪਤਾਲ, ਘੁੱਦਾ, ਜ਼ਿਲ੍ਹਾ ਬਠਿੰਡਾ ਵਿਖੇ ਸਾਜ਼ੋ-ਸਮਾਨ ਦੀ ਕੋਈ ਘਾਟ ਨਹੀਂ ਹੈ।

(ੲ) ਰਾਜ ਸਰਕਾਰ ਵੱਲੋਂ ਸਿਹਤ ਸੰਸਥਾਵਾਂ ਵਿਖੇ ਖਾਲੀ ਪਈਆਂ ਮੈਡੀਕਲ ਅਫਸਰ (ਮਾਹਿਰ) ਦੀਆਂ ਆਸਾਮੀਆਂ ਨੂੰ ਵਾਕ-ਇੰਨ-ਇੰਟਰਵਿਊ ਰਾਹੀਂ ਭਰਨ ਸਬੰਧੀ ਪ੍ਰਕ੍ਰਿਆ ਲਗਾਤਾਰ ਜਾਰੀ ਹੈ ਅਤੇ ਸਾਜ਼ੋ-ਸਮਾਨ ਦਾ ਆਧੁਨਿਕੀਕਰਨ ਕਰਵਾਉਣ ਸਬੰਧੀ ਵੀ ਸਰਕਾਰ ਵੱਲੋਂ ਉਪਰਾਲੇ ਕੀਤੇ ਜਾ ਰਹੇ ਹਨ। ਇਸ ਤੋਂ ਇਲਾਵਾ ਸਟਾਫ ਨਰਸਾਂ 674 ਦੇ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਹਨ।

**ਅਨੁਲੱਗ ੳ**

| ਲੜੀ ਨੰ: | ਆਸਾਮੀ ਦਾ ਨਾਮ | | ਸਬ-ਡਵੀਜ਼ਨਲ (ਸਿਵਲ) ਹਸਪਤਾਲ, ਘੁੱਦਾ (ਬਠਿੰਡਾ) | | |
|---|---|---|---|---|---|
| | | | ਮਨਜ਼ੂਰਸ਼ੁਦਾ | ਭਰੀਆਂ | ਖਾਲੀ |
| 1) | ਸੀਨੀਅਰ ਮੈਡੀਕਲ ਅਫਸਰ | | 01 | 01 | 00 |
| 2) | ਮੈਡੀਕਲ ਅਫਸਰ (ਮਾਹਿਰ) | ਮੈਡੀਸਨ | 02 | 00 | 02 |
| | | ਸਰਜਰੀ | 02 | 00 | 02 |
| | | ਗਾਇਨੀ | 02 | 01 | 01 |
| | | ਬੱਚਿਆਂ | 01 | 01 | 00 |
| | | ਹੱਡੀਆਂ | 01 | 01 | 00 |
| 3) | ਮੈਡੀਕਲ ਅਫਸਰ (ਜਨਰਲ) | | 07 | 02 | 05 |
| 4) | ਮੈਡੀਕਲ ਅਫਸਰ (ਡੈਂਟਲ) | | 01 | 01 | 00 |
| 5) | ਬੀ.ਟੀ.ਓ. | | 01 | 01 | 00 |
| 6) | ਅਪਥਾਲਮਿਕ ਅਫਸਰ | | 01 | 01 | 00 |
| 7) | ਸਟਾਫ ਨਰਸ | | 10 | 01 | 09 |
| 8) | ਫਾਰਮਾਸਿਸਟ | | 03 | 03 | 00 |
| 9) | ਰੇਡੀਓਗ੍ਰਾਫਰ | | 01 | 01 | 00 |
| 10) | ਓ.ਟੀ.ਏ. | | 01 | 00 | 01 |
| 11) | ਐਮ.ਐਲ.ਟੀ. ਗ੍ਰੇਡ-2 | | 03 | 01 | 02 |
| 12) | ਅਕਾਊਂਟੈਂਟ | | 01 | 01 | 00 |
| 13) | ਸਟੈਨੋ ਟਾਈਪਿਸਟ | | 01 | 01 | 00 |
| 14) | ਡਰਾਈਵਰ | | 02 | 01 | 01 |
| 15) | ਦਰਜਾ-4 | | 22 | 02 | 20 |
| 16) | ਸਵੀਪਰ | | 06 | 00 | 06 |
| 17) | ਕੁੱਲ | | 69 | 20 | 49 |

-----

## ਮੌੜ (ਬਠਿੰਡਾ) ਦੇ ਸਕੂਲਾਂ ਵਿੱਚ ਅਧਿਆਪਕਾਂ ਦੀ ਘਾਟ ਪੂਰੀ ਕਰਨਾ

**29. ਸਰਦਾਰ ਜਗਦੇਵ ਸਿੰਘ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

ੳ) ਕੀ ਇਹ ਠੀਕ ਹੈ ਕਿ ਤਹਿਸੀਲ ਮੌੜ, ਜ਼ਿਲ੍ਹਾ ਬਠਿੰਡਾ ਦੇ ਪ੍ਰਾਇਮਰੀ/ਐਲੀਮੈਂਟਰੀ ਅਤੇ ਸੈਕੰਡਰੀ ਸਕੂਲਾਂ ਵਿੱਚ ਅਧਿਆਪਕਾਂ ਦੀ ਘਾਟ ਕਾਰਨ ਬੱਚਿਆਂ ਦੀ ਪੜ੍ਹਾਈ ਦਾ ਬਹੁਤ ਨੁਕਸਾਨ ਹੋ ਰਿਹਾ ਹੈ; ਜੇਕਰ ਅਜਿਹਾ ਹੈ ਤਾਂ ਅਧਿਆਪਕਾਂ ਦੀ ਘਾਟ ਨੂੰ ਕਦੋਂ ਤੱਕ ਪੂਰਾ ਕਰ ਲਿਆ ਜਾਵੇਗਾ;

ਅ) ਕੀ ਭਾਗ (ੳ) ਵਿੱਚ ਵਰਣਿਤ ਸਕੂਲਾਂ ਵਿੱਚੋਂ ਅੱਪ-ਗ੍ਰੇਡ ਕੀਤੇ ਸਕੂਲਾਂ ਵਿੱਚ ਚਾਲੂ ਸੈਸ਼ਨ ਵਿੱਚ ਨਵੀਆਂ ਕਲਾਸਾਂ ਸ਼ੁਰੂ ਕੀਤੀਆਂ ਗਈਆਂ ਹਨ; ਜੇਕਰ ਨਹੀਂ ਤਾਂ ਇਹ ਕਦੋਂ ਤੱਕ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ?

**ਸ਼੍ਰੀਮਤੀ ਅਰੁਨਾ ਚੌਧਰੀ :** (ੳ) ਇਹ ਠੀਕ ਹੈ ਕਿ ਤਹਿਸੀਲ ਮੌੜ, ਬਠਿੰਡਾ ਦੇ ਪ੍ਰਾਇਮਰੀ/ਐਲੀਮੈਂਟਰੀ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਅਧਿਆਪਕਾਂ ਦੀ ਘਾਟ ਹੈ। ਇਸ ਘਾਟ ਨੂੰ ਪੂਰਾ ਕਰਨ ਲਈ ਵਿਭਾਗ ਵੱਲੋਂ ਜਲਦੀ ਹੀ ਕਾਰਵਾਈ ਕੀਤੀ ਜਾਵੇਗੀ।

(ਅ) ਮਿਤੀ 01.04.2017 ਤੋਂ ਤਹਿਸੀਲ ਮੌੜ, ਬਠਿੰਡਾ ਵਿੱਚ ਨਵੀਆਂ ਕਲਾਸਾਂ ਸ਼ੁਰੂ ਨਹੀਂ ਕੀਤੀਆਂ ਗਈਆਂ ਹਨ। ਇਨ੍ਹਾਂ ਅਪਗ੍ਰੇਡ ਸਕੂਲਾਂ ਵਿੱਚ ਨਵੀਆਂ ਕਲਾਸਾਂ ਸ਼ੁਰੂ ਕਰਨ ਲਈ ਮਾਮਲਾ ਵਿਚਾਰ ਅਧੀਨ ਹੈ।

-----

## ਬਰਨਾਲਾ ਜ਼ਿਲ੍ਹੇ ਵਿੱਚ ਪਖਾਨੇ ਬਣਾਉਣਾ

**37. ਸਰਦਾਰ ਕੁਲਵੰਤ ਸਿੰਘ :** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਬਰਨਾਲਾ ਵਿੱਚ ਪਿਛਲੇ 5 ਸਾਲਾਂ ਦੇ ਦੌਰਾਨ ਸਰਕਾਰ ਦੇ ਸੈਨੀਟੇਸ਼ਨ ਵਿਭਾਗ ਦੁਆਰਾ ਕਿੰਨੇ ਪਖਾਨੇ ਬਣਾਏ ਗਏ, ਉਨ੍ਹਾਂ ਤੇ ਕਿੰਨੀ ਲਾਗਤ ਆਈ ਅਤੇ ਉਨ੍ਹਾਂ ਦੇ ਪਿੰਡਵਾਰ ਵੇਰਵੇ ਕੀ ਹਨ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੁਆਰਾ ਪਿਛਲੇ ਪੰਜ ਸਾਲਾਂ ਦੌਰਾਨ 01.04.2012 ਤੋਂ 08.06.2017 ਤੱਕ 7288 ਪਖਾਨੇ ਬਣਾਏ ਗਏ, ਜਿਨ੍ਹਾਂ ਤੇ ਕੁੱਲ ਲਾਗਤ 10.81 ਕਰੋੜ ਰੁਪਏ ਆਈ ਹੈ। ਇਨ੍ਹਾਂ ਦਾ ਪਿੰਡ ਵਾਰ ਵੇਰਵਾ/ਵਿਅਕਤੀਆਂ ਦੇ ਨਾਮ ਅਨੈਕਸਚਰ (ੳ)* ਤੇ ਹੈ।

-----

*Placed in the Revisor's Branch.

## ਪੰਜਾਬ ਵਿੱਚ 1969 ਤੋਂ ਬਾਅਦ ਫੈਕਟਰੀਆਂ 'ਚ ਕੰਮ ਕਰਦੇ ਕਾਮਿਆਂ ਲਈ ਮਕਾਨ ਅਲਾਟ ਕਰਨਾ

**38. ਸਰਦਾਰ ਬਲਬੀਰ ਸਿੰਘ ਸਿੱਧੂ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:

ੳ) ਕੀ ਕਿਰਤ ਵਿਭਾਗ, ਪੰਜਾਬ ਵੱਲੋਂ 1969 ਤੋਂ ਬਾਅਦ ਫੈਕਟਰੀਆਂ ਵਿੱਚ ਕੰਮ ਕਰਦੇ ਕਾਮਿਆਂ ਲਈ ਮੋਹਾਲੀ ਅਤੇ ਹੋਰ ਸ਼ਹਿਰਾਂ ਵਿੱਚ ਕੋਈ ਮਕਾਨ ਬਣਾਏ ਗਏ ਸਨ;

ਅ) ਜੇਕਰ ਹਾਂ, ਤਾਂ ਕੀ ਲੋਕਾਂ ਨੂੰ ਇਨ੍ਹਾਂ ਮਕਾਨਾਂ ਦੀ ਅਲਾਟਮੈਂਟ ਕਰ ਦਿੱਤੀ ਗਈ ਹੈ; ਜੇਕਰ ਨਹੀਂ ਤਾਂ ਕਦੋਂ ਤੱਕ ਇਹ ਅਲਾਟਮੈਂਟ ਕਰ ਦਿੱਤੀ ਜਾਵੇਗੀ?

**ਕੈਪਟਨ ਅਮਰਿੰਦਰ ਸਿੰਘ :** (ੳ) ਹਾਂ ਜੀ। ਕਿਰਤ ਵਿਭਾਗ ਵਲੋਂ ਰਾਜ ਵਿੱਚ ਕੁੱਲ 1950 ਮਕਾਨ ਬਣਾਏ ਗਏ ਹਨ।

(ਅ) ਹਾਂ ਜੀ। ਇਨ੍ਹਾਂ ਮਕਾਨਾਂ ਦੀ ਅਲਾਟਮੈਂਟ ਫੈਕਟਰੀਆਂ ਵਿੱਚ ਕੰਮ ਕਰਦੇ ਕਾਮਿਆਂ ਨੂੰ ਕੀਤੀ ਗਈ ਹੈ।

-----

## ਮੌੜ ਮੰਡੀ ਵਿਖੇ ਹੋਏ ਬੰਬ ਬਲਾਸਟ ਦੇ ਦੋਸ਼ੀਆਂ ਨੂੰ ਪਕੜਨਾ

**30. ਸਰਦਾਰ ਜਗਦੇਵ ਸਿੰਘ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ -

ੳ) ਕੀ ਇਹ ਠੀਕ ਹੈ ਕਿ ਜਨਵਰੀ, 2017 ਵਿੱਚ ਮੌੜ ਮੰਡੀ, ਜ਼ਿਲ੍ਹਾ ਬਠਿੰਡਾ ਵਿਖੇ ਬੰਬ ਬਲਾਸਟ ਹੋਇਆ ਸੀ;

ਅ) ਜੇਕਰ ਭਾਗ (ੳ) ਦਾ ਉੱਤਰ 'ਹਾਂ' ਵਿੱਚ ਹੈ ਤਾਂ ਬੰਬ ਬਲਾਸਟ ਵਿੱਚ ਕਿੰਨੇ ਵਿਅਕਤੀਆਂ ਦੀ ਮੌਤ ਹੋਈ ਅਤੇ ਕੀ ਕੋਈ ਦੋਸ਼ੀ ਪਕੜਿਆ ਗਿਆ ਹੈ; ਜੇਕਰ ਪਕੜਿਆ ਗਿਆ ਹੈ ਤਾਂ ਵੇਰਵੇ ਦਿੱਤੇ ਜਾਣ?

**ਕੈਪਟਨ ਅਮਰਿੰਦਰ ਸਿੰਘ :** (ੳ) ਹਾਂ ਜੀ। ਜਨਵਰੀ, 2017 ਵਿੱਚ ਮੌੜ ਮੰਡੀ, ਜ਼ਿਲ੍ਹਾ ਬਠਿੰਡਾ ਵਿਖੇ ਬੰਬ ਬਲਾਸਟ ਹੋਇਆ ਸੀ।

(ਅ) ਇਸ ਬੰਬ ਬਲਾਸਟ ਵਿੱਚ 7 ਵਿਅਕਤੀਆਂ ਦੀ ਮੌਤ ਹੋ ਗਈ ਸੀ ਅਤੇ ਹੁਣ ਤੱਕ ਕੋਈ ਵਿਅਕਤੀ ਪਕੜਿਆ ਨਹੀਂ ਗਿਆ ਹੈ।

-----

## ਸ਼ਗਨ ਸਕੀਮ ਅਧੀਨ ਪ੍ਰਾਪਤ ਹੋਈਆਂ ਦਰਖਾਸਤਾਂ

**39. ਸਰਦਾਰ ਕੁਲਬੀਰ ਸਿੰਘ ਜ਼ੀਰਾ :** ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

ੳ) ਵਿਧਾਨ ਸਭਾ ਹਲਕਾ ਜ਼ੀਰਾ ਵਿੱਚ ਪਿਛਲੇ ਪੰਜ ਸਾਲਾਂ ਦੌਰਾਨ ਸ਼ਗਨ ਸਕੀਮ

[ ਸਰਦਾਰ ਕੁਲਬੀਰ ਸਿੰਘ ਜ਼ੀਰਾ ]

ਦੀਆਂ ਕੁੱਲ ਕਿੰਨੀਆਂ ਦਰਖਾਸਤਾਂ ਪ੍ਰਾਪਤ ਹੋਈਆਂ ਹਨ;

ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਦਰਖਾਸਤਾਂ ਵਿੱਚੋਂ ਕਿੰਨੀਆਂ ਨੂੰ ਸ਼ਗਨ ਸਕੀਮ ਅਧੀਨ ਲਾਭ ਦੇ ਦਿੱਤਾ ਗਿਆ ਹੈ ਅਤੇ ਪੈਂਡਿੰਗ ਪਈਆਂ ਦਰਖਾਸਤਾਂ ਦਾ ਕਦੋਂ ਤੱਕ ਨਿਪਟਾਰਾ ਕਰ ਦਿੱਤਾ ਜਾਵੇਗਾ?

**ਸਰਦਾਰ ਸਾਧੂ ਸਿੰਘ :** (ੳ) ਪਿਛਲੇ ਪੰਜ ਸਾਲਾਂ (ਸਾਲ 2012-13 ਤੋਂ 2016-17) ਦੌਰਾਨ ਸ਼ਗਨ ਸਕੀਮ ਦੀਆਂ ਕੁੱਲ 3450 ਦਰਖਾਸਤਾਂ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਵਿੱਚੋਂ 259 ਦਰਖਾਸਤਾਂ ਰੱਦ ਕਰ ਦਿੱਤੀਆਂ ਸਨ।

(ਅ) 3191 ਦਰਖਾਸਤਾਂ (3450-259) ਵਿੱਚੋਂ 2924 ਲਾਭਪਾਤਰਾਂ ਨੂੰ ਸ਼ਗਨ ਸਕੀਮ ਅਧੀਨ ਲਾਭ ਦੇ ਦਿੱਤਾ ਗਿਆ ਹੈ। ਮਹੀਨਾ 12/2016 ਤੋਂ 31 ਮਾਰਚ, 2017 ਤੱਕ ਦੀਆਂ 267 ਪੈਂਡਿੰਗ ਦਰਖਾਸਤਾਂ ਦਾ ਨਿਪਟਾਰਾ ਵਿਭਾਗ ਨੂੰ ਫੰਡਜ਼ ਪ੍ਰਾਪਤ ਹੋਣ ਤੇ ਸਮਾਂ-ਬੱਧ ਢੰਗ ਨਾਲ ਕਰ ਦਿੱਤਾ ਜਾਵੇਗਾ।

-----

**ਬਿਨਾਂ ਨਿਸ਼ਾਨ ਨਾਲ ਪ੍ਰਸ਼ਨ ਨੰ: 40****

(ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ।)

-----

### ਸਿਵਲ ਹਸਪਤਾਲ ਮੌੜ ਮੰਡੀ ਵਿਖੇ ਪੋਸਟ ਮਾਰਟਮ ਦੀ ਸੁਵਿਧਾ

**31. ਸਰਦਾਰ ਜਗਦੇਵ ਸਿੰਘ :** ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

ੳ) ਕੀ ਇਹ ਠੀਕ ਹੈ ਕਿ ਮੌੜ ਮੰਡੀ, ਜ਼ਿਲ੍ਹਾ ਬਠਿੰਡਾ ਵਿਖੇ ਸਿਵਲ ਹਸਪਤਾਲ ਵਿੱਚ ਪੋਸਟ-ਮਾਰਟਮ ਕਰਨੇ ਬੰਦ ਕਰ ਦਿੱਤੇ ਗਏ ਹਨ, ਜੇਕਰ ਅਜਿਹਾ ਹੋਵੇ ਤਾਂ ਉਥੇ ਪੋਸਟ-ਮਾਰਟਮ ਦੀ ਸੁਵਿਧਾ ਬੰਦ ਕੀਤੇ ਜਾਣ ਦੇ ਕੀ ਕਾਰਨ ਹਨ;

ਅ) ਕੀ ਭਾਗ (ੳ) ਵਿੱਚ ਵਰਣਿਤ ਹਸਪਤਾਲ ਵਿਖੇ ਮਨਜ਼ੂਰਸ਼ੁਦਾ ਆਸਾਮੀਆਂ ਤੇ ਅਮਲਾ ਤਾਇਨਾਤ ਹੈ; ਜੇਕਰ ਨਹੀਂ ਤਾਂ ਕਦੋਂ ਤੱਕ ਅਮਲਾ ਤਾਇਨਾਤ ਕਰ ਦਿੱਤਾ ਜਾਵੇਗਾ?

**ਸ਼੍ਰੀ ਬ੍ਰਹਮ ਮਹਿੰਦਰਾ :** ਸ਼੍ਰੀਮਾਨ ਜੀ, (ੳ) ਇਹ ਠੀਕ ਹੈ ਕਿ ਮੌੜ ਮੰਡੀ, ਜ਼ਿਲ੍ਹਾ ਬਠਿੰਡਾ ਵਿਖੇ ਪੋਸਟ ਮਾਰਟਮ ਕਰਨੇ ਬੰਦ ਕਰ ਦਿੱਤੇ ਹਨ ਕਿਉਂਕਿ ਸਿਵਲ ਹਸਪਤਾਲ, ਮੌੜ ਮੰਡੀ ਵਿਖੇ ਮਿਤੀ 31.04.2009 ਨੂੰ ਦੋ ਡਾਕਟਰ ਰਿਟਾਇਰ ਹੋ ਗਏ ਸੀ ਜਿਸ ਕਾਰਨ ਇਥੇ

** For Unstarred Question No. 40 and reply thereto, please see Appendix to this Debate.

ਚੱਲ ਰਹੇ ਪੋਸਟ ਮਾਰਟਮ ਸੈਂਟਰ ਨੂੰ ਡਾਕਟਰਾਂ ਦੀ ਅਣਹੋਂਦ ਕਾਰਨ ਚਲਾਉਣਾ ਮੁਸ਼ਕਿਲ ਹੋ ਗਿਆ ਸੀ। ਮੌੜ ਮੰਡੀ ਤੋਂ ਸਿਵਲ ਹਸਪਤਾਲ ਬਠਿੰਡਾ 45 ਕਿਲੋਮੀਟਰ ਦੀ ਦੂਰੀ ਤੇ ਹੈ, ਜਿਸ ਕਾਰਨ ਪੋਸਟ ਮਾਰਟਮ ਕਰਾਉਣ ਵਿੱਚ ਲੋਕਾਂ ਨੂੰ ਮੁਸ਼ਕਿਲ ਪੇਸ਼ ਆਉਂਦੀ ਸੀ। ਸੀ.ਐਚ.ਸੀ., ਤਲਵੰਡੀ ਸਾਬੋ ਮੌੜ ਮੰਡੀ ਤੋਂ ਕੇਵਲ 20 ਕਿਲੋਮੀਟਰ ਦੀ ਦੂਰੀ ਤੇ ਹੈ। ਤਲਵੰਡੀ ਸਾਬੋ ਸਬ-ਡਿਵੀਜ਼ਨ ਹੈ। ਇਥੇ ਜੁਡੀਸ਼ੀਅਲ ਕੋਰਟ ਅਤੇ ਪੁਲਿਸ ਥਾਣਾ ਹੈ। ਸਬ-ਡਿਵੀਜ਼ਨ ਹਸਪਤਾਲ ਵਿੱਚ ਮੁਰਦਾ ਘਰ ਬਣਿਆ ਹੋਇਆ ਹੈ ਅਤੇ ਲਾਸ਼ਾਂ ਰੱਖਣ ਲਈ ਦੋ ਕੰਪਾਰਟਮੈਂਟ ਫਰੀਜਰ ਮੌਜੂਦ ਹੈ। ਸਿਵਲ ਸਰਜਨ, ਬਠਿੰਡਾ ਦੀ ਸਿਫਾਰਸ਼/ਸਰਕਾਰ ਦੇ ਆਦੇਸ਼ ਅਤੇ ਲੋਕ ਹਿੱਤ ਨੂੰ ਮੁੱਖ ਰੱਖਦੇ ਹੋਏ ਸੀ.ਐਚ.ਸੀ., ਤਲਵੰਡੀ ਸਾਬੋ ਵਿਖੇ ਪੋਸਟ ਮਾਰਟਮ ਸੈਂਟਰ ਖੋਲ੍ਹਣ ਦੀ ਪ੍ਰਵਾਨਗੀ ਜਾਰੀ ਕੀਤੀ ਗਈ ਸੀ।

(ਅ) ਸਿਵਲ ਹਸਪਤਾਲ, ਮੌੜ ਮੰਡੀ ਵਿਖੇ ਮਨਜ਼ੂਰਸ਼ੁਦਾ/ਭਰੀਆਂ/ਖਾਲੀ ਆਸਾਮੀਆਂ ਦਾ ਸ਼੍ਰੇਣੀਵਾਰ ਵੇਰਵਾ ਅਨੁਲੱਗ (ੳ) ਤੇ ਨੱਥੀ ਕੀਤਾ ਜਾਂਦਾ ਹੈ।

ਸਿਵਲ ਹਸਪਤਾਲ, ਮੌੜ ਮੰਡੀ ਵਿਖੇ ਖਾਲੀ ਪਈਆਂ ਆਸਾਮੀਆਂ ਨੂੰ ਭਰਨ ਲਈ ਸਰਕਾਰ ਲਗਾਤਾਰ ਉਪਰਾਲੇ ਕਰਨ ਲਈ ਯਤਨਸ਼ੀਲ ਹੈ।

## ਅਨੁਲੱਗ ੳ

ਸਿਵਲ ਹਸਪਤਾਲ, ਮੌੜ ਮੰਡੀ ਵਿਖੇ ਮਨਜ਼ੂਰਸ਼ੁਦਾ/ਭਰੀਆਂ/ਖਾਲੀ ਆਸਾਮੀਆਂ ਦੀ ਸ਼੍ਰੇਣੀਵਾਰ ਸਥਿਤੀ -

| ਲੜੀ ਨੰ: | ਸ਼੍ਰੇਣੀ ਦਾ ਨਾਮ | ਮਨਜ਼ੂਰਸ਼ੁਦਾ ਆਸਾਮੀਆਂ | ਭਰੀਆਂ ਆਸਾਮੀਆਂ | ਖਾਲੀ ਆਸਾਮੀਆਂ |
|---|---|---|---|---|
| 1) | ਸੀਨੀਅਰ ਮੈਡੀਕਲ ਅਫਸਰ | 1 | 1 | 0 |
| 2) | ਮੈਡੀਕਲ ਸਪੈਸ਼ਲਿਸਟ | 1 | 0 | 1 |
| 3) | ਸਰਜੀਕਲ ਸਪੈਸ਼ਲਿਸਟ | 1 | 0 | 1 |
| 4) | ਔਰਤ ਰੋਗਾਂ ਦੇ ਮਾਹਿਰ | 1 | 0 | 1 |
| 5) | ਬੱਚਿਆਂ ਦੇ ਮਾਹਿਰ | 1 | 0 | 1 |
| 6) | ਮੈਡੀਕਲ ਅਫਸਰ (ਜਨਰਲ) | 1 | 0 | 1 |
| 7) | ਮੈਡੀਕਲ ਅਫਸਰ | 1 | 0 | 1 |

[ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ]

| | | | | |
|---|---|---|---|---|
| | (ਡੈਂਟਲ) | | | |
| 8) | ਅਪਥਾਲਮਿਕ ਅਫਸਰ (ਡੈਂਟਲ) | 1 | 0 | 1 |
| 9) | ਨਰਸਿੰਗ ਸਿਸਟਰ | 1 | 0 | 1 |
| 10) | ਸਟਾਫ ਨਰਸ | 4 | 3 | 1 |
| 11) | ਫਾਰਮਾਸਿਸਟ | 3 | 3 | 0 |
| 12) | ਰੇਡੀਓਗ੍ਰਾਫਰ | 1 | 0 | 1 |
| 13) | ਐਮ.ਐਲ.ਟੀ. ਗ੍ਰੇਡ-1 | 1 | 1 | 0 |
| 14) | ਐਮ.ਐਲ.ਟੀ. ਗ੍ਰੇਡ-2 | 1 | 1 | 0 |
| 15) | ਟ੍ਰੇਂਡ ਦਾਈ | 2 | 1 | 1 |
| 16) | ਕਲਰਕ | 1 | 1 | 0 |
| 17) | ਦਰਜਾ-4 | 6 | 2 | 4 |
| 18) | ਸਫਾਈ ਸੇਵਕ | 5 | 2 | 3 |
| 19) | ਚੌਕੀਦਾਰ | 2 | 0 | 2 |
| 20) | ਧੋਬੀ | 1 | 1 | 0 |

-----

**ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰ: 41****

(ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ।)

-----

**ਸ਼ਗਨ ਸਕੀਮ ਦੇ ਜ਼ਿਲ੍ਹਾਵਾਰ ਵੇਰਵੇ**

**43. ਸ਼੍ਰੀ ਪਵਨ ਕੁਮਾਰ ਟੀਨੂ :** ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

ੳ) ਰਾਜ ਵਿੱਚ ਗਰੀਬ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਤੇ ਮਿਲਣ ਵਾਲੀ ਸ਼ਗਨ ਸਕੀਮ ਦੇ ਜ਼ਿਲ੍ਹਾਵਾਰ ਵੇਰਵੇ ਕੀ ਕੀ ਹਨ ਅਤੇ ਬਕਾਇਆ ਰਾਸ਼ੀ ਲਈ ਲਾਭਪਾਤਰੀਆਂ ਦੇ ਨਾਂ ਕੀ ਕੀ ਹਨ;

---

** For Unstarred Question No. 41 and reply thereto, please see Appendix to this Debate.

ਅ) ਕੀ ਸਰਕਾਰ ਵੱਲੋਂ ਮਿਲ ਰਹੀ ਸ਼ਗਨ ਸਕੀਮ ਨੂੰ 15,000/- ਰੁਪਏ ਤੋਂ ਵਧਾ ਕੇ 51,000/- ਕਰਨ ਦਾ ਵਿਚਾਰ ਹੈ?

**ਸਰਦਾਰ ਸਾਧੂ ਸਿੰਘ :** (ੳ) ਮੰਗੀ ਗਈ ਸੂਚਨਾ ਅਨੁਲੱਗ (ੳ) ਤੇ ਰੱਖੀ ਜਾਂਦੀ ਹੈ।

(ਅ) ਸਰਕਾਰ ਵੱਲੋਂ ਮਿਲ ਰਹੀ ਸ਼ਗਨ ਸਕੀਮ ਨੂੰ 15,000/- ਰੁਪਏ ਤੋਂ ਵਧਾਉਣ ਸਬੰਧੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ।

**ਅਨੁਲੱਗ ੳ**

**ਸ਼ਗਨ ਸਕੀਮ ਦੇ ਜ਼ਿਲ੍ਹਾਵਾਰ ਵੇਰਵੇ**

| ਲੜੀ ਨੰ: | ਜ਼ਿਲੇ ਦਾ ਨਾਂ | ਮਹੀਨਾ ਦਸੰਬਰ 2016 ਤੋਂ ਮਈ 2017 ਤੱਕ ਦੇ ਪੈਂਡਿੰਗ ਲਾਭਪਾਤਰੀਆਂ ਦੀ ਗਿਣਤੀ | ਮਹੀਨਾ ਦਸੰਬਰ 2016 ਤੋਂ ਮਈ 2017 ਤੱਕ ਲਾਭਪਾਤਰੀਆਂ ਲਈ ਅਦਾਇਗੀ ਲਈ ਰਕਮ (ਰਕਮ ਲੱਖਾਂ ਵਿੱਚ) |
|---|---|---|---|
| 1 | ਅੰਮ੍ਰਿਤਸਰ | 3999 | 599.85 |
| 2 | ਬਰਨਾਲਾ | 646 | 96.90 |
| 3 | ਬਠਿੰਡਾ | 1534 | 230.10 |
| 4 | ਫਰੀਦਕੋਟ | 626 | 93.90 |
| 5 | ਫਤਿਹਗੜ੍ਹ ਸਾਹਿਬ | 864 | 129.60 |
| 6 | ਫਾਜ਼ਿਲਕਾ | 2260 | 339.00 |
| 7 | ਫਿਰੋਜ਼ਪੁਰ | 1444 | 216.60 |
| 8 | ਗੁਰਦਾਸਪੁਰ | 2502 | 375.30 |
| 9 | ਹੁਸ਼ਿਆਰਪੁਰ | 2164 | 324.60 |
| 10 | ਜਲੰਧਰ | 2516 | 377.40 |
| 11 | ਕਪੂਰਥਲਾ | 1103 | 165.45 |
| 12 | ਲੁਧਿਆਣਾ | 3332 | 499.80 |
| 13 | ਮਾਨਸਾ | 1377 | 206.55 |
| 14 | ਮੋਗਾ | 1082 | 162.30 |
| 15 | ਸ੍ਰੀ ਮੁਕਤਸਰ ਸਾਹਿਬ | 1360 | 204.00 |

[ ਭਲਾਈ ਮੰਤਰੀ ]

| | | | |
|---|---|---|---|
| 16 | ਪਠਾਨਕੋਟ | 1121 | 168.15 |
| 17 | ਪਟਿਆਲਾ | 2514 | 377.10 |
| 18 | ਰੂਪਨਗਰ | 957 | 143.55 |
| 19 | ਸਾਹਿਬਜ਼ਾਦਾ ਅਜੀਤ ਸਿੰਘ ਨਗਰ | 843 | 126.45 |
| 20 | ਸ਼ਹੀਦ ਭਗਤ ਸਿੰਘ ਨਗਰ | 1086 | 162.90 |
| 21 | ਸੰਗਰੂਰ | 2006 | 300.90 |
| 22 | ਤਰਨਤਾਰਨ | 2644 | 396.60 |
| | **ਕੁੱਲ ਜੋੜ** | **37980** | **5697.00** |

-----

**ਮਿਉਂਸਿਪਲ ਕਮੇਟੀ, ਤਲਵੰਡੀ ਸਾਬੋ ਨੂੰ ਜਾਰੀ ਕੀਤੀਆਂ ਗਈਆਂ ਗ੍ਰਾਂਟਾਂ**

**44. ਪ੍ਰੋਫੈਸਰ ਬਲਜਿੰਦਰ ਕੌਰ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਿਉਂਸਿਪਲ ਕਮੇਟੀ, ਤਲਵੰਡੀ ਸਾਬੋ ਨੂੰ ਪਿਛਲੇ ਪੰਜ ਸਾਲਾਂ ਦੌਰਾਨ ਸਾਲ-ਵਾਈਜ਼ ਕਿੰਨੀ ਗ੍ਰਾਂਟ ਕਿਹੜੇ ਕਿਹੜੇ ਕੰਮ ਲਈ ਦਿੱਤੀ ਗਈ ਅਤੇ ਕੀ ਉਕਤ ਪ੍ਰਾਜੈਕਟ ਮੁਕੰਮਲ ਹੋ ਚੁੱਕੇ ਹਨ ਜਾਂ ਅਧੂਰੇ ਪਏ ਹਨ?

**ਸਰਦਾਰ ਨਵਜੋਤ ਸਿੰਘ ਸਿੱਧੂ :** ਨਗਰ ਪੰਚਾਇਤ, ਤਲਵੰਡੀ ਸਾਬੋ ਨੂੰ ਸਾਲ 2012-13 ਤੋਂ ਸਾਲ 2016-17 ਦੌਰਾਨ ਪ੍ਰਾਪਤ ਹੋਈਆਂ ਗਰਾਂਟਾਂ ਦਾ ਵੇਰਵਾ।

| ਲੜੀ ਨੰ: | ਗਰਾਂਟ ਦਾ ਨਾਮ | ਸਾਲ (2012-13) | | ਸਾਲ (2013-14) | | ਸਾਲ (2014-15) | | ਸਾਲ (2015-16) | | ਸਾਲ (2016-17) | | ਕੁੱਲ ਪ੍ਰਾਪਤ ਗ੍ਰਾਂਟ (ਲੱਖਾਂ ਵਿੱਚ) | ਕੁੱਲ ਕੰਮਾਂ ਦੀ ਗਿਣਤੀ | ਜਿਸ ਕੰਮ ਲਈ ਗ੍ਰਾਂਟ ਪ੍ਰਾਪਤ ਹੋਈ ਹੈ | ਵਿਸ਼ੇਸ਼ ਕਥਨ |
|---|---|---|---|---|---|---|---|---|---|---|---|---|---|---|---|
| | | ਪ੍ਰਾਪਤ ਗ੍ਰਾਂਟ (ਲੱਖਾਂ ਵਿੱਚ) | ਕੰਮਾਂ ਦੀ ਗਿਣਤੀ | ਪ੍ਰਾਪਤ ਗ੍ਰਾਂਟ (ਲੱਖਾਂ ਵਿੱਚ) | ਕੰਮਾਂ ਦੀ ਗਿਣਤੀ | ਪ੍ਰਾਪਤ ਗ੍ਰਾਂਟ (ਲੱਖਾਂ ਵਿੱਚ) | ਕੰਮਾਂ ਦੀ ਗਿਣਤੀ | ਪ੍ਰਾਪਤ ਗ੍ਰਾਂਟ (ਲੱਖਾਂ ਵਿੱਚ | ਕੰਮਾਂ ਦੀ ਗਿਣਤੀ | ਪ੍ਰਾਪਤ ਗ੍ਰਾਂਟ (ਲੱਖਾਂ ਵਿੱਚ | ਕੰਮਾਂ ਦੀ ਗਿਣਤੀ | | | | |
| 1) | ਐਮ. ਪੀ. ਲੈਡ | 0 | 0 | 13.25 | 9 | 19.00 | 15 | 0.00 | 0 | 9.20 | 4 | 41.45 | 28 | ਧਰਮਸ਼ਾਲਾਵਾਂ ਦੀ ਉਸਾਰੀ | ਕੰਮ ਮੁਕੰਮਲ ਹੋ ਚੁੱਕੇ ਹਨ |
| 2) | ਪੀ.ਐਮ. ਆਈ. ਡੀ. ਸੀ/ ਹੁਡਕੋ | 172.39 | 42 | 58.00 | 15 | 0.00 | 0 | 0.00 | 0 | 0.00 | 0 | 230.39 | 57 | ਸੜਕਾਂ/ ਗਲੀਆਂ ਦੀ ਉਸਾਰੀ ਲਈ। | ਕੰਮ ਮੁਕੰਮਲ ਹੋ ਚੁੱਕੇ ਹਨ |
| 3) | ਸੀ.ਐਮ. ਗ੍ਰਾਂਟ | 0.00 | 0 | 0.00 | 0 | 303.20 | 72 | 0.00 | 0 | 0.00 | 0 | 303.20 | 72 | ਸੜਕਾਂ/ ਗਲੀਆਂ ਦੀ ਉਸਾਰੀ ਲਈ। | ਕੰਮ ਮੁਕੰਮਲ ਹੋ ਚੁੱਕੇ ਹਨ |
| 4) | ਅਰਬਨ ਮਿਸ਼ਨ | 0.00 | 0 | 0.00 | 0 | 0.00 | 0 | 0.00 | 0 | 231.84 | 61 | 231.84 | 61 | ਸੜਕਾਂ/ ਗਲੀਆਂ ਦੀ ਉਸਾਰੀ ਲਈ। | ਕੰਮ ਮੁਕੰਮਲ ਹੋ ਚੁੱਕੇ ਹਨ |
| 5) | ਸਵੱਛ ਭਾਰਤ ਅਭਿਆਨ | 0.00 | 0 | 0.00 | 0 | 0.00 | 0 | 0.00 | 0 | 11.18 | 0 | 11.18 | 0 | ਸਵੱਛ ਭਾਰਤ ਅਭਿਆਨ ਤਹਿਤ ਪਖਾਨਿਆਂ ਦੀ ਉਸਾਰੀ ਲਈ | ਪ੍ਰਾਪਤ ਰਾਸ਼ੀ ਨਗਰ ਪੰਚਾਇਤ ਵੱਲੋਂ 559 ਬਿਨੈਕਾਰਾਂ ਦੇ ਖਾਤਿਆਂ ਵਿੱਚ 2000/- ਰੁਪਏ ਪ੍ਰਤੀ ਬਿਨੈਕਾਰ ਦੇ ਹਿਸਾਬ ਨਾਲ ਉਨ੍ਹਾਂ ਦੇ ਖਾਤਿਆਂ ਵਿੱਚ ਟਰਾਂਸਫਰ ਕੀਤੀ ਗਈ ਹੈ। |
| | ਜੋੜ | 172.39 | 42 | 71.25 | 24 | 322.20 | 87 | 0.00 | 0 | 252.22 | 65 | 818.06 | 218 | | |

-----

## ਮਾਰਚ, 2007 ਤੋਂ ਫਰਵਰੀ 2017 ਦੌਰਾਨ ਪੰਜਾਬ ਚੌਕਸੀ ਬਿਊਰੋ ਦੁਆਰਾ ਦਰਜ ਕੀਤੇ ਮੁਕੱਦਮੇ

**42. ਸਰਦਾਰ ਸੁਖਜਿੰਦਰ ਸਿੰਘ ਰੰਧਾਵਾ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

ੳ) ਮਾਰਚ, 2007 ਤੋਂ ਫਰਵਰੀ, 2017 ਦੌਰਾਨ ਪੰਜਾਬ ਚੌਕਸੀ ਬਿਊਰੋ ਦੁਆਰਾ ਕੁੱਲ ਕਿੰਨੇ ਮੁਕੱਦਮੇ ਦਰਜ ਕੀਤੇ ਗਏ ਅਤੇ ਇਸ ਸਮੇਂ ਦੌਰਾਨ ਸਜ਼ਾ ਦਰ ਕਿੰਨੀ ਹੈ;

ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਉਨ੍ਹਾਂ ਵਿਅਕਤੀਆਂ ਦੇ ਨਾਮ ਕੀ ਕੀ ਹਨ, ਜਿਨ੍ਹਾਂ ਨੂੰ ਅਜਿਹੇ ਮਾਮਲਿਆਂ ਵਿੱਚ ਫੜ੍ਹਿਆ ਗਿਆ ਅਤੇ ਬਾਅਦ ਵਿੱਚ ਜਾਂਚ ਦੌਰਾਨ ਨਿਰਦੋਸ਼ ਪਾਇਆ ਗਿਆ;

ੲ) ਚੌਕਸੀ ਬਿਉਰੋ ਵੱਲੋਂ ਜਿਹੜੇ ਅਧਿਕਾਰੀਆਂ/ਕਰਮਚਾਰੀਆਂ ਉੱਤੇ ਮੁਕੱਦਮੇ ਚਲਾਉਣ ਲਈ ਸਰਕਾਰ ਤੋਂ ਆਗਿਆ ਮੰਗੀ ਗਈ, ਉਨ੍ਹਾਂ ਦੀ ਗਿਣਤੀ ਕਿੰਨੀ ਸੀ ਅਤੇ ਅਜਿਹੇ ਵਿਅਕਤੀਆਂ ਦੇ ਨਾਮ ਅਤੇ ਗਿਣਤੀ ਕਿੰਨੀ ਸੀ, ਜਿਨ੍ਹਾਂ ਵਿਰੁੱਧ ਸਰਕਾਰ ਵੱਲੋਂ ਆਗਿਆ ਦੇਣ ਤੋਂ ਇਨਕਾਰ ਕੀਤਾ ਗਿਆ?

**ਕੈਪਟਨ ਅਮਰਿੰਦਰ ਸਿੰਘ :** (ੳ) ਮਾਰਚ 2007 ਤੋਂ ਫਰਵਰੀ 2017 ਦੌਰਾਨ ਚੌਕਸੀ ਬਿਉਰੋ ਦੁਆਰਾ 1320 ਮੁਕੱਦਮੇ ਦਰਜ ਕੀਤੇ ਗਏ ਅਤੇ ਸਜ਼ਾ ਦੀ ਦਰ 33% ਹੈ।

(ਅ) 83 ਵਿਅਕਤੀ ਜਿਨ੍ਹਾਂ ਨੂੰ ਪਹਿਲਾਂ ਗ੍ਰਿਫਤਾਰ ਕੀਤਾ ਗਿਆ ਪ੍ਰੰਤੂ ਤਫਤੀਸ਼ ਤੋਂ ਬਾਅਦ ਊਨ੍ਹਾਂ ਨੂੰ ਨਿਰਦੋਸ਼ ਪਾਇਆ ਗਿਆ, ਦਾ ਵੇਰਵਾ *ਅਨੁਲੱਗ 'ੳ' ਅਨੁਸਾਰ ਹੈ।

ੲ) ਚੌਕਸੀ ਬਿਉਰੋ ਵਲੋਂ 976 ਅਧਿਕਾਰੀਆਂ/ਕਰਮਚਾਰੀਆਂ ਵਿਰੁੱਧ ਸਰਕਾਰ ਤੋਂ ਸਮਾਇਤ ਮਨਜ਼ੂਰੀ ਮੰਗੀ ਗਈ ਸੀ, ਜਿਨ੍ਹਾਂ ਵਿਚੋਂ 119 ਅਧਿਕਾਰੀ/ਕਰਮਚਾਰੀਆਂ ਸਬੰਧੀ ਸਰਕਾਰ ਵਲੋਂ ਸਮਾਇਤ ਮਨਜ਼ੂਰੀ ਦੇਣ ਤੋਂ ਇਨਕਾਰ ਕੀਤਾ ਗਿਆ। ਵੇਰਵਾ *ਅਨੁਲੱਗ 'ਅ' ਅਨੁਸਾਰ ਹੈ।

-----

## ਜੇ.ਐਸ.ਟੀ. ਅਧਿਆਪਕਾਂ ਨੂੰ ਮਾਸਟਰ ਕਾਡਰ ਦੇ ਬਰਾਬਰ ਗ੍ਰੇਡ ਦੇਣਾ

**48. ਸ਼੍ਰੀ ਬੁੱਧ ਰਾਮ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

ੳ) ਕੀ ਇਹ ਠੀਕ ਹੈ ਕਿ ਸਿੱਖਿਆ ਵਿਭਾਗ ਵਿੱਚ ਪ੍ਰਾਇਮਰੀ ਅਧਿਆਪਕਾਂ ਨੂੰ, ਜਿਨ੍ਹਾਂ ਦੀ ਵਿਦਿਅਕ ਯੋਗਤਾ ਬੀ.ਏ. ਭਾਗ 1 ਅਤੇ ਬੀ.ਏ. ਹੈ, ਨੂੰ ਜੇ.ਐਸ.ਟੀ. ਗ੍ਰੇਡ ਦਿੱਤਾ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਗ੍ਰੇਡ 1.1.1978 ਨੂੰ ਕਿੰਨਾ ਦਿੱਤਾ ਸੀ;

*Placed in the Revisor's Branch.

ਅ) ਕੀ ਇਹ ਠੀਕ ਹੈ ਕਿ 1.1.1978 ਨੂੰ ਮਾਸਟਰ ਕਾਡਰ ਨੂੰ 660/- ਦਾ ਗ੍ਰੇਡ ਦਿੱਤਾ ਗਿਆ ਹੈ;

ੲ) ਕੀ ਇਹ ਵੀ ਠੀਕ ਹੈ ਕਿ ਜੇ.ਐਸ.ਟੀ. ਵਰਗ ਨੂੰ ਮਾਸਟਰ ਕਾਡਰ ਦੇ ਬਰਾਬਰ ਵਾਲਾ ਗ੍ਰੇਡ 660/- ਦਿੱਤਾ ਜਾਣਾ ਸੀ ਪਰ ਸਿੱਖਿਆ ਵਿਭਾਗ ਦੇ ਕੁਝ ਟੀਚਰਾਂ ਨੂੰ 660/- ਅਤੇ ਜ਼ਿਲ੍ਹਾ ਮਾਨਸਾ ਵਿੱਚ ਇਹ ਗ੍ਰੇਡ 620/- ਦਿੱਤਾ ਗਿਆ ਹੈ।

ਸ) ਜੇਕਰ ਉਪਰੋਕਤ (ੲ) ਦਾ ਉੱਤਰ 'ਹਾਂ' ਵਿੱਚ ਹੈ ਤਾਂ ਕੀ ਜ਼ਿਲ੍ਹਾ ਮਾਨਸਾ ਦੇ ਜੇ.ਐਸ.ਟੀ. ਗ੍ਰੇਡ ਪ੍ਰਾਪਤ ਕਰਨ ਵਾਲੇ ਟੀਚਰਾਂ ਨੂੰ 1.1.78 ਤੋਂ ਗ੍ਰੇਡ 660/- ਕਦੋਂ ਤੱਕ ਦੇ ਦਿੱਤਾ ਜਾਵੇਗਾ?

**ਸ਼੍ਰੀਮਤੀ ਅਰੁਨਾ ਚੌਧਰੀ :** (ੳ) ਹਾਂ ਜੀ, ਮਿਤੀ 1.1.1978 ਨੂੰ 620-1200 ਦਾ ਗ੍ਰੇਡ ਦਿੱਤਾ ਗਿਆ ਹੈ।

ਅ) ਹਾਂ ਜੀ, ਮਿਤੀ 1.1.1978 ਨੂੰ ਮਾਸਟਰ ਕਾਡਰ ਨੂੰ 620-1200 (ਮੁੱਢਲਾ ਸਟਾਰਟ 660/-) ਦਾ ਗ੍ਰੇਡ ਦਿੱਤਾ ਗਿਆ ਹੈ;

ੲ) ਜੀ ਨਹੀਂ।

ਸ) ਜ਼ਿਲ੍ਹਾ ਮਾਨਸਾ ਦੇ ਕੁਝ ਅਧਿਆਪਕਾਂ ਨੇ ਮਿਤੀ 1.1.78 ਤੋਂ ਗ੍ਰੇਡ 660/- ਦੇ ਗ੍ਰੇਡ ਦੀ ਮੰਗ ਕੀਤੀ ਹੋਈ ਹੈ। ਇਨ੍ਹਾਂ ਵਿਚੋਂ ਕੁਝ ਟੀਚਰਾਂ ਵਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਸਿਵਲ ਰਿੱਟ ਪਟੀਸ਼ਨ ਨੰ: 4823 ਆਫ 2010 ਦਾਇਰ ਕੀਤੀ ਗਈ ਹੈ, ਜੋ ਕਿ ਲੰਬਿਤ ਹੈ।

-----

### ਗੁਰਦਾਸਪੁਰ ਬਲਾਕ ਵਿੱਚ ਹੋਏ 1.27 ਕਰੋੜ ਦੇ ਗਬਨ ਸਬੰਧੀ

**74. ਸਰਦਾਰ ਬਰਿੰਦਰਮੀਤ ਸਿੰਘ ਪਾਹੜਾ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

ੳ) ਕੀ ਇਹ ਠੀਕ ਹੈ ਕਿ ਗੁਰਦਾਸਪੁਰ ਬਲਾਕ ਵਿੱਚ ਜੁਲਾਈ 2009 ਤੋਂ ਮਈ 2012 ਤੱਕ 1.27 ਕਰੋੜ ਰੁਪਏ ਦੇ ਗਬਨ ਵਿੱਚ ਸ਼੍ਰੀਮਤੀ ਨਰਿੰਦਰ ਕੌਰ (ਅਕਾਊਂਟੈਂਟ) ਨੂੰ ਕੋਈ ਸਜ਼ਾ ਹੋਈ ਸੀ;

ਅ) ਕੀ ਉਕਤ ਸਮੇਂ ਦੌਰਾਨ ਜੋ ਬੀ.ਡੀ.ਪੀ.ਓ. ਉਸ ਬਲਾਕ ਵਿੱਚ ਤਾਇਨਾਤ ਰਹੇ ਹਨ, ਉਨ੍ਹਾਂ ਦੀ ਜ਼ਿੰਮੇਵਾਰੀ ਨਿਸ਼ਚਿਤ ਕੀਤੀ ਗਈ ਹੈ;

ੲ) ਉਕਤ ਗਬਨ ਦੀ ਰਾਸ਼ੀ ਦੀ ਰਿਕਵਰੀ ਕਰਨ ਵਾਸਤੇ ਸਰਕਾਰ ਕੀ ਕਾਰਵਾਈ ਕਰ ਰਹੀ ਹੈ ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** (ੳ) ਮਾਨਯੋਗ ਵਧੀਕ ਸੈਸ਼ਨ ਜੱਜ-ਕਮ-ਸਪੈਸ਼ਲ ਜੱਜ ਗੁਰਦਾਸਪੁਰ ਜੀ ਦੀ ਅਦਾਲਤ ਵਲੋਂ ਹੁਕਮ ਮਿਤੀ 15.3.2017 ਦੀ ਪਾਲਣਾ ਹਿੱਤ ਸ਼੍ਰੀਮਤੀ ਨਰਿੰਦਰ ਕੌਰ (ਅਕਾਊਂਟੈਂਟ) ਨੂੰ ਇਸ ਵਿਭਾਗ ਦੇ ਹੁਕਮ ਮਿਤੀ 25.4.2017 ਰਾਹੀਂ ਸਰਕਾਰੀ ਸੇਵਾ ਤੋਂ ਡਿਸਮਿਸ ਕਰਨ ਦੀ ਸਜ਼ਾ ਦਿੱਤੀ ਜਾ ਚੁੱਕੀ ਹੈ।

ਅ) ਸ਼੍ਰੀਮਤੀ ਅਮਨਦੀਪ ਕੌਰ, ਬੀ.ਡੀ.ਪੀ.ਓ. ਅਤੇ ਸ਼੍ਰੀ ਚਮਨ ਲਾਲ, ਬੀ.ਡੀ.ਪੀ.ਓ. ਦੇ ਖਿਲਾਫ ਵਿਭਾਗੀ ਕਾਰਵਾਈ ਚੱਲ ਰਹੀ ਹੈ।

ੲ) ਕਰਮਚਾਰਨ ਤੋਂ ਗਬਨ ਦੀ ਰਾਸ਼ੀ ਦੀ ਰਿਕਵਰੀ ਕਰਨ ਸਬੰਧੀ ਸਮਰੱਥ ਅਦਾਲਤ ਵਿੱਚ ਸਿਵਲ ਸੂਟ ਦਾਇਰ ਕਰਨ ਲਈ ਵਧੀਕ ਡਿਪਟੀ ਕਮਿਸ਼ਨਰ (ਵਿ), ਗੁਰਦਾਸਪੁਰ ਨੂੰ ਪਾਬੰਦ ਕੀਤਾ ਜਾਵੇਗਾ।

-----

**ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ ਨੰ: 70****

(ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ।)

-----

**ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ ਨੰ: 73*****

(ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ।)

-----

**ਰਾਜ ਵਿੱਚ ਵੇਰਕਾ ਮਿਲਕ ਪਲਾਂਟਾਂ ਦੀ ਗਿਣਤੀ**

**84. ਸਰਦਾਰ ਬਰਿੰਦਰਮੀਤ ਸਿੰਘ ਪਾਹੜਾ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:

ੳ) ਰਾਜ ਵਿੱਚ ਵੇਰਕਾ ਮਿਲਕ ਪਲਾਂਟ ਕਿੰਨੇ ਅਤੇ ਕਿਸ-ਕਿਸ ਸਥਾਨ ਤੇ ਸਥਿਤ ਹਨ;

ਅ) ਉਪਰੋਕਤ ਮਿਲਕ ਪਲਾਂਟਸ ਵਿੱਚੋਂ ਕਿੰਨੇ ਅਤੇ ਕਿਹੜੇ ਕਿਹੜੇ ਮਿਲਕ ਪਲਾਂਟਜ਼ 1.4.1997 ਤੋਂ 31.3.2017 ਦੇ ਸਮੇਂ ਦੌਰਾਨ ਲਾਭ ਵਿੱਚ ਰਹੇ ਅਤੇ ਕਿਹੜੇ ਕਿਹੜੇ ਘਾਟੇ ਵਿੱਚ ਰਹੇ?

ੲ) ਘਾਟੇ ਵਿੱਚ ਚੱਲਣ ਵਾਲੇ ਪਲਾਂਟਜ਼ ਦੇ ਕੀ ਕਾਰਨ ਹਨ;

ਸ) ਉਪਰੋਕਤ ਭਾਗ (ਅ) ਵਿੱਚ ਵਰਣਿਤ ਸਮੇਂ ਦੇ ਦੌਰਾਨ ਵੇਰਕਾ ਮਿਲਕ ਪਲਾਂਟ ਜ਼ਿਲ੍ਹਾ ਗੁਰਦਾਸਪੁਰ ਦੀ ਵਿੱਤੀ ਸਥਿਤੀ (ਨਫਾ/ਨੁਕਸਾਨ), ਦੂਸਰੇ ਮਿਲਕ ਪਲਾਂਟਜ਼ ਦੇ ਮੁਕਾਬਲੇ ਕਿਹੋ ਜਿਹੀ ਰਹੀ;

---

** Reply to this unstarred Question No. 70 has not been recieved till 10.1.2019 ie. the date on which this debates was sent to the press for final printing.

***For Unstared question No. 73 and reply thereto please see Appendix to this debates.

ਹ) ਕੀ ਵੇਰਕਾ ਮਿਲਕ ਪਲਾਂਟ ਜ਼ਿਲ੍ਹਾ ਗੁਰਦਾਸਪੁਰ, ਕੋ-ਆਪਰੇਟਿਵ ਸੁਸਾਇਟੀਜ਼ ਐਕਟ ਦੇ ਅਧੀਨ ਬਣੇ ਰੂਲਜ਼ ਅਤੇ ਰੈਗੂਲੇਸ਼ਨ ਦੇ ਅਨੁਸਾਰ ਕੰਮ ਕਰ ਰਿਹਾ ਹੈ;

ਕ) ਕੀ ਵੇਰਕਾ ਮਿਲਕ ਪਲਾਂਟ ਗੁਰਦਾਸਪੁਰ ਦਾ ਵਿਸ਼ੇਸ਼ ਆਡਿਟ ਸਾਲ 2007 ਤੋਂ 2017 ਤੱਕ ਦੇ ਸਮੇਂ ਦਾ ਕਰਵਾਉਣ ਦਾ ਸਰਕਾਰ ਦਾ ਕੋਈ ਵਿਚਾਰ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਕੈਪਟਨ ਅਮਰਿੰਦਰ ਸਿੰਘ :** (ੳ) ਰਾਜ ਵਿੱਚ 11 ਮਿਲਕ ਯੂਨੀਅਨਾਂ ਹਨ, ਜਿਨ੍ਹਾਂ ਕੋਲ 9 ਵੇਰਕਾ ਮਿਲਕ ਪਲਾਂਟ ਹਨ ਜੋ ਕਿ ਅੰਮ੍ਰਿਤਸਰ, ਬਠਿੰਡਾ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਪਟਿਆਲਾ, ਸੰਗਰੂਰ, ਲੁਧਿਆਣਾ ਅਤੇ ਮੋਹਾਲੀ ਵਿਖੇ ਸਥਿਤ ਹਨ।

(ਅ) ਲੋੜੀਂਦੀ ਸੂਚਨਾ ਅਨੁਲੱਗ-ਅ ਵਿੱਚ ਦਿੱਤੀ ਗਈ ਹੈ।

(ੲ) ਘਾਟੇ ਵਿੱਚ ਚੱਲਣ ਵਾਲੇ ਪਲਾਂਟਾਂ ਦਾ ਮੁੱਖ ਕਾਰਨ ਆਪਣੀ ਸਥਾਪਿਤ ਸਮਰੱਥਾ ਤੋਂ ਘੱਟ ਦੁੱਧ ਦੀ ਉਪਲਬਧਤਾ ਅਤੇ ਤਾਜ਼ੇ ਦੁੱਧ ਦੀ ਘੱਟ ਵਿਕਰੀ ਹੈ।

(ਸ) ਉਪਰੋਕਤ ਭਾਗ 'ਅ' ਵਿੱਚ ਵਰਣਤ ਸਮੇਂ ਦੇ ਦੋਰਾਨ ਵੇਰਕਾ ਮਿਲਕ ਪਲਾਂਟ ਜ਼ਿਲ੍ਹਾ ਗੁਰਦਾਸਪੁਰ ਦੀ ਵਿੱਤੀ ਸਥਿਤੀ ਦੂਜੇ ਮਿਲਕ ਪਲਾਂਟਸ ਦੇ ਮੁਕਾਬਲੇ ਕਮਜ਼ੋਰ ਰਹੀ ਹੈ।

(ਹ) ਜੀ ਹਾਂ, ਵੇਰਕਾ ਮਿਲਕ ਪਲਾਂਟ ਜ਼ਿਲ੍ਹਾ ਗੁਰਦਾਸਪੁਰ ਪੰਜਾਬ ਕੋਆਪ੍ਰੇਟਿਵ ਸੁਸਾਇਟੀਜ਼ ਐਕਟ, 1961 ਦੇ ਅਧੀਨ ਬਣੇ ਰੂਲਜ਼ ਅਤੇ ਰੈਗੂਲੇਸ਼ਨ ਦੇ ਅਨੁਸਾਰ ਕੰਮ ਕਰ ਰਿਹਾ ਹੈ।

(ਕ) ਨਹੀਂ ਜੀ।

## ਅਨੁਲੱਗ ਅ

### ਦੀ ਪੰਜਾਬ ਰਾਜ ਸਹਿਕਾਰੀ ਦੁੱਧ ਉਤਪਾਦਕ ਸੰਘ ਲਿਮਟਿਡ, ਪੰਜਾਬ ਚੰਡੀਗੜ੍ਹ।

### ਮਿਲਕ ਯੂਨੀਅਨ ਵਾਈਜ਼ ਨਫਾ ਅਤੇ ਨੁਕਸਾਨ 1997-98 ਤੋਂ 2016-17 (ਰੁਪਏ ਲੱਖਾਂ ਵਿੱਚ)

| ਯੂਨੀਅਨ | 1997-98 | 1998-99 | 1999-2000 | 2000-01 | 2001-02 | 2002-03 | 2003-04 | 2004-05 | 2005-06 | 2006-07 | 2007-08 | 2008-09 | 2009-10 | 2010-11 | 2011-12 | 2012-13 | 2013-14 | 2014-15 | 2015-16 | 2016-17 tentative |
|---|---|---|---|---|---|---|---|---|---|---|---|---|---|---|---|---|---|---|---|---|
| ਅੰਮ੍ਰਿਤਸਰ | -25.78 | -40.79 | -375,34 | -304.72 | -278.53 | -474.68 | -323.31 | -310.04 | -520.30 | -451.37 | -357.34 | -359.97 | 195.51 | 97.93 | 59.57 | 26.91 | 45.25 | 51.03 | 190.37 | 198.87 |
| ਬੱਠਿੰਡਾ | 9.37 | 13.18 | -205.93 | -240.17 | -295.54 | -307.06 | -227.22 | -188.76 | -171.16 | -142.16 | -53.34 | 233.29 | 35.71 | 73.61 | -97.07 | -254.53 | -327.99 | -167.82 | 12.47 | 122.00 |
| ਗੁਰਦਾਸਪੁਰ | 34.20 | 30.56 | 43.81 | -157.99 | -178.98 | -201.51 | -116.19 | -76.03 | -187.25 | -357.38 | -235.50 | -216.23 | -126.16 | -292.01 | 15.67 | 17.10 | -298.52 | -717.27 | -512.12 | -641.00 |
| ਹੁਸ਼ਿਆਰਪੁਰ | 19.67 | -88.70 | 10.21 | -66.51 | -189.90 | 90.76 | 17.48 | 127.79 | 47.19 | 6.63 | 92.21 | 109.64 | 144.32 | 10.46 | 0.90 | -395.87 | -473.11 | -293.46 | -61.71 | 16.00 |
| ਜਲੰਧਰ | 51.86 | 31.78 | -397.28 | -224.29 | -154.90 | -211.66 | 11.83 | 215.39 | 86.89 | 2.36 | 82.83 | 303.56 | 335.72 | 407.23 | 431.01 | 732.45 | 461.42 | 318.71 | 527.40 | 423.20 |
| ਲੁਧਿਆਣਾ | 94.53 | 456.68 | 313.26 | 220.67 | 331.77 | 240.70 | 471.87 | 549.76 | 555.99 | 576.01 | 584.56 | 586.34 | 608.70 | 417.57 | 527.60 | 551.52 | 596.61 | 625.80 | 647.72 | 668.00 |
| ਪਟਿਆਲਾ | 27.17 | 57.18 | 30.37 | 3.34 | 26.16 | -40.63 | -44.38 | 26.41 | -17.90 | 8.89 | 2.19 | 68.66 | -36.82 | -138.53 | 21.26 | 219.81 | 106.59 | 126.25 | 244.02 | 204.34 |
| ਰੋਪੜ | 129.77 | 148.35 | 166.35 | 96.50 | 149.53 | 176.69 | 225.21 | 326.07 | 385.73 | 438.08 | 482.29 | 528.19 | 623.08 | 715.06 | 787.05 | 807.78 | 846.16 | 873.28 | 932.07 | 914.72 |
| ਸੰਗਰੂਰ | -83.96 | -57.43 | -74.86 | -85.87 | +12.41 | -189.67 | -61.51 | -304.74 | -250.05 | -213.36 | -393.70 | -367.16 | -225.24 | -174.77 | 86.31 | -154.86 | 40.27 | 0.61 | 67.74 | 170.40 |

c

**ਮਾਨਯੋਗ ਸਪੀਕਰ :** ਹੁਣ ਅਸੀਂ ਅਜੰਡੇ ਦੀ ਅਗਲੀ ਆਈਟਮ ਲਵਾਂਗੇ।

-----

## CALL ATTENTION NOTICES UNDER RULE 66

**(ਕ੍ਰਮ ਨੰ: 5)**

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਧਿਆਨ ਦਿਵਾਊ ਮਤਾ ਪੇਸ਼ ਨਹੀਂ ਹੋਇਆ।)

-----

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ ਸ਼੍ਰੀ ਅਰੁਣ ਨਾਰੰਗ ਅਤੇ ਸ਼੍ਰੀ ਸੋਮ ਪ੍ਰਕਾਸ਼ ਵਲੋਂ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਸਰਕਾਰ ਵਿਰੋਧੀ **ਨਾਅਰੇ ਲਗਾਏ ਜਾ ਰਹੇ ਸਨ, ਜਿਹੜੇ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਲੋਕ ਇਨਸਾਫ ਪਾਰਟੀ ਦੇ ਮੈਂਬਰ ਸਰਦਾਰ ਬਲਵਿੰਦਰ ਸਿੰਘ ਬੈਂਸ ਆਪਣੀ ਸੀਟ ਕੋਲ ਹੀ ਜ਼ਮੀਨ ਤੇ ਧਰਨੇ ਤੇ ਬੈਠੇ ਹੋਏ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

## STATEMENT AGAIN MADE BY THE CHIEF MINISTER ON THE ISSUE OF FARM LOAN WAIVER RAISED BY MEMBERS OF SHIROMANI AKALI DAL.

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ) :** ਅਗਰ ਇਨ੍ਹਾਂ ਨੂੰ ਰਿਕੁਐਸਟ ਕਰ ਦੇਈਏ ਅਤੇ ਅੱਜ ਕਹਿ ਦੇਈਏ ਕਿ ਅੱਜ ਇਹ ਕਰਜ਼ੇ ਮੁਆਫ ਕਰਾਂਗੇ ਤਾਂ ਬਹਿ ਜਾਣਗੇ। ਮੈਂ ਕਿੰਨੀ ਵਾਰ ਕਹਿ ਤਾਂ ਦਿੱਤਾ ਹੈ, ਹੋਰ ਕਿੰਨੀ ਵਾਰ ਕਹਾਂ? (ਥੰਪਿੰਗ) ਇਹ ਸਾਡੀ ਪਾਲਿਸੀ ਹੈ, ਸਾਡਾ ਪ੍ਰੋਗਰਾਮ ਹੈ। ਅਸੀਂ ਕਰਦੇ ਹਾਂ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਸਾਰੇ ਮੈਂਬਰਾਂ ਵੱਲੋਂ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ **ਨਾਅਰੇ ਲਗਾਏ ਜਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। )

**ਮਾਨਯੋਗ ਸਪੀਕਰ :** ਪਲੀਜ਼ ਬੈਠੋ। ਸੀ.ਐਮ. ਸਾਹਿਬ ਵਲੋਂ ਐਸ਼ੋਰੈਂਸ ਆ ਗਈ ਹੈ **ਨਾਅਰੇ ਰਿਕਾਰਡ ਨਾ ਕੀਤੇ ਜਾਣ।

**ਮੁੱਖ ਮੰਤਰੀ :** ਅਸੀਂ ਸਦਨ ਵਿੱਚ ਹੋਰ ਕੰਪਲੀਕੇਸ਼ਨਜ਼ ਖੜ੍ਹੀਆਂ ਨਹੀਂ ਕਰਨੀਆਂ ਚਾਹੁੰਦੇ।

---

** Not recorded as ordered by the Chair.

[ ਮੁੱਖ ਮੰਤਰੀ ]
ਅਗਰ ਕਰਨੀਆਂ ਚਾਹੁੰਦੇ ਹਨ ਤਾਂ 10 ਸਫ਼ਿਆਂ ਦੀ ਮੇਰੇ ਕੋਲ ਲਿਸਟ ਹੈ, ਜਿਸ ਵਿੱਚ ਇਨ੍ਹਾਂ ਸਾਰਿਆਂ ਦੇ ਨਾਮ ਹਨ, ਜਿਨ੍ਹਾਂ ਨੇ ਰੇਤੇ ਦੀਆਂ ਖੱਡਾਂ ਠੇਕੇ ਤੇ ਲਈਆਂ ਹੋਈਆਂ ਹਨ। (ਥੰਪਿੰਗ) ਮੈਂ ਇੱਕ ਮਿੰਟ ਵਿੱਚ ਉਨ੍ਹਾਂ ਸਾਰਿਆਂ ਦੇ ਨਾਮ ਲੈ ਸਕਦਾ ਹਾਂ। (ਵਿਘਨ) (ਸ਼ੋਰ) ਸਪੀਕਰ ਸਾਹਿਬ, ਇਨ੍ਹਾਂ ਨੇ ਰੇਤੇ ਦੀਆਂ ਖੱਡਾਂ ਵਿਚੋਂ ਰੇਤਾ ਕੱਢਣਾ ਹੈ, ਕੱਢੀ ਜਾਣ ਦਿਉ। (ਥੰਪਿੰਗ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਸਾਰੇ ਮੈਂਬਰਜ਼ ਵੈੱਲ ਆਫ ਦਿ ਹਾਊਸ ਵਿੱਚੋਂ ਵਾਪਸ ਆਪਣੀਆਂ ਸੀਟਾਂ ਤੇ ਚਲੇ ਗਏ।)

-----

## CALL ATTENTION NOTICES UNDER RULE 66 *(Resumption)*

**ਮਾਨਯੋਗ ਸਪੀਕਰ :** ਸੀ.ਐਮ. ਸਾਹਿਬ, ਤੁਸੀਂ ਸਰਦਾਰ ਕੁਲਜੀਤ ਸਿੰਘ ਨਾਗਰਾ ਜੀ ਦੀ ਕਾਲ ਅਟੈਂਸ਼ਨ ਦਾ ਜਵਾਬ ਦੇਣਾ ਹੈ। ਨਾਗਰਾ ਜੀ, ਕਾਲ ਅਟੈਂਸ਼ਨ ਦੁਹਰਾ ਦਿਉ ਜੀ।

**(ਕ੍ਰਮ ਨੰ: 6)**

**ਸਰਦਾਰ ਕੁਲਜੀਤ ਸਿੰਘ ਨਾਗਰਾ:** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ, ਅਰਥਾਤ ਪੰਜਾਬ ਵਿੱਚ ਅਵੈਧ ਰੂਟ ਪਰਮਿਟ, ਰਜਿਸਟ੍ਰੇਸ਼ਨ ਸਰਟੀਫਿਕੇਟ, ਰੋਡ ਟੈਕਸ ਦਸਤਾਵੇਜ਼ਾਂ ਆਦਿ ਤੋਂ ਬਗੈਰ ਗੈਰ-ਕਾਨੂੰਨੀ ਢੰਗ ਨਾਲ ਚਲਾਈਆਂ ਜਾ ਰਹੀਆਂ ਅਨੇਕਾਂ ਪ੍ਰਾਈਵੇਟ ਬੱਸਾਂ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਹਾਲ ਹੀ ਵਿੱਚ ਚੌਕਸੀ ਬਿਊਰੋ ਅਤੇ ਟਰਾਂਸਪੋਰਟ ਵਿਭਾਗ ਦੀ ਅਚਨਚੇਤ ਚੈਕਿੰਗ ਦੌਰਾਨ ਓਰਬਿਟ ਬੱਸ ਸਰਵਿਸ ਸਮੇਤ ਬਹੁਤ ਵੱਡੀ ਸੰਖਿਆ ਵਿੱਚ ਪ੍ਰਾਈਵੇਟ ਬੱਸਾਂ ਦੇ ਚਲਾਨ ਕੀਤੇ ਗਏ। ਪੰਜਾਬ ਵਿੱਚ ਅਣ-ਅਧਿਕਾਰਤ ਤੌਰ ਤੇ ਚਲਾਈਆਂ ਜਾ ਰਹੀਆਂ ਪ੍ਰਾਈਵੇਟ ਬੱਸਾਂ ਕਰਕੇ ਰਾਜ ਦੇ ਖਜ਼ਾਨੇ ਨੂੰ ਬਹੁਤ ਵੱਡਾ ਨੁਕਸਾਨ ਹੋ ਰਿਹਾ ਹੈ। ਇਸ ਮਾਮਲੇ ਤੇ ਪੰਜਾਬ ਦੇ ਲੋਕਾਂ ਦੇ ਵਿੱਚ ਭਾਰੀ ਬੇਚੈਨੀ ਅਤੇ ਰੋਸ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ।

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ) :** ਸਪੀਕਰ ਸਾਹਿਬ, ਸਾਡੇ ਵਿਜੀਲੈਂਸ ਔਰ ਟਰਾਂਸਪੋਰਟ ਮਹਿਕਮੇ ਨੇ ਜੂਨ ਮਹੀਨੇ ਦੇ ਪਹਿਲੇ ਕੁਝ ਦਿਨਾਂ ਵਿੱਚ ਐਕਸਟੈਨਸਿਵ ਜੁਆਇੰਟ ਚੈਕਿੰਗ ਕੀਤੀ ਸੀ। 401 ਬੱਸਾਂ ਅਜਿਹੀਆਂ ਸਨ ਜਿਹੜੀਆਂ ਡਿਫਾਲਟ ਕਰ ਰਹੀਆਂ ਸਨ। ਮੈਂ ਮੈਂਬਰ ਸਾਹਿਬਾਨ ਨੂੰ ਐਸ਼ੋਰੈਂਸ ਦੇਣੀ ਚਾਹੁੰਦਾ ਹਾਂ ਕਿ ਇਹ ਚੈਕਿੰਗ ਚੱਲੇਗੀ, it is a continuous process. ਜਿਹੜਾ ਵੀ ਕੋਈ ਸਾਡੇ ਰੂਲਜ਼ ਅਤੇ ਕਾਇਦੇ ਦੇ ਮੁਤਾਬਕ ਨਹੀਂ ਚੱਲੇਗਾ, they will be caught. ਜਿਹੜੇ ਵੀ ਬੱਸਾਂ ਵਾਲੇ ਅਜਿਹੀਆਂ ਗੜਬੜੀਆਂ ਕਰਨਗੇ, ਅਸੀਂ ਉਨ੍ਹਾਂ ਦੀਆਂ ਬੱਸਾਂ ਨੂੰ ਇੰਪਾਊਂਡ ਕਰਾਂਗੇ। (ਥੰਪਿੰਗ)

**ਮਾਨਯੋਗ ਸਪੀਕਰ :** ਧੰਨਵਾਦ ਜੀ। ਸਰਦਾਰ ਹਰਦਿਆਲ ਸਿੰਘ ਕੰਬੋਜ ਸਾਹਿਬ, ਅਗਲੀ ਕਾਲ ਅਟੈਨਸ਼ਨ ਤੁਹਾਡੀ ਹੈ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਰਹਿੰਦੀ ਹੈ ਜੀ। ....(ਵਿਘਨ....ਸ਼ੋਰ) .... ਮੇਰੀ ਸਪਲੀਮੈਂਟਰੀ ਇਹ ਸੁਣ ਲੈਣ। (ਵਿਘਨ) ਇਸ ਤੋਂ ਬਾਅਦ ਕਰ ਲੈਣਾ। ਸਪੀਕਰ ਸਾਹਿਬ, ਪੰਜਾਬ ਵਿਚ ਨਜਾਇਜ਼ ਤੌਰ ਤੇ ਬੱਸਾਂ ਚਲਾਉਣ ਦਾ ਧੰਦਾ ਜਿਹੜਾ ਹੈ, ਇਹ ਪਿਛਲੇ 10 ਸਾਲ ਬੜੀ ਬੇਰਹਿਮੀ ਨਾਲ ਚਲਦਾ ਰਿਹਾ ਔਰ ਇਸ ਧੰਦੇ ਵਿੱਚ ਇੱਕ ਪਰਿਵਾਰ ਨੇ 10 ਸਾਲ ਪੰਜਾਬ ਨੂੰ ਬੇਇੰਤਹਾ ਲੁੱਟਿਆ। ਇਸ ਤਰ੍ਹਾਂ ਲੁੱਟਿਆ ਕਿ ਲੋਕਾਂ ਨੇ ਅਹਿਮਦ ਸ਼ਾਹ ਅਬਦਾਲੀ ਦੀ ਲੁੱਟ ਨੂੰ ਭੁਲਾ ਦਿੱਤਾ। ......(ਵਿਘਨ....ਸ਼ੋਰ) ..... ਉਸ ਪਰਿਵਾਰ ਦੀ ...

**ਮਾਨਯੋਗ ਸਪੀਕਰ :** ਪਲੀਜ਼, ਤੁਸੀਂ ਕੁਐਸਚਨ ਪੁੱਛੋ ਜੀ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਇਹ ਬੜਾ ਅਹਿਮ ਮਸਲਾ ਹੈ। (ਵਿਘਨ....ਸ਼ੋਰ) ਉਸ ਪਰਿਵਾਰ ਦੀਆਂ ਸਾਲ 1997 ਵਿੱਚ ਅੱਠ ਬੱਸਾਂ ਸੀ .........(ਵਿਘਨ....ਸ਼ੋਰ)

**ਮਾਨਯੋਗ ਸਪੀਕਰ :** ਪਲੀਜ਼, ਤੁਸੀਂ ਕੁਐਸਚਨ ਪੁੱਛੋ ਜੀ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਮੈਂ ਸਵਾਲ ਪੁੱਛਣਾ ਹੈ ਜੀ। ਮੈਨੂੰ ਥੋੜ੍ਹਾ ਜਿਹਾ ਦੱਸ ਲੈਣ ਦਿਉ। ਇਹ ਪੰਜਾਬ ਦਾ ਅਹਿਮ ਮਸਲਾ ਹੈ। 1997 ਵਿੱਚ ਅੱਠ ਬੱਸਾਂ ਸੀ .......(ਵਿਘਨ)......

**ਮਾਨਯੋਗ ਸਪੀਕਰ :** ਪੁੱਛਣਾ ਕੀ ਚਾਹੁੰਦੇ ਹੋ? ਤੁਸੀਂ ਸਵਾਲ ਪੁੱਛੋ ਜੀ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਅੱਜ ਉਨ੍ਹਾਂ ਕੋਲ 350 ਬੱਸਾਂ ਤੋਂ ਉਪਰ ਬੱਸਾਂ ਹਨ। (ਵਿਘਨ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਕੰਵਰਜੀਤ ਸਿੰਘ, ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ ਅਤੇ ਸ਼੍ਰੀ ਪਵਨ ਕੁਮਾਰ ਟੀਨੂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਕੁਲਜੀਤ ਸਿੰਘ ਨਾਗਰਾ ਵਲੋਂ ਕਹੇ ਗਏ ਸ਼ਬਦਾਂ ਨੂੰ ਵਾਪਸ ਲੈਣ ਦੀ ਮੰਗ ਕਰ ਰਹੇ ਸਨ ਅਤੇ ਸਦਨ ਵਿਚ ਬਹੁਤ ਸ਼ੋਰ ਸੀ।)

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਅੱਜ ਇਕੋ ਕੰਪਨੀ ਕੋਲ 350 ਬੱਸਾਂ ਹਨ। ਸ਼੍ਰੀ ਬਿਕਰਮ ਮਜੀਠੀਆ ਕੋਲ 27 ਬੱਸਾਂ ਹਨ। ਸਰਦਾਰ ਸੁਖਬੀਰ ਸਿੰਘ ਬਾਦਲ ਕੋਲ ...... (ਵਿਘਨ....ਸ਼ੋਰ)

**ਮਾਨਯੋਗ ਸਪੀਕਰ :** ਪਲੀਜ਼, ਤੁਸੀਂ ਕੁਐਸਚਨ ਪੁੱਛੋ। ਸਵਾਲ ਪੁੱਛੋ ਜੀ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਸਪੀਕਰ ਸਾਹਿਬ, ਇਨ੍ਹਾਂ ਨੇ ਲੋਕਾਂ ਦੀ ਧੌਣ ਤੇ ਗੋਡਾ ਰੱਖ ਕੇ ਛੋਟੇ ਛੋਟੇ ਟਰਾਂਸਪੋਰਟਰ ਖਤਮ ਕਰ ਦਿੱਤੇ। (ਵਿਘਨ...ਸ਼ੋਰ)

**ਮਾਨਯੋਗ ਸਪੀਕਰ :** ਪਲੀਜ਼, ਕੁਐਸਚਨ ਪੁੱਛੋ ਜੀ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਪਰਮਿੰਦਰ ਸਿੰਘ ਢੀਂਡਸਾ, ਸ਼੍ਰੀ ਐਨ.ਕੇ.ਸ਼ਰਮਾ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਦੀ ਮੰਗ ਕਰ ਰਹੇ ਸਨ, ਜਿਸ ਕਾਰਨ ਸਦਨ ਵਿਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ :** ਤੁਸੀਂ ਸਵਾਲ ਪੁੱਛੋ ਜੀ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਮੇਰਾ ਸਵਾਲ ਇਹ ਹੈ, ਮੈਂ ਮੁੱਖ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਵਿਚ 10 ਸਾਲ ਜਿਨ੍ਹਾਂ ਲੋਕਾਂ ਨੇ ਗੈਰ-ਕਾਨੂੰਨੀ ਬੱਸਾਂ ਚਲਾਈਆਂ, ਕੀ ਉਨ੍ਹਾਂ ਦੀ ਇਨਕੁਆਰੀ ਕਰਾਓਗੇ, ਉਨ੍ਹਾਂ ਦੇ ਖਿਲਾਫ ਅਤੇ ਜ਼ਿੰਮੇਵਾਰ ਅਧਿਕਾਰੀਆਂ ਦੇ ਖਿਲਾਫ ਕੋਈ ਕਾਰਵਾਈ ਕਰੋਗੇ ਜਾਂ ਨਹੀਂ ? ਦੂਸਰੀ ਗੱਲ ਸਪੀਕਰ ਸਾਹਿਬ ..... (ਵਿਘਨ...ਸ਼ੋਰ)

**ਮਾਨਯੋਗ ਸਪੀਕਰ :** ਇਕੋ ਸਮੇਂ ਦੂਸਰਾ ਸਵਾਲ ਨਹੀਂ ਹੋ ਸਕਦਾ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਪਰਮਿੰਦਰ ਸਿੰਘ ਢੀਂਡਸਾ, ਸ਼੍ਰੀ ਐਨ.ਕੇ.ਸ਼ਰਮਾ ਅਤੇ ਵਿਰੋਧੀ ਧਿਰ ਦੇ ਨੇਤਾ ਸਰਦਾਰ ਹਰਵਿੰਦਰ ਸਿੰਘ ਫੂਲਕਾ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਦੀ ਮੰਗ ਕਰ ਰਹੇ ਸਨ ਜਿਸ ਕਾਰਨ ਸਦਨ ਵਿਚ ਕਾਫੀ ਸ਼ੋਰ ਸੀ।)

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਮਾਨਯੋਗ ਹਾਈਕੋਰਟ ਨੇ 2012 ਵਿਚ ਫੈਸਲਾ ਦਿੱਤਾ ਸੀ ਕਿ ਟਰਾਂਸਪੋਰਟ ਪਾਲਿਸੀ ਬਣਾਈ ਜਾਵੇਗੀ। (ਵਿਘਨ..ਸ਼ੋਰ)

**ਮਾਨਯੋਗ ਸਪੀਕਰ :** ਪਲੀਜ਼ ਬੈਠੋ। ਸੀ.ਐਮ. ਸਾਹਿਬ ਪਲੀਸ ਤੁਸੀਂ ਜਵਾਬ ਦਿਓ ਕਿ ਕੀ ਇਨਕੁਆਰੀ ਕਰਕੇ ਸਜ਼ਾਵਾਂ ਦਿੱਤੀਆਂ ਜਾਣਗੀਆਂ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਪਹਿਲੀ ਗੱਲ ਤਾਂ ਇਹ ਹੈ ਕਿ ਨਵੀਂ ਟਰਾਂਸਪੋਰਟ ਪਾਲਿਸੀ ਆ ਰਹੀ ਹੈ, ਉਸ ਵਿਚ ਇਹ ਸਾਰੀਆਂ ਗੱਲਾਂ ਸਪੱਸ਼ਟ ਹੋ ਜਾਣਗੀਆਂ। ਪ੍ਰੰਤੂ ਜਿਹੜੀ ਗੱਲ ਮੈਂਬਰ ਸਾਹਿਬ ਨੇ ਕਹੀ ਹੈ ਕਿ ਇਨਕੁਆਰੀ ਕਰਾਓ, ਉਹ ਅਸੀਂ ਪਹਿਲਾਂ ਹੀ ਸ਼ੁਰੂ ਕੀਤੀ ਹੋਈ ਹੈ। It is going on.

**ਮਾਨਯੋਗ ਸਪੀਕਰ :** ਸਰਦਾਰ ਹਰਦਿਆਲ ਸਿੰਘ ਕੰਬੋਜ ਜੀ ਕਾਲ ਅਟੈਂਸ਼ਨ ਨੋਟਿਸ ਪੇਸ਼ ਕਰਨ।

-----

**(ਕ੍ਰਮ ਨੰ: 7)**

**ਸਰਦਾਰ ਹਰਦਿਆਲ ਸਿੰਘ ਕੰਬੋਜ :** ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਇਸ ਸਾਲ ਦਸਵੀਂ ਅਤੇ ਬਾਰਵੀਂ ਕਲਾਸ ਦੇ ਨਤੀਜੇ ਬੜੇ ਕਮਜ਼ੋਰ ਆਏ ਹਨ, ਜਿਸ ਵਿਚ ਹਜ਼ਾਰਾਂ ਬੱਚੇ ਫੇਲ੍ਹ ਹੋ ਗਏ ਹਨ। ਇਸ ਤਰ੍ਹਾਂ ਬੱਚਿਆਂ ਦਾ ਭਵਿੱਖ ਬਹੁਤ ਧੁੰਦਲਾ ਨਜ਼ਰ ਆ ਰਿਹਾ ਹੈ। ਇਹ ਵੀ ਵੇਖਣ ਵਿਚ ਆਇਆ ਹੈ ਕਿ ਸਾਡੇ ਐਲੀਮੈਂਟਰੀ ਐਜੂਕੇਸ਼ਨ ਵਿਚ ਚੰਗੇ ਇੰਫ੍ਰਾਸਟਰਕਚਰ, ਅਧਿਆਪਕਾਂ ਦੀ ਘਾਟ ਕਾਰਨ ਬੱਚਿਆਂ ਦੀ ਪੜ੍ਹਾਈ ਵਿਚ ਬਹੁਤ ਨਿਘਾਰ ਆ ਜਾਣ ਕਾਰਨ ਪੂਰੇ ਰਾਜ ਦੇ ਬੱਚਿਆਂ ਦੇ ਮਾਪਿਆਂ ਵਿਚ ਬਹੁਤ ਬੇਚੈਨੀ ਤੇ ਨਿਰਾਸ਼ਾ ਪਾਈ ਜਾ ਰਹੀ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿਚ ਬਿਆਨ ਦੇਣ ਦੀ ਖੇਚਲ ਕਰਨ।

**ਮਾਨਯੋਗ ਸਪੀਕਰ :** ਸਿੱਖਿਆ ਮੰਤਰੀ ਜੀ ਜਵਾਬ ਦੇਣ।

**ਉਚੇਰੀ ਸਿੱਖਿਆ ਅਤੇ ਸਕੂਲ ਸਿੱਖਿਆ ਰਾਜ ਮੰਤਰੀ (ਸ਼੍ਰੀਮਤੀ ਅਰੁਨਾ ਚੌਧਰੀ) :** ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ 10ਵੀਂ ਅਤੇ 12ਵੀਂ ਸ਼੍ਰੇਣੀ ਦੇ ਨਤੀਜਿਆਂ ਲਈ ਪ੍ਰੀਖਿਆਰਥੀ ਵਲੋਂ ਪ੍ਰਾਪਤ ਕੀਤੇ ਅਸਲ ਅੰਕਾਂ ਵਿਚ ਹੋਰ ਅੰਕ ਦੇ ਕੇ ਪਾਸ ਹੋਣ ਦੀ ਅਤੇ ਡਿਵੀਜ਼ਨ ਬਣਾਉਣ ਲਈ ਇਕ ਪ੍ਰਤੀਸ਼ਤ ਤੱਕ ਦੀ ਗ੍ਰੇਸ ਅੰਕ ਨੀਤੀ ਤੋਂ ਇਲਾਵਾ ਮਾਡਰੇਸ਼ਨ ਆਫ ਰਿਜ਼ਲਟ ਨੀਤੀ ਪਿਛਲੇ ਸਾਲਾਂ ਤੱਕ ਅਪਣਾਈ ਜਾਂਦੀ ਰਹੀ ਹੈ ਪ੍ਰੰਤੂ ਮਿਤੀ 24.04.2017 ਨੂੰ ਐਚ.ਆਰ.ਡੀ. ਮਨਿਸਟਰੀ ਭਾਰਤ ਸਰਕਾਰ ਵਲੋਂ ਕੇਂਦਰ ਅਤੇ ਰਾਜ ਸਰਕਾਰਾਂ ਦੇ ਸਿੱਖਿਆ ਸਕੱਤਰਾਂ, ਚੇਅਰਮੈਨ ਅਤੇ ਬੋਰਡ ਦੀ ਹੋਈ ਮੀਟਿੰਗ ਵਿਚ ਇਸ ਸਾਲ ਮਾਡਰੇਸ਼ਨ ਆਫ ਰਿਜ਼ਲਟ ਨੀਤੀ ਨੂੰ ਰੋਕਣ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਮਾਡਰੇਸ਼ਨ ਆਫ ਰਿਜ਼ਲਟ ਨੀਤੀ ਦੇ ਨਿਯਮਾਂ ਅਨੁਸਾਰ ਇਸ ਨੀਤੀ ਤਹਿਤ ਪ੍ਰੀਖਿਆਰਥੀਆਂ ਨੂੰ ਵਾਧੂ ਅੰਕ ਨਾ ਦੇਣ ਕਾਰਨ ਪਿਛਲੇ ਸਾਲ 10ਵੀਂ ਦੀ ਪਾਸ ਪ੍ਰਤੀਸ਼ਤਤਾ 72.12 ਦੀ ਤੁਲਨਾ ਵਿਚ ਇਸ ਸਾਲ 57.50 ਅਤੇ 12ਵੀਂ ਸ਼੍ਰੇਣੀ ਦੀ ਪਾਸ ਪ੍ਰਤੀਸ਼ਤਤਾ 76.65 ਦੀ ਤੁਲਨਾ ਵਿਚ 62.19 ਰਹਿਣ ਕਰਕੇ ਨਤੀਜੇ ਕਮਜ਼ੋਰ ਆਏ ਹਨ। ਇਹ ਗੱਲ ਬਿਲਕੁਲ ਸੱਚ ਹੈ। ਸਕੂਲ ਸਿੱਖਿਆ ਵਿਭਾਗ ਵਲੋਂ ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ ਵਿਦਿਆਰਥੀਆਂ ਦੀ ਲੋੜ ਅਨੁਸਾਰ ਅਧਿਆਪਕਾਂ ਦੀ ਤਾਇਨਾਤੀ ਅਤੇ ਪੂਰਾ ਇਨਫਰਾਸਟਰੱਕਚਰ ਮੁਹੱਈਆ ਕਰਵਾਉਣ ਲਈ ਨਤੀਜਾਮਈ ਉਪਰਾਲੇ ਕੀਤੇ ਜਾਣਗੇ। ਸਿੱਖਿਆ ਵਿਭਾਗ ਵਲੋਂ 5ਵੀਂ ਅਤੇ 8ਵੀਂ ਸ਼੍ਰੇਣੀ ਵਿਚ ਵਿਦਿਆਰਥੀਆਂ ਦੀ ਸਿੱਖਿਆ ਪ੍ਰਤੀ ਇਵੈਲਿਉਏਸ਼ਨ ਕਰਨ ਸਬੰਧੀ ਕਾਰਵਾਈ ਵੀ ਅਮਲ ਵਿਚ ਲਿਆਂਦੀ ਜਾ ਰਹੀ ਹੈ, ਜਿਸ ਨਾਲ 10ਵੀਂ ਅਤੇ 12ਵੀਂ ਦੇ ਨਤੀਜੇ ਚੰਗੇ ਆਉਣ ਦੀ ਸੰਭਾਵਨਾ ਵੱਧ

[ ਉਚੇਰੀ ਸਿੱਖਿਆ ਅਤੇ ਸਕੂਲ ਸਿੱਖਿਆ ਰਾਜ ਮੰਤਰੀ ]
ਜਾਵੇਗੀ ਅਤੇ ਸਰਕਾਰ ਵਲੋਂ ਕੀਤੇ ਜਾ ਰਹੇ ਇਨ੍ਹਾਂ ਫੈਸਲਿਆਂ ਦੇ ਨਾਲ ਭਵਿੱਖ ਵਿਚ ਸਰਕਾਰੀ ਸਕੂਲਾਂ ਦੀ ਕਾਰਗੁਜ਼ਾਰੀ ਬਿਹਤਰ ਹੋਵੇਗੀ ਅਤੇ ਇਸ ਤੋਂ ਇਲਾਵਾ ਅਸੀਂ ਇਨਫਰਾਸਟਰੱਕਚਰ ਵੀ ਬਿਹਤਰ ਮੁਹੱਈਆ ਕਰਵਾ ਰਹੇ ਹਾਂ ਅਤੇ ਬਜਟ ਵਿਚ ਇਸ ਦੀ ਖਾਸ ਤੌਰ ਤੇ ਸੁਵਿਧਾ ਦਿੱਤੀ ਜਾ ਰਹੀ ਹੈ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਸਪੀਕਰ ਸਾਹਿਬ, ਸਪਲੀਮੈਂਟਰੀ ਜੀ।

**Mr. Speaker :** No debate.

**ਸਰਦਾਰ ਹਰਦਿਆਲ ਸਿੰਘ ਕੰਬੋਜ :** ਸਪੀਕਰ ਸਾਹਿਬ, ਮਾਨਯੋਗ ਸਿੱਖਿਆ ਮੰਤਰੀ ਜੀ ਨੇ ਜੋ ਮੈਂ ਗੱਲ ਪਵਿੱਤਰ ਸਦਨ ਵਿੱਚ ਕੀਤੀ ਹੈ, ਉਸ ਤੇ ਇਨ੍ਹਾਂ ਨੇ ਵੀ ਚਿੰਤਾ ਪ੍ਰਗਟਾਈ ਹੈ ਅਤੇ ਇਸ ਗੱਲ ਲਈ ਮੰਨਿਆ ਹੈ ਕਿ ਜਿਹੜੇ ਬੱਚਿਆਂ ਦੇ ਮਾੜੇ ਨਤੀਜੇ ਹਨ, ਉਨ੍ਹਾਂ ਵਿੱਚ ਦਰ ਪ੍ਰਤੀ ਦਰ ਵਾਧਾ ਹੁੰਦਾ ਜਾ ਰਿਹਾ ਹੈ। ਇਹ ਇੱਕ ਬਹੁਤ ਚਿੰਤਾ ਦਾ ਵਿਸ਼ਾ ਹੈ। ਸਕੂਲਾਂ ਵਿੱਚ ਪੜ੍ਹਾਈ ਦਾ ਮਿਆਰ ਬਹੁਤ ਡਿੱਗਿਆ ਹੋਇਆ ਹੈ। ਇਸ ਲਈ ਸਾਡੇ ਸਤਿਕਾਰਯੋਗ ਮੁੱਖ ਮੰਤਰੀ ਸਾਹਿਬ ਵੀ ਬਹੁਤ ਜ਼ਿਆਦਾ ਚਿੰਤੁਤ ਹਨ। ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਮਾਨਯੋਗ ਮੰਤਰੀ ਸਾਹਿਬਾ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਅਧਿਕਾਰੀ, ਚਾਹੇ ਉਹ ਸਕੂਲਾਂ ਦੇ ਪ੍ਰਿੰਸੀਪਲ ਹਨ, ਅਧਿਆਪਕ ਹਨ, ਕੀ ਉਨ੍ਹਾਂ ਦੇ ਵਿਰੁੱਧ ਕੋਈ ਕਾਰਵਾਈ ਕਰਨਗੇ ਅਤੇ ਆਉਣ ਵਾਲੇ ਸਮੇਂ ਵਿੱਚ ਕੋਈ ਐਸਾ ਠੋਸ ਕਦਮ ਚੁੱਕਣਗੇ, ਜਿਸ ਨਾਲ ਸਾਡੀ ਸਿੱਖਿਆ ਪ੍ਰਣਾਲੀ ਦੇ ਪੱਧਰ ਵਿੱਚ ਉੱਚ ਵਾਧਾ ਕੀਤਾ ਜਾ ਸਕੇ ਅਤੇ ਸਰਕਾਰੀ ਸਕੂਲਾਂ ਨੂੰ ਪ੍ਰਾਈਵੇਟ ਸਕੂਲਾਂ ਦੇ ਬਰਾਬਰ ਖੜ੍ਹਨ ਲਈ ਕੀ ਉਪਰਾਲੇ ਕੀਤੇ ਜਾਣਗੇ? ਧੰਨਵਾਦ।

**ਮਾਨਯੋਗ ਸਪੀਕਰ :** ਅਰੁਨਾ ਜੀ, ਮਾੜੇ ਨਤੀਜਿਆਂ ਲਈ ਕੀ ਕਦਮ ਚੁੱਕੇ ਜਾਣਗੇ ਜੀ?

**ਰਾਜ ਮੰਤਰੀ :** ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦੀ ਹਾਂ ਕਿ ਜਿਹੜੇ ਸਕੂਲਾਂ ਦੇ 20% ਤੋਂ ਘੱਟ ਰਿਜ਼ਲਟ ਆਏ ਹਨ, ਉਨ੍ਹਾਂ ਤੇ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਨੂੰ ਵਿਦ ਇਨ ਡਿਸਟ੍ਰਿਕਟ ਤਬਦੀਲ ਕੀਤਾ ਜਾਵੇਗਾ। ਉਨ੍ਹਾਂ ਦੇ ਪ੍ਰਿੰਸੀਪਲ ਨੂੰ ਸ਼ਿਫਟ ਕਰ ਰਹੇ ਹਾਂ। ਨਾਲ ਹੀ ਨਾਲ ਮੈਂ ਇਹ ਵੀ ਦੱਸਣਾ ਚਾਹੁੰਦੀ ਹਾਂ ਕਿ ਜਿਨ੍ਹਾਂ ਦੇ 90% ਤੋਂ ਜ਼ਿਆਦਾ ਰਿਜ਼ਲਟ ਚੰਗੇ ਆਏ ਹਨ, ਉਨ੍ਹਾਂ ਨੂੰ ਪ੍ਰੋਤਸਾਹਨ ਦੇਣ ਲਈ, ਮੋਟੀਵੇਟ ਕਰਨ ਲਈ ਅਸੀਂ ਪ੍ਰਸ਼ੰਸਾ ਪੱਤਰ ਦੇਵਾਂਗੇ ਤਾਂ ਕਿ ਉਹ ਸਟਾਫ ਹੋਰਾਂ ਲਈ ਵੀ ਮਿਸਾਲ ਕਾਇਮ ਕਰ ਸਕਣ ਤਾਂ ਕਿ ਦੂਜੇ ਸਕੂਲ ਵੀ ਦੇਖ ਕੇ ਆਪਣੇ ਸਕੂਲਾਂ ਦਾ ਰਿਜ਼ਲਟ ਬਿਹਤਰ ਕਰ ਸਕਣ।

ਦੂਸਰੀ ਗੱਲ, ਅਸੀਂ ਇਸ ਬਾਰੇ ਪਹਿਲਾਂ ਹੀ ਕਹਿ ਚੁੱਕੇ ਹਾਂ ਕਿ ਇਸ ਬਜਟ ਵਿੱਚ 400 ਸਕੂਲ ਨਵੇਂ ਆਉਣਗੇ ਅਤੇ ਇਨ੍ਹਾਂ 400 ਸਕੂਲਾਂ ਵਿੱਚ ਆਪਸ਼ਨ ਦੇ ਤੌਰ ਤੇ

ਇੰਗਲਿਸ਼ ਵੀ ਪੜ੍ਹਾਈ ਜਾਵੇਗੀ ਕਿਉਂਕਿ ਵੇਖਿਆ ਗਿਆ ਹੈ ਕਿ ਕਈ ਲੋਕ ਪ੍ਰਾਈਵੇਟ ਸਕੂਲਾਂ ਵੱਲ ਇਸ ਕਰਕੇ ਆਕਰਸ਼ਿਤ ਹੁੰਦੇ ਹਨ, ਆਪਣੇ ਬੱਚਿਆਂ ਨੂੰ ਐਡਮਿਟ ਕਰਵਾਉਂਦੇ ਹਨ ਤਾਂ ਕਿ ਉਨ੍ਹਾਂ ਦਾ ਇੰਗਲਿਸ਼ ਦਾ ਸਟੈਂਡਰਡ ਵਧੀਆ ਹੋ ਜਾਵੇ ਅਤੇ ਆਉਣ ਵਾਲੇ ਸਮੇਂ ਵਿੱਚ ਇੰਟਰਨੈਸ਼ਨਲ ਲੈਵਲ ਤੇ ਕੰਪੀਟ ਕਰ ਸਕਣ। ਕਈ ਬੱਚੇ ਜਿਹੜੇ ਬਾਹਰ ਸਿੱਖਿਆ ਲੈਣ ਜਾਂਦੇ ਹਨ, ਉਨ੍ਹਾਂ ਲਈ ਵੀ ਬਿਹਤਰ ਸੁਵਿਧਾ ਦਿੱਤੀ ਜਾ ਰਹੀ ਹੈ। ਇਸ ਦੇ ਨਾਲ ਹੀ ਅਸੀਂ ਗੈਸਟ ਫੈਕਲਿਟੀ ਦੇ ਰੂਪ ਵਿੱਚ ਦੂਸਰੀਆਂ ਭਾਸ਼ਾਵਾਂ, ਜਿਵੇਂ ਜਰਮਨ, ਫਰੈਂਚ, ਇਟਾਲੀਅਨ ਭਾਸ਼ਾਵਾਂ ਵੀ ਸ਼ੁਰੂ ਕਰਾਂਗੇ, ਇੰਟਰੋਡਿਊਸ ਕਰਾਂਗੇ ਤਾਂ ਕਿ ਜਿਹੜੇ ਬੱਚੇ ਬਾਹਰ ਜਾਣ ਦੇ ਇੱਛੁਕ ਹਨ, ਉਹ ਕਿਸੇ ਏਜੰਸੀ, ਝੂਠੇ ਏਜੰਟਸ ਦੇ ਥਰੂ ਗੁੰਮਰਾਹ ਨਾ ਹੋਣ ਅਤੇ ਅਸੀਂ ਉਨ੍ਹਾਂ ਨੂੰ ਬਿਹਤਰ ਸੁਵਿਧਾਵਾਂ ਦੇ ਸਕੀਏ।

**ਮਾਨਯੋਗ ਸਪੀਕਰ :** ਧੰਨਵਾਦ ਜੀ। ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ।

-----

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਅਤੇ ਆਮ ਆਦਮੀ ਪਾਰਟੀ ਦੇ ਹਾਜ਼ਰ ਸਮੂਹ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਗਏ ਅਤੇ ਬਿਨਾਂ ਆਗਿਆ ਬੋਲਣ ਲੱਗ ਪਏ। ਸਦਨ ਵਿੱਚ ਕਾਫੀ ਸ਼ੋਰ ਸੀ)

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਸੁਖਪਾਲ ਖਹਿਰਾ ਨੂੰ ਕਿਉਂ ਰੋਕਿਆ ਗਿਆ ਹੈ, ਇਹ ਤਾਂ ਦੱਸ ਦਿਉ। (ਵਿਘਨ.......ਸ਼ੋਰ)

**ਮਾਨਯੋਗ ਸਪੀਕਰ :** ਮੈਂ ਪਹਿਲਾਂ ਹੀ ਦੱਸ ਚੁੱਕਾ ਹਾਂ ਜੀ। (ਵਿਘਨ......ਸ਼ੋਰ)

-----

## PAPERS LAID ON THE TABLE OF THE HOUSE

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸ਼੍ਰੀਮਾਨ ਜੀ, ਮੈਂ -

1. ਸਾਲ 2013-14 ਲਈ ਪੰਜਾਬ ਰਾਜ ਅਨਾਜ ਖਰੀਦ ਨਿਗਮ ਲਿਮਟਿਡ ਦੀ 11ਵੀਂ ਸਾਲਾਨਾ ਰਿਪੋਰਟ ਅਤੇ ਲੇਖੇ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619- ੳ,

2. ਸਾਲ 2013-14 ਅਤੇ 2014-15 ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੁਆਰਾ ਪ੍ਰਾਪਤ ਕੀਤੀਆਂ ਗਈਆਂ ਗ੍ਰਾਂਟਾਂ ਦੀ ਵਰਤੋਂ ਤੇ ਆਡਿਟ ਪ੍ਰੇਖਣ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਹਰਿਆਣਾ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀਜ਼ ਐਕਟ, 1970 ਦੀ ਧਾਰਾ 34 (5),

3. ਸਾਲ 2015-16 ਲਈ ਪੰਜਾਬ ਸੇਵਾ ਦਾ ਅਧਿਕਾਰ ਕਮਿਸ਼ਨ ਦੀ ਸਾਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਪੰਜਾਬ ਸੇਵਾ ਦਾ ਅਧਿਕਾਰ ਐਕਟ, 2011 ਦੀ ਧਾਰਾ 18 (2) ਅਤੇ

4. ਸਾਲ 2014-15 ਲਈ ਪੰਜਾਬ ਰਾਜ ਬਿਜਲੀ ਕਾਰਪੋਰੇਸ਼ਨ ਲਿਮਟਿਡ ਦੀ 5ਵੀਂ ਸਾਲਾਨਾ ਰਿਪੋਰਟ ਸਦਨ ਦੀ ਮੇਜ ਤੇ ਰੱਖਦਾ ਹਾਂ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ਓ ਅਧੀਨ ਲੋੜੀਂਦਾ ਹੈ।

5. ਸਾਲ 2009-10, 2010-11, 2011-12, 2012-13 ਅਤੇ 2013-14 ਲਈ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜਗਾਰ ਗਾਰੰਟੀ ਸਕੀਮ (ਮਨਰੇਗਾ) ਨੂੰ ਲਾਗੂ ਕਰਨ ਲਈ ਸਾਲਾਨਾ ਰਿਪੋਰਟ ਸਦਨ ਦੀ ਮੇਜ ਤੇ ਰੱਖਣਗੇ, ਜਿਵੇਂ ਕਿ ਮਨਰੇਗਾ ਦੀਆਂ ਸੋਧੀਆਂ ਸੇਧਾਂ ਦੀ ਧਾਰਾ 13.11.13 ਅਧੀਨ ਲੋੜੀਂਦਾ ਹੈ।

6. ਸਾਲ 2014-15 ਲਈ ਲੋਕਲ ਆਡਿਟ ਵਿਭਾਗ ਦੀ ਸਾਲਾਨਾ ਪ੍ਰਬੰਧਕੀ ਰਿਪੋਰਟ ਸਦਨ ਦੀ ਮੇਜ਼ ਤੇ ਰੱਖਦਾ ਹਾਂ ਅਤੇ;

7. ਸਾਲ 2014-15 ਲਈ ਪੰਜਾਬ ਐਗਰੋ ਫੂਡ ਗ੍ਰੇਨਜ਼ ਕਾਰਪੋਰੇਸ਼ਨ ਲਿਮਟਿਡ ਦੀ 13ਵੀਂ ਸਾਲਾਨਾ ਰਿਪੋਰਟ ਅਤੇ ਲੇਖੇ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619- ਓ ਅਧੀਨ ਲੋੜੀਂਦਾ ਹੈ।

-----

## MOTION OF THANKS AND DISCUSSION ON GOVERNOR'S ADDRESS

**ਮਾਨਯੋਗ ਸਪੀਕਰ :** (ਵਿਘਨ) (ਸ਼ੋਰ) ਰਾਜਪਾਲ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ ਅਤੇ ਬਹਿਸ।ਸ਼੍ਰੀ ਰਾਜ ਕੁਮਾਰ ਵੇਰਕਾ, ਐਮ.ਐਲ.ਏ. ਮਤਾ ਪੇਸ਼ ਕਰਨ। (ਵਿਘਨ) (ਸ਼ੋਰ)

**ਡਾਕਟਰ ਰਾਜ ਕੁਮਾਰ ਵੇਰਕਾ :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਰਾਜਪਾਲ ਜੀ ਨੂੰ ਹੇਠ ਲਿਖੇ ਸ਼ਬਦਾਂ ਵਿਚ ਮਾਣ-ਪੱਤਰ ਪੇਸ਼ ਕੀਤਾ ਜਾਵੇ

"ਕਿ ਇਸ ਸਮਾਗਮ ਵਿਚ ਇਕੱਤਰ ਹੋਏ ਇਸ ਸਦਨ ਦੇ ਮੈਂਬਰ ਰਾਜਪਾਲ ਜੀ ਦੇ ਉਸ ਭਾਸ਼ਣ ਲਈ ਅਤਿ ਧੰਨਵਾਦੀ ਹਨ ਜੋ ਉਨ੍ਹਾਂ ਨੇ 28 ਮਾਰਚ, 2017 ਨੂੰ ਸਦਨ ਵਿਚ ਦੇਣ ਦੀ ਕਿਰਪਾਲਤਾ ਕੀਤੀ।"

**ਮਾਨਯੋਗ ਸਪੀਕਰ :** ਸਰਦਾਰ ਬਲਬੀਰ ਸਿੰਘ ਸਿੱਧੂ, ਐਮ.ਐਲ.ਏ ਮਤੇ ਦੀ ਪ੍ਰੋੜ੍ਹਤਾ ਕਰਨਗੇ।

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਜਿਹੜਾ ਮਤਾ ਸ਼੍ਰੀ ਰਾਜ ਕੁਮਾਰ ਵੇਰਕਾ

ਜੀ ਨੇ ਪੇਸ਼ ਕੀਤਾ ਹੈ, ਮੈਂ ਉਸ ਦੀ ਪ੍ਰੋੜ੍ਹਤਾ ਕਰਦਾ ਹਾਂ।

-----

**WALK-OUT**

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਸਮੂਹ ਹਾਜ਼ਰ ਮੈਂਬਰ ਅਤੇ ਸਰਦਾਰ ਬਲਵਿੰਦਰ ਸਿੰਘ ਬੈਂਸ, ਮੈਂਬਰ, ਲੋਕ ਇਨਸਾਫ ਪਾਰਟੀ, ਆਮ ਆਦਮੀ ਪਾਰਟੀ ਦੇ ਮੈਂਬਰ ਸਰਦਾਰ ਸੁਖਪਾਲ ਸਿੰਘ ਖਹਿਰਾ ਨੂੰ ਸਦਨ ਵਿੱਚ ਦਾਖਲ ਨਾ ਹੋਣ ਦੇਣ ਦੇ ਰੋਸ ਵਜੋਂ ਸਦਨ ਵਿੱਚੋਂ ** **ਨਾਅਰੇ ਮਾਰਦੇ ਹੋਏ ਵਾਕ ਆਊਟ ਕਰ ਗਏ।)

-----

**MOTION OF THANKS AND DISCUSSION ON GOVERNOR'S ADDRESS *(Resumption)***

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ)

**ਮਾਨਯੋਗ ਸਪੀਕਰ :** ਡਿਸਕਸ਼ਨ ਤੇ ਬੋਲੋ, ਡਿਸਕਸ਼ਨ ਸ਼ੁਰੂ ਹੋਣ ਲੱਗੀ ਹੈ। (ਵਿਘਨ ...... ਸ਼ੋਰ) ਤੁਸੀਂ ਡਿਸਕਸ਼ਨ ਤੇ ਬੋਲੋ। ਕਾਲ ਅਟੈਂਸ਼ਨ ਤੇ ਤੁਸੀਂ ਨਹੀਂ ਬੋਲ ਸਕਦੇ ਸੀ। ...(ਵਿਘਨ....ਸ਼ੋਰ)....

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਰਾਜਪਾਲ ਜੀ ਨੂੰ ਹੇਠ ਲਿਖੇ ਸ਼ਬਦਾਂ ਵਿਚ ਮਾਣ-ਪੱਤਰ ਪੇਸ਼ ਕੀਤਾ ਜਾਵੇ-

"ਕਿ ਇਸ ਸਮਾਗਮ ਵਿੱਚ ਇਕੱਤਰ ਹੋਏ ਇਸ ਸਦਨ ਦੇ ਮੈਂਬਰ ਰਾਜਪਾਲ ਜੀ ਦੇ ਉਸ ਭਾਸ਼ਣ ਲਈ ਅਤਿ ਧੰਨਵਾਦੀ ਹਨ ਜੋ ਉਨ੍ਹਾਂ ਨੇ ਮਿਤੀ 28 ਮਾਰਚ, 2017 ਨੂੰ ਸਦਨ ਵਿੱਚ ਦੇਣ ਦੀ ਕ੍ਰਿਪਾਲਤਾ ਕੀਤੀ।"

ਬਹਿਸ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਕਿਸਾਨਾਂ ਦੇ ਕਰਜ਼ੇ ਮਾਫੀ ਸਬੰਧੀ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ :** ਤੁਹਾਨੂੰ ਟਾਈਮ ਮਿਲੇਗਾ, ਬਹਿਸ ਵਿੱਚ ਹਿੱਸਾ ਲਓ ਜੀ। ....(ਵਿਘਨ......ਸ਼ੋਰ)..... ਦੱਸੋ ਕੀ ਕਹਿੰਦੇ ਹੋ ?

---

** Not recorded as ordered by the Chair.

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਮੈਂ ਇਹ ਗੱਲ ਕਹਿੰਦਾ ਹਾਂ ਕਿ ਸੀ. ਐਮ. ਸਾਹਿਬ ਨੇ ਹਾਊਸ ਵਿੱਚ ਐਸ਼ੋਰੈਂਸ ਦਿੱਤੀ ਹੈ ਕਿ ਅਜੇ ਹਾਊਸ ਵਿੱਚ ਬਜਟ ਪੇਸ਼ ਹੋਣਾ ਹੈ, ਉਸ ਵਿੱਚ ਅਸੀਂ ਕਰਜ਼ਾ ਮਾਫੀ ਕਰਾਂਗੇ ਤੇ ਅਸੀਂ ਉਨ੍ਹਾਂ ਦੇ ਕਹਿਣ ਤੇ ਪ੍ਰੋਟੈਸਟ ਵਿਦਡਰਾਅ ਕੀਤਾ ਹੈ......

**ਸਥਾਨਕ ਸਰਕਾਰ ਮੰਤਰੀ (ਸਰਦਾਰ ਨਵਜੋਤ ਸਿੰਘ ਸਿੱਧੂ) :** ਤੁਸੀਂ ਮੇਰੀ ਗੱਲ ਸੁਣ ਲਓ। (ਵਿਘਨ......ਸ਼ੋਰ)

**ਮਾਨਯੋਗ ਸਪੀਕਰ :** ਸਿੱਧੂ ਜੀ, ਤੁਸੀਂ ਪਲੀਜ਼ ਬੈਠੋ ਜੀ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਮੈਂਬਰ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਰਮਨਜੀਤ ਸਿੰਘ ਸਿੱਕੀ ਅਤੇ ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜ਼ਾਜ਼ਤ ਬੋਲ ਰਹੇ ਸਨ।) (ਵਿਘਨ........ਸ਼ੋਰ)

**ਮਾਨਯੋਗ ਸਪੀਕਰ :** ਢੀਂਡਸਾ ਜੀ, ਤੁਸੀਂ ਪਹਿਲਾਂ ਆਪਣੇ ਸਾਥੀਆਂ ਨੂੰ ਬਿਠਾਓ। ਤੁਸੀਂ ਬੈਠੋ ਪਲੀਜ਼, ਬੈਠੋ ਸਾਰੇ। ਸਿੱਕੀ ਜੀ ਬੈਠੋ, ਰੰਧਾਵਾ ਸਾਹਿਬ, ਬੈਠੋ ਪਹਿਲਾਂ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਸਾਡੀ ਡਿਮਾਂਡ ਇਹ ਹੈ ਕਿ ਜੋ ਇਲੈਕਸ਼ਨਜ਼ ਵਿੱਚ ਕਾਂਗਰਸ ਪਾਰਟੀ ਨੇ ਵਾਅਦਾ ਕੀਤਾ ਹੈ ਕਿ Complete waiver of corporate tax and ......(interruptions)..... farmer loans taken by them from co-operative banks, scheduled banks and private banks. This is our demand.

**ਸਥਾਨਕ ਸਰਕਾਰ ਮੰਤਰੀ (ਸਰਦਾਰ ਨਵਜੋਤ ਸਿੰਘ ਸਿੱਧੂ) :** ਤੁਸੀਂ ਕਿਹੜਾ ਵਾਅਦਾ ਪੂਰਾ ਕੀਤਾ ਹੈ?

**ਮਾਨਯੋਗ ਸਪੀਕਰ :** ਸੀ.ਐਮ. ਸਾਹਿਬ ਕਹਿ ਚੁੱਕੇ ਹਨ, ਸੀ.ਐਮ. ਸਾਹਿਬ ਦਾ ਜਵਾਬ ਆ ਜਾਵੇਗਾ। ਪਲੀਜ਼ ਬੈਠੋ। ਰਾਜ ਕੁਮਾਰ ਵੇਰਕਾ ਜੀ।

**ਡਾਕਟਰ ਰਾਜ ਕੁਮਾਰ ਵੇਰਕਾ (ਅੰਮ੍ਰਿਤਸਰ ਪੱਛਮੀ, ਐਸ.ਸੀ.) :** ਸਪੀਕਰ ਸਾਹਿਬ, ਮੈਂ ਗਵਰਨਰ ਸਾਹਿਬ ਦੇ ਧੰਨਵਾਦ ਪ੍ਰਸਤਾਵ, ਜਿਹੜਾ ਕਿ ਉਨ੍ਹਾਂ ਨੇ ਸਦਨ ਵਿੱਚ ਵੈਲਕਮ ਐਡਰੈਸ ਦੇ ਵਜੋਂ ਪੜ੍ਹਿਆ ਹੈ, ਤੇ ਬੋਲਣ ਵਾਸਤੇ ਖੜ੍ਹਾ ਹੋਇਆ ਹਾਂ ਔਰ ਮੈਂ ਗਵਰਨਰ ਸਾਹਿਬ ਦੇ ਭਾਸ਼ਣ ਵਿੱਚ ਦਿੱਤੀਆਂ ਹੋਈਆਂ ਚਿੰਤਾਵਾਂ ਤੇ ਸਦਨ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਨੂੰ ਵਿਰਾਸਤ ਵਿੱਚ ਇੱਕ ਭਾਰੀ ਕਰਜ਼ੇ ਦਾ ਬੋਝ ਮਿਲਿਆ ਹੈ। ਪਿਛਲੇ 60 ਸਾਲਾਂ ਦੌਰਾਨ ਇਹ ਜਿਹੜਾ ਪੰਜਾਬ ਉੱਪਰ ਕਰਜ਼ੇ ਦਾ ਬੋਝ ਬਣਿਆ ਹੋਇਆ ਹੈ, ਸਾਲ 2006-07 ਤੱਕ ਇਹ ਕਰਜ਼ਾ ਸਿਰਫ 48 ਕਰੋੜ ਰੁਪਏ ਸੀ। ਅੱਜ ਮੈਨੂੰ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਅੱਜ ਪੰਜਾਬ ਦੇ ਉੱਪਰ

ਇਹ ਕਰਜ਼ਾ 1 ਲੱਖ 82 ਹਜ਼ਾਰ ਕਰੋੜ ਰੁਪਏ ਦਾ ਹੈ ਔਰ ਪੰਜਾਬ ਦੇ ਬੱਸ ਸਟੈਂਡ, ਪੰਜਾਬ ਦੇ ਸਰਕਟ ਹਾਊਸ, ਪੰਜਾਬ ਦੀਆਂ ਜ਼ਮੀਨਾਂ ਵੱਖਰੀਆਂ ਵੇਚ ਦਿੱਤੀਆਂ ਗਈਆਂ ਹਨ। ਅੱਜ ਐਜੂਕੇਸ਼ਨ ਦਾ ਮਿਆਰ ਇੰਨਾ ਪੈਸਾ ਖਰਚ ਕਰਨ ਦੇ ਬਾਵਜੂਦ ਵੀ ਡਿੱਗਿਆ ਪਿਆ ਹੈ। ਅੱਜ ਪੜ੍ਹਾਈ ਔਰ ਦਵਾਈ ਤੋਂ ਪੂਰਾ ਪੰਜਾਬ ਵਾਂਝਾ ਹੈ। ਮੈਂ ਇਸ ਗੱਲ ਵਾਸਤੇ ਕਹਿਣਾ ਚਾਹੁੰਦਾ ਹਾਂ ਕਿ ਅੱਜ ਪੰਜਾਬ ਦੇ ਅੰਦਰ ਤੁਸੀਂ ਝਾਤੀ ਮਾਰ ਕੇ ਦੇਖੋ ਪੰਜਾਬ ਦੇ ਹੈਲਥ ਸਿਸਟਮ ਦਾ ਹਾਲ, ਪੰਜਾਬ ਦੀ ਐਜੂਕੇਸ਼ਨ ਦਾ ਹਾਲ, ਪੰਜਾਬ ਦੇ ਲੋਕਾਂ ਦੀ ਬੇਰੁਜ਼ਗਾਰੀ ਦਾ ਹਾਲ, ਪੰਜਾਬ ਵਿੱਚ ਡਰੱਗਜ਼ ਤੇ ਨਸ਼ਿਆਂ ਦਾ ਹਾਲ, ਪਿਛਲੇ 10 ਸਾਲਾਂ ਵਿੱਚ ਇਨ੍ਹਾਂ ਨੇ ਪੰਜਾਬ ਨੂੰ ਕੰਗਾਲੀ ਦੇ ਪਾਸੇ ਲਿਆ ਕੇ ਰੱਖ ਦਿੱਤਾ ਹੈ ਔਰ ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਪੰਜਾਬ ਉੱਪਰ ਕਰਜ਼ੇ ਦਾ ਭਾਰੀ ਬੋਝ ਪਿਆ ਹੈ, ਪੰਜਾਬ ਉੱਪਰ ਭਾਰੀ ਲੁੱਟ ਹੋਈ ਹੈ, ਪੰਜਾਬ ਦੀ ਜਨਤਾ ਨੂੰ ਇਸ ਗੱਲ ਦਾ ਜਵਾਬ ਦੇਣ ਵਾਸਤੇ ਮੈਂ ਚਾਹੁੰਦਾ ਹਾਂ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਔਰ ਡਿਪਟੀ ਸੀ.ਐਮ. ਸਾਹਮਣੇ ਹੋ ਕੇ ਇਸ ਦਾ ਸਾਹਮਣਾ ਕਰਦੇ ਔਰ ਇਸ ਗੱਲ ਦਾ ਜਵਾਬ ਦਿੰਦੇ ਕਿ 10 ਸਾਲ ਜਿਹੜਾ ਪੰਜਾਬ ਵਿੱਚ ਕੰਗਾਲੀ ਦਾ ਹਾਲ ਰਿਹਾ ਹੈ, ਉਸ ਲਈ ਜ਼ਿੰਮੇਵਾਰ ਕੌਣ ਹੈ? ਮੈਂ ਧੰਨਵਾਦ ਕਰਦਾ ਹਾਂ ਕੈਪਟਨ ਅਮਰਿੰਦਰ ਸਿੰਘ ਜੀ ਦਾ, ਜਿਨ੍ਹਾਂ ਨੇ ਬੇਰੁਜ਼ਗਾਰੀ ਨੂੰ ਖਤਮ ਕਰਨ ਵਾਸਤੇ, ਕਿਸਾਨਾਂ ਦੇ ਕਰਜ਼ੇ ਮਾਫ ਕਰਨ ਵਾਸਤੇ ਇਹ ਵੀ ਗੱਲ ਕਹੀ ਹੈ ਕਿ ਚਾਹੇ ਕੇਂਦਰ ਤੋਂ ਮਦਦ ਮਿਲੇ ਚਾਹੇ ਨਾ ਮਿਲੇ, ਉਹ ਆਪਣੇ ਸੋਰਸਿਜ਼ ਨਾਲ ਕਿਸਾਨਾਂ ਦੇ ਕਰਜ਼ੇ ਮਾਫ ਕਰਨਗੇ, ਇੰਡਸਟਰੀ ਨੂੰ ਅੱਗੇ ਲੈ ਕੇ ਆਉਣਗੇ (ਥੰਪਿੰਗ) ਔਰ ਖਾਸ ਕਰਕੇ ਮੈਂ ਇਨ੍ਹਾਂ ਦਾ ਧੰਨਵਾਦੀ ਹਾਂ । ਬੜੇ ਲੰਮੇ ਸਮੇਂ ਤੋਂ ਜਿਹੜੀਆਂ ਮੁਸ਼ਕਿਲਾਂ ਐਜੂਕੇਸ਼ਨ ਵਿੱਚ ਲੋਕਾਂ ਨੂੰ ਆ ਰਹੀਆਂ ਸੀ । ਅੱਜ ਮੈਨੂੰ ਇਸ ਗੱਲ ਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਪੀਕਰ ਸਾਹਿਬ, ਅੱਜ ਹਸਪਤਾਲਾਂ ਵਿੱਚ ਤੁਸੀਂ ਝਾਤੀ ਮਾਰ ਕੇ ਦੇਖੋਂ, ਇਨ੍ਹਾਂ ਨੇ ਜਿੰਨਾ ਰੁਪਿਆ ਖਰਚ ਕੀਤਾ, ਉਸ ਦਾ ਕੋਈ ਹਿਸਾਬ ਨਹੀਂ। ਐਜੂਕੇਸ਼ਨ ਉਤੇ ਜਿੰਨਾ ਰੁਪਿਆ ਬਰਬਾਦ ਕੀਤਾ ਹੈ, ਉਸ ਦਾ ਕੋਈ ਹਿਸਾਬ ਨਹੀਂ। ਅੱਜ ਪੰਜਾਬ ਲੀਹਾਂ ਤੋਂ ਉਤਰਿਆ ਪਿਆ ਹੈ। ਮੈਨੂੰ ਮਾਨਯੋਗ ਮੁੱਖ ਮੰਤਰੀ, ਪੰਜਾਬ ਕੈਪਟਨ ਅਮਰਿੰਦਰ ਸਿੰਘ ਦਾ ਧੰਨਵਾਦ ਕਰਨਾ ਪੈ ਰਿਹਾ ਹੈ, ਜਿਨ੍ਹਾਂ ਨੇ ਮੁਸ਼ਕਲ ਦੀ ਘੜੀ ਵਿੱਚ ਪੰਜਾਬ ਨੂੰ ਫਿਰ ਬਾਹਰ ਕੱਢਣ ਵਾਸਤੇ ਉਪਰਾਲਾ ਕੀਤਾ ਹੈ। ਇਨ੍ਹਾਂ ਨੇ ਕਿਹਾ ਹੈ ਕਿ ਸਭ ਤੋਂ ਵੱਡਾ ਦੁਖ ਇਹ ਹੈ ਕਿ ਪੰਜਾਬ ਦਾ ਜਿਹੜਾ ਗਰੀਬ ਹੈ, ਉਸ ਨੂੰ ਐਜੂਕੇਸ਼ਨ ਤੋਂ ਵਾਂਝਾ ਰੱਖਿਆ ਜਾ ਰਿਹਾ ਹੈ। ਐਜੂਕੇਸ਼ਨ ਵਾਸਤੇ ਗਰੀਬ ਆਦਮੀ ਸਰਕਾਰੀ ਸਕੂਲਾਂ ਵਿੱਚ ਪੜ੍ਹਦਾ ਹੈ। ਗਰੀਬ ਆਦਮੀ ਸਰਕਾਰੀ ਹਸਪਤਾਲਾਂ ਵਿੱਚ ਜਾਂਦਾ ਹੈ ਪਰ ਇਨ੍ਹਾਂ ਨੇ ਇਨ੍ਹਾਂ ਦੋਹਾਂ ਦੀ ਹਾਲਤ ਬਦ ਨਾਲੋਂ ਬਦਤਰ ਕਰਕੇ ਰੱਖੀ ਹੈ। ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ, ਸਪੀਕਰ ਸਾਹਿਬ, ਜ਼ਰੂਰਤ ਇਸ ਗੱਲ ਦੀ ਹੈ ਕਿ ਐਜੂਕੇਸ਼ਨ ਨੂੰ ਸੁਧਾਰਿਆ ਜਾਵੇ। ਅੱਜ ਡਿਜ਼ੀਟਲ ਐਜੂਕੇਸ਼ਨ ਦੀ ਗੱਲ ਮਾਨਯੋਗ ਮੁੱਖ ਮੰਤਰੀ ਜੀ ਨੇ

ਕੀਤੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਜਿਹੜੀਆਂ ਮਹਿੰਗੀਆਂ ਕਿਤਾਬਾਂ ਬਜ਼ਾਰੋਂ ਲੈਣੀਆਂ ਪੈਂਦੀਆਂ ਸਨ, ਹਰ ਬੱਚੇ ਨੂੰ ਇੰਟਰਨੈੱਟ ਤੇ ਉਹ ਕਿਤਾਬਾਂ ਡਾਊਨ ਲੋਡ ਕਰਕੇ ਮਿਲਣਗੀਆਂ ਤਾਂ ਕਿ ਉਹ ਬੱਚਾ ਫਰੀ ਐਜੂਕੇਸ਼ਨ ਹਾਸਲ ਕਰ ਸਕੇ। ਦੂਸਰੀ ਗੱਲ, ਮੈਂ ਮਾਨਯੋਗ ਮੁੱਖ ਮੰਤਰੀ ਜੀ ਦਾ ਇਸ ਗੱਲ ਲਈ ਵੀ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਨੌਜਵਾਨਾਂ ਨੂੰ ਨੌਕਰੀਆਂ ਦੇਣ ਵਾਸਤੇ ਕਿਹਾ ਹੈ ਕਿ ਜਿਹੜੇ ਸਾਡੇ ਨੌਜਵਾਨ ਬੱਸ ਚਲਾਉਣਾ ਚਾਹੁੰਦੇ ਹਨ ਜਾਂ ਲਾਈਟ ਗੱਡੀਆਂ ਚਲਾਉਣੀਆਂ ਚਾਹੁੰਦੇ ਹਨ, ਹਰ ਸਾਲ ਇੱਕ ਲੱਖ ਲੋਕਾਂ ਨੂੰ ਸਬਸਿਡੀ ਉਤੇ ਇਹ ਸਭ ਚੀਜ਼ਾਂ ਮੁਹੱਈਆ ਕਰਵਾਈਆਂ ਜਾਣਗੀਆਂ ਤਾਂ ਕਿ ਬੇਰੁਜ਼ਗਾਰੀ ਦੂਰ ਹੋ ਸਕੇ। ਬੇਰੁਜ਼ਗਾਰੀ ਦੂਰ ਕਰਨ ਵਾਸਤੇ ਮੈਨੂੰ ਪਿਛਲੀ ਸਰਕਾਰ ਦੀ ਕੋਈ ਸਮਝ ਨਹੀਂ ਲੱਗੀ। ਪਿਛਲੀ ਬਾਦਲ ਸਾਹਿਬ ਦੀ ਸਰਕਾਰ ਗਈ ਹੈ, ਇਹ ਇਸ ਗੱਲ ਦਾ ਜਵਾਬ ਦੇਣ ਕਿ ਪਿਛਲੇ ਦਸ ਸਾਲਾਂ ਵਿੱਚ ਇਨ੍ਹਾਂ ਨੇ ਕਿੰਨੇ ਸਕੂਲ ਅਪਗਰੇਡ ਕੀਤੇ ਹਨ, ਕਿੰਨੇ ਹਸਪਤਾਲ ਅਪਗਰੇਡ ਕੀਤੇ ਹਨ ਔਰ ਕਿੰਨੀਆਂ ਨੌਕਰੀਆਂ ਦਿੱਤੀਆਂ ਗਈਆਂ ਹਨ। ਸਿਵਾਏ ਕੁਰੱਪਸ਼ਨ ਤੋਂ ਇਲਾਵਾ ਇਨ੍ਹਾਂ ਨੇ ਕੋਈ ਗੱਲ ਨਹੀਂ ਕੀਤੀ। ਝੂਠੇ ਪਰਚੇ ਦਰਜ ਕਰਨ ਵਿੱਚ ਪੰਜਾਬ ਦੀ ਇੰਤਹਾ ਹੋ ਗਈ ਹੈ ।

ਸਪੀਕਰ ਸਾਹਿਬ, ਅੱਜ ਗਵਰਨਰ ਸਾਹਿਬ ਨੇ ਜਿਨ੍ਹਾਂ ਚੀਜ਼ਾਂ ਉਤੇ ਚਿੰਤਾ ਪ੍ਰਗਟ ਕੀਤੀ ਹੈ, ਮੈਂ ਹਾਊਸ ਦਾ ਧਿਆਨ ਉਸ ਗੱਲ ਵੱਲ ਦਿਵਾਉਣਾ ਚਾਹੁੰਦਾ ਹਾਂ। ਉਨ੍ਹਾਂ ਨੇ ਕਿਹਾ ਹੈ ਕਿ ਪੰਜਾਬ ਦੀ ਇੰਡਸਟਰੀ ਬਿਲਕੁਲ ਬੈਠੀ ਹੋਈ ਹੈ। ਪੰਜਾਬ ਵਿੱਚ ਬੇਰੁਜ਼ਗਾਰੀ ਦਾ ਆਲਮ ਹੈ, ਝੂਠੇ ਪਰਚੇ ਦਰਜ ਹੋਏ ਹਨ, ਲਾਅ ਐਂਡ ਆਰਡਰ ਦੀ ਪਿਛਲੀ ਸਰਕਾਰ ਦੇ ਸਮੇਂ ਭਾਰੀ ਸਮੱਸਿਆ ਰਹੀ ਹੈ। ਮੈਂ ਇੱਕ ਗੱਲ ਕਹਿਣਾ ਚਾਹੁੰਦਾ ਹਾਂ, ਅੱਜ ਸਾਹਮਣਾ ਕਰਨ ਵਾਸਤੇ ਬਾਦਲ ਸਾਹਿਬ ਇਥੇ ਨਹੀਂ ਆਏ। ਉਨ੍ਹਾਂ ਨੂੰ ਪਤਾ ਹੈ ਕਿ ਪੰਜਾਬ ਦੇ ਚੁਣੇ ਹੋਏ ਨੁਮਾਇੰਦੇ ਇੱਕ ਇੱਕ ਗੱਲ ਦਾ ਹਿਸਾਬ ਮੰਗਣਗੇ। ਆਪਣੀ ਗੱਲ ਨੂੰ ਕਹਿਣਗੇ ਔਰ ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ........ ।

**ਸਰਦਾਰ ਕੁਸ਼ਲਦੀਪ ਸਿੰਘ ਕਿਕੀ ਢਿੱਲੋਂ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ** **

**ਮਾਨਯੋਗ ਸਪੀਕਰ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**ਡਾਕਟਰ ਰਾਜ ਕੁਮਾਰ ਵੇਰਕਾ :** ਸਪੀਕਰ ਸਾਹਿਬ, ਹਾਲੇ ਨਾ ਤਾਂ ਕੋਈ ਘਪਲਿਆਂ ਦੀ ਜਾਂਚ ਹੋਈ, ਨਾ ਕੋਈ ਇਨਕੁਆਰੀ ਹੋਈ ਪਰ ਹੁਣ ਇਨਕੁਆਰੀਆਂ ਖੁੱਲ੍ਹਣੀਆਂ ਹਨ। ਇਸ ਗੱਲ ਨੂੰ ਇਹ ਜਾਣਦੇ ਹਨ। ਇਨ੍ਹਾਂ ਨੂੰ ਸਮਝ ਨਹੀਂ ਲੱਗ ਰਹੀ ਤੇ ਹੁਣੇ ਤੋਂ ਹੀ ਇਹ ਫੜਫੜਾ ਰਹੇ ਹਨ, ਹੁਣੇ ਹੀ ਇਨ੍ਹਾਂ ਨੂੰ ਇੰਨੀ ਘਬਰਾਹਟ ਹੋਈ ਪਈ ਹੈ ਕਿਉਂਕਿ ਇਨ੍ਹਾਂ ਨੂੰ ਪਤਾ ਹੈ ਅਤੇ ਇਨ੍ਹਾਂ ਨੇ ਬਾਹਰ ਭੇਜ ਕੇ ਸਰਦਾਰ ਸੁਖਬੀਰ ਸਿੰਘ ਜੀ ਬਾਦਲ ਅਤੇ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਨੂੰ ਛੁਪਾ ਦਿੱਤਾ ਹੈ। ਲੇਕਿਨ ਪੰਜਾਬ ਦੇ ਲੋਕ ਤੁਹਾਡੇ

---

**Expunged as ordered by the Chair.

ਕੋਲੋਂ ਇੱਕ ਇੱਕ ਚੀਜ਼ ਦਾ ਹਿਸਾਬ ਮੰਗਣਗੇ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ :** ਪਲੀਜ਼ ਬੈਠੋ । ਤੁਸੀਂ ਆਪਣੀ ਗੱਲ ਦਾ ਜਵਾਬ ਦਿਓਗੇ। ਕੋਈ ਪੁਆਇੰਟ ਆਫ ਆਰਡਰ ਨਹੀਂ। ਪਲੀਜ਼ ਬੈਠੋ। ਕੋਹਾੜ ਸਾਹਿਬ, ਤੁਸੀਂ ਜਵਾਬ ਦੇ ਸਕਦੇ ਹੋ। ਬਾਅਦ ਵਿੱਚ ਸਾਰੀ ਗੱਲ ਦਾ ਜਵਾਬ ਦੇ ਲੈਣਾ।

**ਡਾਕਟਰ ਰਾਜ ਕੁਮਾਰ ਵੇਰਕਾ :** ਸਪੀਕਰ ਸਾਹਿਬ, ਮੈਨੂੰ ਸਮਝ ਨਹੀਂ ਲੱਗੀ, ਹੁਣੇ ਹੀ ਕਿਉਂ ਘਬਰਾ ਗਏ ਹਨ। ਇਹ ਕਿਹਾ ਜਾਂਦਾ ਹੈ :

ਲੱਤ ਤੇ ਵੱਜੀ ਡਾਂਗ ਤੇ ਪੱਟੀ ਗੋਡੇ ਤੇ
ਬਾਰਾਂ ਕੋਹ ਦਰਿਆ ਤੇ ਸੁੱਥਣ ਮੋਢੇ ਤੇ

ਹਾਲੇ ਤਾਂ ਇਨਕੁਆਰੀ ਸਟਾਰਟ ਹੀ ਨਹੀਂ ਹੋਈ। ਹਾਲੇ ਤਾਂ ਕੋਈ ਗੱਲ ਕੀਤੀ ਹੀ ਨਹੀਂ।

ਲੁੱਟਣ ਲੱਗਿਆਂ ਤੁਹਾਨੂੰ ਹੋਸ਼ ਨਹੀਂ ਤੇ ਹੁਣ ਤੁਹਾਡੇ ਵੱਸ ਨਹੀਂ
ਅਜੇ ਘਪਲੇ ਨਿਕਲਣੇ ਨੇ, ਅਜੇ ਹੋਈ ਬੱਸ ਨਹੀਂ।

ਅਜੇ ਤਾਂ ਸਟਾਰਟ ਹੋਇਆ ਹੈ, ਫਿਕਰ ਨਾ ਕਰੋ। ਮੈਂ ਤੁਹਾਨੂੰ ਬੇਨਤੀ ਇਹ ਕਰਨਾ ਚਾਹੁੰਦਾ ਹਾਂ ਕਿ ਅੱਜ ਪੰਜਾਬ ਦੇ ਅੰਦਰ ਚਾਹੇ ਗੁਰਧਾਮਾਂ ਦੀ ਬੇਅਦਬੀ ਦਾ ਮਾਮਲਾ ਹੈ ...(ਵਿਘਨ).... ਪੰਜਾਬ ਦੇ ਅੰਦਰ ਗੁਰਧਾਮਾਂ ਦੀ ਬੇਅਦਬੀ ਦਾ ਮਾਮਲਾ ਹੈ, ਪੰਜਾਬ ਦੇ ਸ਼ਡਿਊਲਡ ਕਾਸਟਾਂ ਦੇ ਵਜ਼ੀਫੇ, ਉਨ੍ਹਾਂ ਦੀਆਂ ਪੈਨਸ਼ਨਾਂ ਔਰ ਸ਼ਗਨ ਸਕੀਮ ਦੇ ਘਪਲਿਆਂ ਦਾ ਮਾਮਲਾ ਹੈ। ਇਨ੍ਹਾਂ ਨੇ ਆਪਣੇ ਮੰਤਰੀ ਦੀਆਂ ਇਨਕੁਆਇਰੀਆਂ ਤਾਂ ਕਰਾਈਆਂ। ਇੱਕ ਵਾਰੀ ਉਸ ਨੂੰ ਸਸਪੈਂਡ ਵੀ ਕਰ ਦਿੱਤਾ, ਫਿਰ ਉਸ ਨੂੰ ਲੈ ਕੇ ਆ ਗਏ ਲੇਕਿਨ ਇੱਕ ਗੱਲ ਦੀ ਮੈਨੂੰ ਸਮਝ ਨਹੀਂ ਲੱਗੀ। ਜਿਹੜਾ ਮੇਰੇ ਕੋਲ ਅੰਕੜਾ ਹੈ, ਸਪੀਕਰ ਸਾਹਿਬ, ਇਨ੍ਹਾਂ ਦੇ ਰਾਜ ਦੇ ਵਿੱਚ ਇਨ੍ਹਾਂ ਨੇ ਕਿਹਾ ਕਿ 130 ਕਰੋੜ ਰੁਪਏ ਦਾ ਪੈਨਸ਼ਨਾਂ ਅਤੇ ਸ਼ਗਨ ਸਕੀਮ ਦਾ ਵੱਡਾ ਘਪਲਾ ਹੋਇਆ ਹੈ ਔਰ ਕੁਝ ਅਫਸਰਾਂ ਨੂੰ, ਕੁਝ ਅਧਿਕਾਰੀਆਂ ਨੂੰ ਦੋਸ਼ੀ ਵੀ ਠਹਿਰਾ ਦਿੱਤਾ ਗਿਆ ਲੇਕਿਨ ਰਿਕਵਰੀ ਇੱਕ ਰੁਪੱਈਏ ਦੀ ਨਹੀਂ ਹੋਈ। ਉਸ ਤੋਂ ਬਾਅਦ ਉਹੀ ਅਧਿਕਾਰੀ ਦੁਬਾਰਾ ਫਿਰ ਫੀਲਡ ਦੇ ਵਿੱਚ ਲੱਗ ਗਏ। ਉਹੀ ਮੰਤਰੀ ਜਿਸ ਦੇ ਉਪਰ ਦੋਸ਼ ਸੀ, ਉਹ ਆ ਕੇ ਫਿਰ ਕੁਰਸੀ ਤੇ ਬੈਠ ਗਿਆ ਲੇਕਿਨ, ਸਪੀਕਰ ਸਾਹਿਬ, ਮੈਂ ਇੱਕ ਗੱਲ ਕਹਿਣਾ ਚਾਹੁੰਦਾ ਹਾਂ ਕਿ ਇਹ ਅਜ਼ੀਮ ਸਦਨ ਹੈ, ਇਸ ਦੀ ਮਰਿਆਦਾ ਸਾਨੂੰ ਸਾਰਿਆਂ ਨੂੰ ਰੱਖਣੀ ਚਾਹੀਦੀ ਹੈ। ਇੱਕ ਗੱਲ ਮੈਂ ਕਹਿਣਾ ਚਾਹੁੰਦਾ ਹਾਂ, ਬਾਰ ਬਾਰ ਇਨ੍ਹਾਂ

[ ਡਾਕਟਰ ਰਾਜ ਕੁਮਾਰ ਵੇਰਕਾ ]

ਨੇ ਖਨਨ ਨੂੰ ਲੈ ਕੇ ਸ਼ੋਰ ਮਚਾਇਆ ਹੈ। ਇੱਕ ਗੱਲ ਮੈਂ ਇਸ ਤੇ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਮੈਨੂੰ ਦੱਸੋ ਕਿ ਜਿਹੜਾ ਇਸ ਸਾਲ ਦੇ ਵਿੱਚ, ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ 102 ਖੱਡਾਂ ਦੀ ਬੋਲੀ ਕਰਵਾਈ ਹੈ, ਇਸ ਦਾ 1000 ਕਰੋੜ ਰੁਪਏ ਰੈਵੇਨਿਊ ਇਕੱਠਾ ਹੋਇਆ ਹੈ। 500 ਖੱਡਾਂ ਦੀ ਬੋਲੀ ਸੁਖਬੀਰ ਸਿੰਘ ਬਾਦਲ ਨੇ ਕਰਾਈ ਸੀ, ਉਸ ਦਾ ਟੋਟਲ ਰੈਵੇਨਿਊ 48 ਕਰੋੜ ਰੁਪਿਆ ਸੀ। ...(ਸ਼ੇਮ ਸ਼ੇਮ) ... ਜੇ ਮੈਂ 100 ਖੱਡਾਂ ਦੀ ਬੋਲੀ ਨੂੰ 1000 ਨਾਲ ਕੈਲਕੂਲੇਟ ਕਰਾਂ ਤਾਂ, ਸਪੀਕਰ ਸਾਹਿਬ, 50,000 ਕਰੋੜ ਰੁਪਿਆ ਦਸ ਸਾਲ ਦਾ ਬਣਦਾ ਹੈ। ਇਹ 50,000 ਕਰੋੜ ਰੁਪਿਆ ਕਿਸ ਕਿਸ ਦੇ ਢਿੱਡ ਦੇ ਵਿੱਚ ਗਿਆ, ਕੌਣ ਕੌਣ ਉਸ ਦਾ ਦੋਸ਼ੀ ਹੈ? ਇਹ ਇੱਕ ਬਹਾਦਰ ਦੀ ਗੱਲ ਕਰਦੇ ਹਨ, ਇਥੇ ਸੈਂਕੜੇ ਬਹਾਦਰ ਇਨ੍ਹਾਂ ਦੇ ਸਾਹਮਣੇ ਆਉਣ ਵਾਲੇ ਹਨ। ....(ਵਿਘਨ).... ਸੈਂਕੜੇ ਬਹਾਦਰ ਸਾਹਮਣੇ ਆਉਣਗੇ ਔਰ ਦੂਸਰੀ ਮੈਂ ਤੁਹਾਨੂੰ ਬੇਨਤੀ ਕਰਨੀ ਚਾਹੁੰਦਾ ਹਾਂ ....(ਵਿਘਨ)... ਮੈਂ ਤੁਹਾਨੂੰ ਬੇਨਤੀ ਇਹ ਕਰਨੀ ਚਾਹੁੰਦਾ ਹਾਂ ਕਿ ਇਹ ਸਦਨ ਦੀ ਮਰਿਆਦਾ ਦਾ ਸਵਾਲ ਹੈ .....(ਵਿਘਨ)...

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਮੈਂਬਰ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਕੁਲਜੀਤ ਸਿੰਘ ਨਾਗਰਾ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਕੁਝ ਬੋਲ ਰਹੇ ਸਨ।)

**ਮਾਨਯੋਗ ਸਪੀਕਰ :** ਬੈਠੋ, ਬੈਠੋ, ਬੈਠੋ। ਨਾਗਰਾ ਜੀ, ਤੁਸੀਂ ਵੀ ਬੈਠੋ। ਨਾਗਰਾ ਜੀ, ਪਲੀਜ਼ ਡਿਸਟਰਬ ਨਾ ਕਰੋ।

**ਡਾਕਟਰ ਰਾਜ ਕੁਮਾਰ ਵੇਰਕਾ :** ਸਪੀਕਰ ਸਾਹਿਬ, ਇੱਕ ਮੰਤਰੀ ਦੇ ਉਪਰ ਇਨ੍ਹਾਂ ਨੇ ਇਸ ਗੱਲ ਦਾ ਇਲਜ਼ਾਮ ਲਗਾਇਆ ਕਿ ਉਥੇ ਮੰਤਰੀ ਜੀ ਸ਼ਾਮਿਲ ਹਨ। ਤੁਸੀਂ ਸਦਨ ਵਾਲੇ ਮੈਨੂੰ ਇੱਕ ਗੱਲ ਦਾ ਜਵਾਬ ਦੇ ਦਿਓ ਕਿ ਮੰਤਰੀ ਜੀ ਨੇ ਕਿਸੇ ਤੇ ਕੋਈ ਪ੍ਰੈਸ਼ਰ ਪਾਇਆ? ਮੰਤਰੀ ਜੀ ਨੇ ਉਹ ਖੱਡਾਂ ਕੋਈ ਸਸਤੀਆਂ ਦਿਵਾਈਆਂ? ਬਜਾਏ ਇਸ ਗੱਲ ਦੇ ਕਿ ਭਾਈ ਜਿਹੜੀ ਇੱਕ ਚੀਜ ਨੂੰ ਤੁਸੀਂ ਦੋ ਲੱਖ ਰੁਪਏ ਦੇ ਵਿੱਚ ਵੇਚਦੇ ਸੀ, ਤੇ ਕਿਸੇ ਬੰਦੇ ਨੇ ਉਸ ਦਾ ਦੋ ਕਰੋੜ ਰੁਪਏ ਦਾ ਸਰਕਾਰ ਨੂੰ ਟੈਕਸ ਜਮ੍ਹਾਂ ਕਰਵਾਇਆ ਤਾਂ ਇਸ ਗੱਲ ਦੀ ਢਿੱਡ ਦੇ ਵਿੱਚ ਕਿਉਂ ਪੀੜ ਹੋਣ ਲੱਗੀ ਹੈ। ਇਸ ਦੇ ਵਿੱਚ ਕਿਸ ਨੂੰ ਤਕਲੀਫ ਹੋਣ ਲੱਗੀ ਹੈ, ਦੱਸ ਦਿਓ ਕੋਈ ਬੰਦਾ। ਲੇਕਿਨ ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਇਹ ਇਸ ਗੱਲ ਨੂੰ ਦੱਸਣ ਕਿ ਰਾਣਾ ਗੁਰਜੀਤ ਸਿੰਘ ਜੀ ਸਾਡੇ ਮਾਨਯੋਗ ਮੰਤਰੀ ਹਨ, ਕੀ ਉਨ੍ਹਾਂ ਨੇ ਕਿਸੇ ਅਕਾਊਂਟ ਵਿਚੋਂ ਪੈਸਾ ਦਿੱਤਾ, ਇਨਕੁਆਇਰੀ ਕਰਵਾ ਲਵੋ। ਉਨ੍ਹਾਂ ਨੇ ਕਿਸੇ ਗੱਲ ਦਾ ਸਰਕਾਰ ਨੂੰ ਚੂਨਾ ਲਗਾਇਆ, ਇਨਕੁਆਇਰੀ ਕਰਵਾ ਲਵੋ। ਭਾਈ, ਇਹ ਤਾਂ ਸ਼ੁਰੂਆਤ ਹੋਈ ਹੈ। 100 ਖੱਡ ਦਾ 1000 ਕਰੋੜ ਰੁਪਿਆ ਸਰਕਾਰ ਨੂੰ ਜਮ੍ਹਾਂ ਹੋਇਆ ਹੈ। ਇਸ ਦੇ ਵਿੱਚ ਕਿਹੜਾ ਘਪਲਾ ਹੋਇਆ ਹੈ। ਰਹਿ ਜਾਂਦੀ ਹੈ ਗੱਲ, ਤੁਸੀਂ ਜਾਨਣਾ

ਚਾਹੁੰਦੇ ਹੋ ਕਿ ਜਿਹੜਾ ਪੈਸਾ ਆਇਆ ਹੈ, ਉਸ ਦਾ ਸੋਰਸ ਕੀ ਹੈ। ਇਹ ਸਰਕਾਰ ਨੂੰ ਕੋਰਟ ਦੇ ਵਿੱਚ ਵਾਈਟ ਪੈਸਾ ਜਮ੍ਹਾਂ ਹੋਇਆ ਹੈ। ਸਰਕਾਰ ਕੋਲ ਬੈਂਕ ਰਾਹੀਂ ਪੈਸਾ ਜਮ੍ਹਾਂ ਹੋਇਆ ਹੈ। ਤੁਹਾਡੀ ਬੀ.ਜੇ.ਪੀ. ਦੀ ਸਰਕਾਰ ਉਪਰ ਭਾਈਵਾਲੀ ਦੀ ਹੈ। ਮੈਂ ਤੁਹਾਨੂੰ ਬੇਨਤੀ ਕਰਨਾ ਚਾਹੁੰਦਾ ਹਾਂ, ਸਪੀਕਰ ਸਾਹਿਬ, ਕਿ ਇਹ ਜਿਹੜੀਆਂ ਚੀਜ਼ਾਂ ਹਨ, ਇਨ੍ਹਾਂ ਨੂੰ ਇਸ ਗੱਲ ਦਾ ਡਰ ਹੈ ਕਿ ਦਸ ਸਾਲ ਤੋਂ ਜਿਹੜਾ ਇਨ੍ਹਾਂ ਨੇ ਲੁੱਟਿਆ ਹੈ, ਉਸ ਦੀ ਰਿਪੋਰਟ ਮਾਨਯੋਗ ਮੁੱਖ ਮੰਤਰੀ ਸਾਹਿਬ ਕੋਲ ਆ ਚੁੱਕੀ ਹੈ। ਲਿਸਟਾਂ ਇਨ੍ਹਾਂ ਦੇ ਕੋਲ ਆ ਗਈਆਂ ਹਨ, ਇਸ ਲਈ ਇਹ ਘਬਰਾਏ ਫਿਰਦੇ ਹਨ। ਤੁਸੀਂ ਇਹ ਦੇਖੋ ਕਿ

ਪਾਪ ਇਨ੍ਹਾਂ ਦੇ ਕੰਬਦੇ ਨੇ, ਪੈਰ ਵੀ ਨੀ ਰੁਕਦੇ
ਮੱਥੇ ਤੇ ਪਸੀਨਾ ਏ, ਬੁੱਲ ਪਏ ਨੇ ਸੁਕਦੇ।

ਪੁੱਛ ਕੇ ਦੇਖੋ। ਹੁਣ ਮੈਂ ਤੁਹਾਨੂੰ ਬੇਨਤੀ ਕਰਦਾ ਹਾਂ, ਮੈਂ ਤੁਹਾਨੂੰ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜਿੰਨੇ ਵੀ ਝੂਠੇ ਪਰਚੇ ਕੀਤੇ, ਜਿੰਨੇ ਵੀ ਅੱਤਿਆਚਾਰ ਕੀਤੇ, ਉਨ੍ਹਾਂ ਗਰੀਬਾਂ ਦਾ ਪੈਸਾ ਚਾਹੇ ਉਸ ਸ਼ਗਨ ਸਕੀਮ ਦਾ ਪੈਸਾ ਹੈ, ਚਾਹੇ ਗਰੀਬਾਂ ਦੀ ਸ਼ਕਾਲਰਸ਼ਿਪ ਦਾ ਪੈਸਾ ਹੈ ਜਾਂ ਦੂਸਰਾ ਪੈਸਾ ਹੈ, ਉਹ ਗਰੀਬਾਂ ਦਾ ਪੈਸਾ ਲੁੱਟ ਲਿਆ। ਚਾਹੇ ਸ਼ਡਿਊਲਡ ਕਾਸਟਾਂ ਦੇ ਵਜ਼ੀਫੇ ਦਾ ਪੈਸਾ ਹੈ, ਸ਼ਡਿਊਲਡ ਕਾਸਟਾਂ ਦਾ ਪੈਨਸ਼ਨ ਦਾ ਪੈਸਾ ਹੈ, ਸ਼ਗਨ ਸਕੀਮ ਦਾ ਪੈਸਾ ਹੈ ਲੇਕਿਨ ਮੈਂ ਇੱਕ ਗੱਲ ਕਹਾਂ ਕਿ–

ਲੂਟ ਕੇ ਜਿਸ ਕਾ ਘਰ ਬੈਠੇ ਹੋ ਮਹਲ ਸਜਾਏ ਆਪਣਾ
ਉਸਕਾ ਲਹੂ ਪੁਕਾਰ ਰਹਾ ਹੈ ਯਾ ਬਚੋਗੇ ਕਿਤਨਾ

ਜ਼ੁਲਮ ਹੈਂ ਜਿਤਨੇ ਰਾਤ ਔਰ ਦਿਨ ਕੇ ਲੇਂਗੇ ਬਦਲੇ ਸਭ ਗਿਣ ਗਿਣ ਕੇ। ** ** ਮੈਂ ਤੁਹਾਨੂੰ ਇਹ ਗੱਲ ਕਹਿਣਾ ਚਾਹੁੰਦਾ ਹਾਂ, ਸਪੀਕਰ ਸਾਹਿਬ, ਕਿ ਇਸ ਪੰਜਾਬ ਦੀ ਜਿਹੜੀ ਮਾਲੀ ਹਾਲਤ ਹੈ, ਇਹ ਬਹੁਤ ਮਾੜੀ ਹਾਲਤ ਹੈ। ਪੰਜਾਬ ਦੀ ਜਿਹੜੀ ਮਾਲੀ ਹਾਲਤ ਹੈ, ਉਸ ਉਪਰ ਸਾਰੇ ਸਦਨ ਨੂੰ ਚਿੰਤਾ ਹੋਣੀ ਚਾਹੀਦੀ ਹੈ, ਉਸ ਦੇ ਉਤੇ ਸਾਰੇ ਸਦਨ ਨੂੰ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ। ਹੋਣਾ ਤਾਂ ਇਹ ਚਾਹੀਦਾ ਸੀ ਕਿ ਭਾਈ ਇਸ ਮੌਜੂਦਾ ਹਾਲਾਤ ਵਿਚੋਂ ਸਮਝੋ ਕਿ ਅਸੀਂ ਕਿਸ ਤਰ੍ਹਾਂ ਨਿਕਲਾਂਗੇ। ਸਾਨੂੰ ਸਾਰਿਆਂ ਨੂੰ ਪੰਜਾਬ ਦੀ ਜਨਤਾ ਨੇ ਜਿਤਾ ਕੇ ਭੇਜਿਆ ਹੈ । ਇਹ ਗੱਲ ਕਹਿ ਕੇ ਭੇਜਿਆ ਹੈ...

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ ਸਰਦਾਰ ਬਲਵਿੰਦਰ ਸਿੰਘ ਬੈਂਸ ਆਪਣੀ ਸੀਟ ਦੇ ਨਾਲ ਹੀ ਹੇਠਾਂ ਧਰਨੇ ਤੇ ਬੈਠ ਗਏ ਤੇ ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ :** **ਨਾਅਰੇ ਰਿਕਾਰਡ ਨਾ ਕੀਤੇ ਜਾਣ।

** Not recorded as ordered by the Chair.

**ਡਾਕਟਰ ਰਾਜ ਕੁਮਾਰ ਵੇਰਕਾ :** ਸਾਨੂੰ ਇਥੇ ਇਸ ਕਰਕੇ ਭੇਜਿਆ ਹੈ ਕਿ ਭਾਈ ਤੁਸੀਂ ਉਥੇ ਜਾ ਕੇ ਪੰਜਾਬ ਦੇ ਹਿੱਤ ਦੀ ਗੱਲ ਕਰੋ, ਪੰਜਾਬ ਨੂੰ ਅੱਗੇ ਵਧਾਉਣ ਵਾਸਤੇ ਕੋਈ ਡਿਬੇਟ ਕਰੋ, ਕੋਈ ਗੱਲ ਕਰੋ, ਲੇਕਿਨ ਇਹ ਸਿਰਫ ਇੱਕ ਗੱਲ ਵਾਸਤੇ ਪਰੈਸ਼ਰ ਪਾਉਣਾ ਚਾਹੁੰਦੇ ਹਨ ਕਿ ਕਿਤੇ ਇਨ੍ਹਾਂ ਦੀਆਂ ਇਨਕੁਆਰੀਆਂ ਨਾ ਖੁਲ੍ਹ ਜਾਣ। ਇਹ ਇਸ ਗੱਲ ਵਾਸਤੇ ਡਰਾਉਣਾ ਚਾਹੁੰਦੇ ਹਨ ਕਿ ਕਿਤੇ ਸਾਡੇ ਲੀਡਰ ਦੇ ਉਪਰ ਹੱਥ ਨਾ ਪੈ ਜਾਵੇ ਲੇਕਿਨ ਮੈਂ ਤੁਹਾਨੂੰ ਇੱਕ ਗੱਲ ਕਹਾਂ ਕਿ 1 ਲੱਖ 82 ਹਜ਼ਾਰ ਕਰੋੜ ਰੁਪਿਆ ਪੰਜਾਬ ਦੇ ਸਿਰ ਉਤੇ ਕਰਜ਼ਾ ਹੋਇਆ ਹੈ, ਸਪੀਕਰ ਸਾਹਿਬ, ਇਹ ਦਸਾਂ ਸਾਲਾਂ ਦੇ ਵਿੱਚ ਡੇਢ ਲੱਖ ਕਰੋੜ ਰੁਪਿਆ ਪੰਜਾਬ ਦੇ ਉਪਰ ਬੋਝ ਆਇਆ ਹੈ। ਇਹ ਦੱਸ ਦੇਣ ਕਿ ਡੇਢ ਲੱਖ ਕਰੋੜ ਰੁਪਿਆ ਖਰਚ ਕੇ ਕੀ ਗਰੀਬਾਂ ਨੂੰ ਨੌਕਰੀਆਂ ਮਿਲ ਗਈਆਂ? ਕੀ ਹਸਪਤਾਲਾਂ ਦੀ ਹਾਲਤ ਸੁਧਰ ਗਈ? ਜਿਹੜੇ ਗਰੀਬ ਸਕੂਲਾਂ ਵਿਚ ਪੜ੍ਹ ਰਹੇ ਹਨ ਕੀ ਉਨ੍ਹਾਂ ਦਾ ਮਿਆਰ ਠੀਕ ਹੋ ਗਿਆ ਹੈ? ਮੈਂ ਤਾਂ ਵਾਰ ਵਾਰ ਇਹ ਗੱਲ ਕਹਿੰਦਾ ਹਾਂ ਕਿ ਭਾਈ ਮੈਂ ਉਸ ਕਮਿਊਨਿਟੀ ਨਾਲ ਤੁਅੱਲਕ ਰੱਖਦਾ ਹਾਂ ਜਿਹੜੀ ਕਮਿਊਨਿਟੀ ਦਲਿਤਾਂ ਵਿਚੋਂ ਵੀ ਦਲਿਤ ਹੈ। ਮੈਂ ਇੱਕ ਗੱਲ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਸਿਰਫ ਠੂਠਾ ਲੈ ਕੇ ਅਰੱਕਸ਼ਣ ਮੰਗਣਾ ਨਹੀਂ ਚਾਹੁੰਦੇ। ਅਸੀਂ ਚਾਹੁੰਦੇ ਹਾਂ ਕਿ ਭਾਈ ਜਿਹੜੀ ਐਜੂਕੇਸ਼ਨ ਹੈ, ਉਹ ਸਾਨੂੰ ਕੁਆਲਿਟੀ ਐਜੂਕੇਸ਼ਨ ਮੁਹੱਈਆ ਕਰਵਾਈ ਜਾਵੇ। ਮੈਨੂੰ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਜੀ ਨੂੰ ਵਧਾਈ ਦੇਣੀ ਪੈ ਰਹੀ ਹੈ, ਜਿਨ੍ਹਾਂ ਨੇ ਇਸ ਚਿੰਤਾ ਨੂੰ ਸਮਝਿਆ ਹੈ ਔਰ ਇਨ੍ਹਾਂ ਨੇ ਇਹ ਗੱਲ ਕਹੀ ਕਿ ਮੈਂ ਕੁਆਲਿਟੀ ਐਜੂਕੇਸ਼ਨ ਦੀ ਜ਼ਿੰਮੇਵਾਰੀ ਲੈਂਦਾ ਹਾਂ, ਮੈਂ ਡਿਜੀਟਲ ਐਜੂਕੇਸ਼ਨ ਸ਼ੁਰੂ ਕਰਾਂਗਾ। ਮੈਂ ਡਿਜੀਟਲ ਐਜੂਕੇਸ਼ਨ ਵਿਚ ਜਿਹੜੇ ਸਾਡੇ ਸਰਕਾਰੀ ਸਕੂਲ ਹਨ, ਉਨ੍ਹਾਂ ਨੂੰ ਕਾਨਵੈਂਟ ਸਕੂਲ ਦੇ ਵਿਚ ਤਬਦੀਲ ਕਰਾਂਗਾ। ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਪਿਛਲੇ ਦਸਾਂ ਸਾਲਾਂ ਦੇ ਵਿੱਚ ਗਰੀਬਾਂ ਦੇ ਸਕੂਲ ਕਿੰਨੇ ਕਾਨਵੈਂਟ ਕੀਤੇ ਹਨ, ਤੁਸੀਂ ਕਿੰਨਾ ਪੜ੍ਹਾਈ ਦੀ ਕੁਆਲਿਟੀ ਨੂੰ ਮੇਨਟੇਨ ਕੀਤਾ? ਤੁਸੀਂ ਅੱਜ ਜਿਹੜੇ ਸਾਡੇ ਕਾਲਜ ਵਿਚ ਬੱਚੇ ਪੜ੍ਹਦੇ ਹਨ, ਉਨ੍ਹਾਂ ਦੇ ਵਜ਼ੀਫੇ ਖਾ ਗਏ, ਉਨ੍ਹਾਂ ਦੀ ਸ਼ਕਾਲਰਸ਼ਿਪ ਖਾ ਗਏ ਲੇਕਿਨ ਮੁੱਖ ਮੰਤਰੀ ਜੀ ਇਸ ਗੱਲ ਦੀ ਚਿੰਤਾ ਕਰਨ ਲੱਗੇ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਭਾਈ ਤੁਸੀਂ ਪੰਜਾਬ ਨੂੰ ਸਮਝੋ, ਤੁਸੀਂ ਕਹਿ ਰਹੇ ਹੋ ਕਿ ਤੁਹਾਡੇ ਨਾਲ ਧੱਕਾ ਹੋ ਰਿਹਾ ਹੈ। ਅਗਰ ਤੁਸੀਂ ਕੋਈ ਚੰਗੇ ਕੰਮ ਕੀਤੇ ਹੁੰਦੇ ਤਾਂ ਅੱਜ ਤੁਹਾਡਾ ਇਹ ਹਾਲ ਨਾ ਹੁੰਦਾ ਕਿ ਤੁਸੀਂ ਅੱਜ ਤੀਸਰੇ ਨੰਬਰ ਦੇ ਉਤੇ ਆਉਂਦੇ। ਮੈਂ ਸਪੀਕਰ ਸਾਹਿਬ, ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਅਜ਼ੀਮ ਸਦਨ ਦੇ ਵਿਚ ਇਨ੍ਹਾਂ ਸਾਰੀਆਂ ਚੀਜ਼ਾਂ ਦੇ ਉਪਰ ਪੜਚੋਲ ਹੋਣੀ ਚਾਹੀਦੀ ਹੈ, ਇਸ ਦੀ ਜਵਾਬਦੇਹੀ ਫਿਕਸ ਹੋਣੀ ਚਾਹੀਦੀ ਹੈ, ਇਸ ਦਾ ਪਤਾ ਕਰਨਾ ਚਾਹੀਦਾ ਹੈ ਕਿ ਕੌਣ ਲੋਕ ਦੋਸ਼ੀ ਹਨ, ਕਿਨ੍ਹਾਂ ਲੋਕਾਂ ਨੇ ਪੰਜਾਬ ਨੂੰ ਲੁੱਟਿਆ ਹੈ, ਕਿਨ੍ਹਾਂ ਲੋਕਾਂ ਨੇ ਪੰਜਾਬ ਨੂੰ ਬਰਬਾਦ ਕੀਤਾ ਹੈ। ਸਪੀਕਰ ਸਾਹਿਬ, ਆਫਟਰ ਆਲ ਪੰਜਾਬ ਦੀ ਬਦਹਾਲੀ ਦਾ

ਮਾਮਲਾ ਹੈ, ਪੰਜਾਬ ਦੀ ਬਦਹਾਲੀ ਬਦ ਤੋਂ ਬਦਤਰ ਹੋ ਗਈ ਹੈ, ਗਰੀਬਾਂ ਦੀ ਹਾਲਤ ਬਦ ਨਾਲੋਂ ਬਦਤਰ ਹੋ ਗਈ ਹੈ। ਅੱਜ ਜ਼ਰੂਰਤ ਇਸ ਗੱਲ ਦੀ ਹੈ ਕਿ ਸਾਨੂੰ ਸਾਰਿਆਂ ਨੂੰ ਇਸ ਗੱਲ ਦੀ ਚਿੰਤਾ ਪ੍ਰਗਟ ਕਰਨੀ ਚਾਹੀਦੀ ਹੈ। ਸਾਨੂੰ ਸਾਰਿਆਂ ਨੂੰ ਇਸ ਗੱਲ ਦੇ ਉਪਰ ਧਿਆਨ ਦੇਣਾ ਚਾਹੀਦਾ ਹੈ ਕਿ ਮਾਨਯੋਗ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਇਸ ਲੁੱਟੇ ਹੋਏ ਪੰਜਾਬ ਨੂੰ ਦੁਬਾਰਾ ਲੀਹਾਂ ਉਤੇ ਲਿਆਉਣਾ ਚਾਹੁੰਦੇ ਹਨ, ਦੁਬਾਰਾ ਪੰਜਾਬ ਨੂੰ ਪੱਟੜੀ ਤੇ ਖੜ੍ਹਾ ਕਰਨਾ ਚਾਹੁੰਦੇ ਹਨ। ਸਾਨੂੰ ਸਾਰੇ ਹਾਊਸ ਨੂੰ ਮਾਨਯੋਗ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਨਾ ਚਾਹੀਦਾ ਹੈ ਔਰ ਮੁੱਖ ਮੰਤਰੀ ਜੀ ਦਾ ਸਾਥ ਦੇਣਾ ਚਾਹੀਦਾ ਹੈ। (ਰੂਲਿੰਗ ਪਾਰਟੀ ਵੱਲੋਂ ਥੰਪਿੰਗ) ਮੈਂ ਤੁਹਾਨੂੰ ਇਹ ਗੱਲ ਕਹਾਂਗਾ ਕਿ ਜੇ ਪੰਜਾਬ ਦੇ ਪਾਣੀਆਂ ਦੇ ਰਾਖੇ ਦੇ ਤੌਰ ਤੇ ਕਿਸੇ ਨੂੰ ਜਾਣਿਆ ਜਾਂਦਾ ਹੈ ਤਾਂ ਉਹ ਕੈਪਟਨ ਅਮਰਿੰਦਰ ਸਿੰਘ ਨੂੰ ਜਾਣਿਆ ਜਾਂਦਾ ਹੈ।(ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ) ਕਾਰਨ ਕੀ ਹੋਇਆ, ਜਿਹੜਾ ਸਾਲ 2000 ਦਾ ਅਮੈਂਡਮੈਂਟ ਐਕਟ ਸੀ, ਉਸ ਨੂੰ ਸੁਪਰੀਮ ਕੋਰਟ ਵਿੱਚ ਹਰਿਆਣੇ ਨੇ ਚੈਲੰਜ ਕੀਤਾ, ਸੁਪਰੀਮ ਕੋਰਟ ਨੇ ਮਾਨਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਦੀ ਸਰਕਾਰ ਨੂੰ ਪੁੱਛਿਆ ਕਿ ਕੇਂਦਰ ਦਾ ਇਸ ਉੱਪਰ ਕੀ ਸਟੈਂਡ ਹੈ? ਉਨ੍ਹਾਂ ਨੇ ਆਪਣੇ ਸੋਲੀਸਿਟਰ ਜਨਰਲ ਨੂੰ ਹਦਾਇਤ ਦੇ ਕੇ ਭੇਜਿਆ ਅਤੇ ਸੋਲੀਸਿਟਰ ਜਨਰਲ ਸਾਹਿਬ ਸੁਪਰੀਮ ਕੋਰਟ ਵਿੱਚ ਖੜ੍ਹੇ ਹੋ ਕੇ ਕਹਿੰਦੇ ਕਿ ਮੇਰਾ ਸਟੈਂਡ ਕੈਪਟਨ ਅਮਰਿੰਦਰ ਸਿੰਘ ਦੇ ਸਟੈਂਡ ਦੇ ਖਿਲਾਫ ਹੈ, ਮੇਰਾ ਸਟੈਂਡ ਹਰਿਆਣਾ ਦੇ ਹੱਕ ਵਿੱਚ ਹੈ। (ਟਰੇਜ਼ਰੀ ਬੈਂਚਿਜ਼ ਵਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਉਦੋਂ ਬਾਦਲ ਸਾਹਿਬ ਕਿਉਂ ਨਹੀਂ ਮੋਦੀ ਸਾਹਿਬ ਦੇ ਬੂਹੇ ਮੂਹਰੇ ਧਰਨੇ ਤੇ ਬੈਠੇ। ਉਦੋਂ ਕਿਉਂ ਨਹੀਂ ਇਨ੍ਹਾਂ ਨੂੰ ਤਕਲੀਫਾਂ ਹੋਈਆਂ? ਉਦੋਂ ਕਿਉਂ ਨਹੀਂ ਇਨ੍ਹਾਂ ਨੇ ਕੋਈ ਗੱਲ ਕੀਤੀ? ਲੇਕਿਨ ਅੱਜ ਪਾਣੀਆਂ ਦੀ ਇਹ ਗੱਲ ਕਰਦੇ ਹਨ, ਜਦੋਂ ਕੇਸ ਹਾਰਿਆ ਇਸ ਵਾਸਤੇ ਅਸੀਂ ਸਾਰੇ ਜ਼ਿੰਮੇਵਾਰ ਹਾਂ। ਪੰਜਾਬ ਦੇ ਪਾਣੀ ਦੀ ਇੱਕ ਵੀ ਬੂੰਦ ਬਾਹਰ ਨਹੀਂ ਜਾਣ ਦਿੱਤੀ ਜਾਵੇਗੀ, ਇਹ ਸਾਡੇ ਸਮੁੱਚੇ ਪੰਜਾਬ ਦਾ ਫੈਸਲਾ ਹੈ ਅਤੇ ਸਾਰਾ ਪੰਜਾਬ ਕੈਪਟਨ ਅਮਰਿੰਦਰ ਸਿੰਘ ਦੇ ਨਾਲ ਖੜ੍ਹਾ ਹੈ। (ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ) ਮੈਂ, ਸਪੀਕਰ ਸਾਹਿਬ, ਤੁਹਾਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਥੇ ਜੋ ਤਮਾਸ਼ਾ ਦੇਖਣ ਨੂੰ ਮਿਲਿਆ ਹੈ, ਇਹ ਹਾਊਸ ਦੀ ਮਰਿਯਾਦਾ ਦਾ ਸ਼ਰ੍ਹੇਆਮ ਉਲੰਘਣ ਹੈ, ਹਾਊਸ ਦੀ ਮਰਿਯਾਦਾ ਦਾ ਹਨਨ ਹੈ। ਸਾਨੂੰ ਸਾਰਿਆਂ ਨੂੰ, ਆਪਣੀ ਪਾਰਟੀ ਦੇ ਹੈੱਡ ਨੂੰ ਚਾਹੀਦਾ ਹੈ ਕਿ ਉਹ ਜ਼ਿੰਮੇਵਾਰੀ ਲੈਣ ਕਿਉਂਕਿ ਇਥੇ ਬਹੁਤ ਸਾਰੇ ਨਵੇਂ ਮੈਂਬਰ ਆਏ ਹਨ। ਸ਼ਾਇਦ ਉਨ੍ਹਾਂ ਨੂੰ ਹਾਊਸ ਦੀ ਮਰਿਯਾਦਾ ਬਾਰੇ ਕੋਈ ਗਾਈਡਲਾਈਨਜ਼ ਦਾ ਪਤਾ ਨਹੀਂ ਹੈ। ਸਪੀਕਰ ਸਾਹਿਬ, ਇਨ੍ਹਾਂ ਸਾਰਿਆਂ ਨੂੰ ਬੁਲਾ ਕੇ ਤਿਆਰੀ ਕਰਵਾਓ। ਮੈਂ ਇੰਨੀ ਬੇਨਤੀ ਕਰਨੀ ਚਾਹੁੰਦਾ ਹਾਂ ਕਿਉਂਕਿ ਇਸ ਗੱਲ ਦੀ ਜ਼ਰੂਰਤ ਹੈ। ਮਾਨਯੋਗ ਮੁੱਖ ਮੰਤਰੀ ਜੀ ਦੇ ਟੇਬਲ ਅੱਗੇ, ਮਾਨਯੋਗ ਮੰਤਰੀ ਜੀ ਦੇ ਟੇਬਲ ਅੱਗੇ, ਮੂੰਹ ਕੋਲ ਆ ਕੇ ਜਿਸ ਤਰ੍ਹਾਂ ਦੀਆਂ ਹਰਕਤਾਂ ਹੋਈਆਂ, ਮੈਂ ਸਮਝਦਾ ਹਾਂ ਕਿ ਇਹ

[ ਡਾਕਟਰ ਰਾਜ ਕੁਮਾਰ ਵੇਰਕਾ ]

ਹਾਊਸ ਦੀ ਮਰਿਯਾਦਾ ਨਹੀਂ ਹੈ, ਇਹ ਹਾਊਸ ਦੀ ਮਰਿਯਾਦਾ ਦੇ ਖਿਲਾਫ ਗੱਲਾਂ ਹਨ। ਸਾਨੂੰ ਸਾਰਿਆਂ ਨੂੰ ਮਰਿਯਾਦਾਵਾਂ ਨੂੰ ਮੰਨਣਾ ਚਾਹੀਦਾ ਹੈ ਅਤੇ ਇਨ੍ਹਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਇੰਨੀ ਬੇਨਤੀ ਕਰਦਾ ਹੋਇਆ ਮੈਂ ਗਵਰਨਰ ਸਾਹਿਬ ਦੇ ਪ੍ਰਸਤਾਵ ਦੀ ਪ੍ਰੋੜ੍ਹਤਾ ਕਰਦਾ ਹਾਂ।

**ਸ਼੍ਰੀ ਕੰਵਰ ਸੰਧੂ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

**ਮਾਨਯੋਗ ਸਪੀਕਰ :** ਤੁਹਾਨੂੰ ਟਾਈਮ ਦੇਵਾਂਗੇ। ਮੈਂ ਸਾਰੀਆਂ ਪਾਰਟੀਆਂ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਅੱਜ ਜਿਹੜੀ ਡਿਸਕਸ਼ਨ 12.00 ਵਜੇ ਸ਼ੁਰੂ ਹੋਈ ਹੈ। ਇਸ ਲਈ ਕਾਂਗਰਸ ਪਾਰਟੀ ਦਾ ਟਾਈਮ 1 ਘੰਟਾ 58 ਮਿੰਟ ਹੈ, ਆਮ ਆਦਮੀ ਪਾਰਟੀ ਦਾ ਟਾਈਮ 31 ਮਿੰਟ, ਸ਼੍ਰੋਮਣੀ ਅਕਾਲੀ ਦਲ ਦਾ ਟਾਈਮ 23 ਮਿੰਟ, ਬੀ.ਜੇ.ਪੀ. ਦਾ ਟਾਈਮ 5 ਮਿੰਟ ਅਤੇ ਲੋਕ ਜਨ ਸ਼ਕਤੀ ਪਾਰਟੀ ਦਾ ਟਾਈਮ 3 ਮਿੰਟ ਹੈ।

**ਸਰਦਾਰ ਬਲਵਿੰਦਰ ਸਿੰਘ ਬੈਂਸ (ਧਰਨੇ ਤੋਂ ਖੜ੍ਹੇ ਹੋ ਕੇ) :** ਸਪੀਕਰ ਸਾਹਿਬ, ਨਾਂ ਠੀਕ ਲਓ ਜੀ।

**ਮਾਨਯੋਗ ਸਪੀਕਰ :** ਠੀਕ ਹੈ ਜੀ। ਲੋਕ ਇਨਸਾਫ ਪਾਰਟੀ ਦਾ ਟਾਈਮ 3 ਮਿੰਟ ਹੈ।

-----

## EXTENSION OF THE TIME OF THE SITTING OF THE HOUSE

**ਮਾਨਯੋਗ ਸਪੀਕਰ :** ਜੇ ਸਾਰਾ ਸਦਨ ਇਜ਼ਾਜਤ ਦੇਵੇ ਤਾਂ ਅੱਧੇ ਘੰਟੇ ਵਾਸਤੇ ਅੱਜ ਦੇ ਇਸ ਸੈਸ਼ਨ ਵਿੱਚ ਵਾਧਾ ਕਰ ਲਈਏ ਤਾਂ ਕਿ ਡਿਸਕਸ਼ਨ ਹੋ ਸਕੇ।

(ਅਵਾਜ਼ਾਂ : ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਠੀਕ ਹੈ ਜੀ। ਅਸੀਂ ਇਸ ਸਦਨ ਦਾ ਸਮਾਂ ਜੋ 2.30 ਵਜੇ ਤੱਕ ਸੀ ਉਸ ਵਿੱਚ ਅੱਧਾ ਘੰਟਾ ਹੋਰ ਸ਼ਾਮਲ ਕਰਾਂਗੇ। ਹੁਣ ਮੈਂ ਸਰਦਾਰ ਬਲਬੀਰ ਸਿੰਘ ਸਿੱਧੂ ਨੂੰ ਪ੍ਰਾਰਥਨਾ ਕਰਦਾ ਹਾਂ....

**ਸ਼੍ਰੀ ਕੰਵਰ ਸੰਧੂ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

**ਮਾਨਯੋਗ ਸਪੀਕਰ :** ਇਸ ਵਿੱਚ ਪੁਆਇੰਟ ਆਫ ਆਰਡਰ ਵਾਲੀ ਤਾਂ ਕੋਈ ਗੱਲ ਨਹੀਂ ਹੈ।

**ਸ਼੍ਰੀ ਕੰਵਰ ਸੰਧੂ :** ਸਪੀਕਰ ਸਾਹਿਬ, ਸਾਡੇ ਮੈਂਬਰ ਸਰਦਾਰ ਸੁਖਪਾਲ ਸਿੰਘ ਖਹਿਰਾ ਨੂੰ ਹਾਊਸ ਦੇ ਅੰਦਰ ਆਉਣ ਨਹੀਂ ਦਿੱਤਾ ਗਿਆ, ਮੈਂ ਇਸ ਵਾਸਤੇ ਦੋ ਗੱਲਾਂ ਦੀ ਗੁਜ਼ਾਰਿਸ਼ ਕਰਨਾ ਚਾਹੁੰਦਾ ਹਾਂ। ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਅੱਗੇ ਵੀ ਟਰੇਜ਼ਰੀ ਬੈਂਚਿਜ਼ ਨੇ ਅਜਿਹਾ ਬੜੀ ਵਾਰ ਕੀਤਾ ਹੈ ਅਤੇ ਉਨ੍ਹਾਂ ਖਿਲਾਫ ਵੀ ਐਕਸ਼ਨ ਲਿਆ ਜਾਵੇ। ਪਿਛਲੇ

ਸੈਸ਼ਨ ਵਿੱਚ ਟਰੇਜ਼ਰੀ ਬੈਂਚਿਜ਼ ਵਾਲੇ ਜਦੋਂ ਆਪੋਜ਼ੀਸ਼ਨ ਵਿੱਚ ਸਨ, ਇਨ੍ਹਾਂ ਨੇ ਜਦੋਂ ਹਾਊਸ ਐਡਜਰਨ ਹੋਇਆ ਸੀ, ਉਸ ਵੇਲੇ ਵੀਡੀਓ ਬਣਾ ਕੇ ਯੂ.ਟਿਊਬ ਤੇ ਪਾਈ ਸੀ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਸਰਦਾਰ ਚਰਨਜੀਤ ਸਿੰਘ ਚੰਨੀ ਨੇ ਚਲਦੇ ਹਾਊਸ ਦੀ ਵੀਡੀਓ ਬਣਾਈ ਸੀ। ਸਾਡੀ ਗੁਜਾਰਿਸ਼ ਇਹ ਹੈ ਕਿ ਜਦੋਂ ਹਾਊਸ ਐਡਜਰਨ ਹੋਇਆ ਸੀ ਤਾਂ ਸੁਖਪਾਲ ਸਿੰਘ ਖਹਿਰਾ ਨੇ ਵੀਡੀਓ ਬਣਾਈ ਹੈ, ਉਹ ਮੈਟਰ ਤੁਸੀਂ ਪ੍ਰਿਵਿਲੇਜ ਕਮੇਟੀ ਨੂੰ ਰੈਫਰ ਕੀਤਾ ਹੈ। ਜਦੋਂ ਤੱਕ ਕਮੇਟੀ ਦੀ ਰਿਪੋਰਟ ਨਹੀਂ ਆਉਂਦੀ, ਸਾਡੀ ਗੁਜਾਰਿਸ਼ ਹੈ ਕਿ ਉਨ੍ਹਾਂ ਨੂੰ ਹਾਊਸ ਅਟੈਂਡ ਕਰਨ ਦਿੱਤਾ ਜਾਵੇ।

**ਮਾਨਯੋਗ ਸਪੀਕਰ :** ਤੁਸੀਂ ਆਪਣੀ ਗੱਲ ਕਹਿ ਦਿੱਤੀ ਹੈ। ਸਰਦਾਰ ਬਲਬੀਰ ਸਿੰਘ ਸਿੱਧੂ ਜੀ।

-----

## MOTION OF THANKS AND DISCUSSION ON GOVERNOR'S ADDRESS *(Resumption)*

**ਸਰਦਾਰ ਬਲਬੀਰ ਸਿੰਘ ਸਿੱਧੂ (ਐਸ.ਏ.ਐਸ. ਨਗਰ) :** ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਗਵਰਨਰ ਐਡਰੈਸ ਤੇ ਬੋਲਣ ਦਾ ਮੌਕਾ ਦਿੱਤਾ ਹੈ। ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿੱਚ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀਆਂ ਪਾਲਿਸੀਆਂ ਅਤੇ ਨੀਤੀਆਂ ਬਾਰੇ ਪੂਰੇ ਵਿਸਥਾਰ ਨਾਲ ਚਾਨਣਾ ਪਾਇਆ ਹੈ। ਇੱਕ ਬਹੁਤ ਹੀ ਬਹੁਮੁੱਲੀ ਸਪੀਚ ਪੰਜਾਬ ਨੂੰ ਸਹੀ ਸੇਧ ਦੇਣ ਵਾਲੀਆਂ ਪਾਲਿਸੀਆਂ ਸਬੰਧੀ ਉਨ੍ਹਾਂ ਨੇ ਸਾਡੇ ਸਾਹਮਣੇ ਰੱਖੀ ਹੈ ਪਰ ਇਸ ਸਥਾਨ ਤੇ ਪੰਜਾਬ ਅੱਜ ਜੇ ਪਹੁੰਚਿਆ ਹੈ ਤਾਂ ਉਸ ਦੇ ਲਈ ਕੌਣ ਕੌਣ ਜ਼ਿੰਮੇਵਾਰ ਹਨ, ਉਸ ਦੇ ਸਬੰਧ ਵਿੱਚ ਮੈਂ ਬੋਲਣਾ ਚਾਹੁੰਦਾ ਹਾਂ ਕਿ ਸਾਡੇ ਤੋਂ ਪਹਿਲਾਂ ਵਾਲੀ ਅਕਾਲੀ ਭਾਜਪਾ ਦੀ ਸਰਕਾਰ ਦੇ 10 ਸਾਲ ਦੇ ਕਾਰਜਕਾਲ ਦੌਰਾਨ ਸੂਬੇ ਵਿਚ ਹਰ ਪਾਸੇ ਭ੍ਰਿਸ਼ਟਾਚਾਰ ਤੇ ਗੁੰਡਾਗਰਦੀ ਦਾ ਬੋਲਬਾਲਾ ਰਿਹਾ ਹੈ। ਮੁੱਖ ਮੰਤਰੀ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਰਾਜ ਧਰਮ ਨਿਭਾਉਣ ਦੀ ਬਜਾਏ ਆਪਣੇ ਨਿੱਜੀ ਸਵਾਰਥਾਂ ਨੂੰ ਹਮੇਸ਼ਾ ਅੱਗੇ ਰੱਖਿਆ ਹੈ ਜਿਸ ਦੀ ਮੈਂ ਅੱਗੇ ਵਿਸਥਾਰ ਨਾਲ ਆਪਣੀ ਰਿਪੋਰਟ ਰੱਖਾਂਗਾ ਜਿਸ ਕਾਰਨ ਪੰਜਾਬ ਦੇ ਵਿਕਾਸ ਦੀ ਬਜਾਏ ਅਕਾਲੀ ਨੇਤਾਵਾਂ ਦੇ ਆਪਣੇ ਧੀਆਂ ਤੇ ਪੁੱਤਰਾਂ ਦਾ ਹੀ ਵਿਕਾਸ ਹੋਇਆ ਹੈ। ਅਕਾਲੀ ਸਰਕਾਰ ਦੇ ਰਾਜ ਸਮੇਂ ਖੇਤੀ, ਟਰਾਂਸਪੋਰਟ, ਸਿੱਖਿਆ, ਸਿੰਜਾਈ, ਪੰਚਾਇਤੀ ਰਾਜ ਅਤੇ ਸਥਾਨਕ ਸਰਕਾਰ ਵਿਭਾਗਾਂ ਆਦਿ ਵਿੱਚ ਅਨੇਕਾਂ ਹੀ ਘਪਲੇ ਹੋਏ ਹਨ।

ਇਸ ਤੋਂ ਬਾਅਦ ਮੈਂ ਧਾਰਮਿਕ ਦਖ਼ਲਅੰਦਾਜ਼ੀ ਦੀ ਗੱਲ ਕਰਦਾ ਹਾਂ ਕਿ ਬਾਦਲ ਪਰਿਵਾਰ ਨੇ ਸ਼੍ਰੋਮਣੀ ਕਮੇਟੀ ਦੇ ਉਤੇ ਸਿੱਧੇ ਢੰਗ ਨਾਲ ਆਪਣਾ ਕਬਜ਼ਾ ਕੀਤਾ ਹੋਇਆ ਹੈ। ਤਖ਼ਤ ਸਾਹਿਬਾਨਾਂ ਦੇ ਜਥੇਦਾਰਾਂ ਦੇ ਨਾਮ ਸਰਦਾਰ ਪਰਕਾਸ਼ ਸਿੰਘ ਬਾਦਲ ਦੇ ਲਬਾਂ

[ ਸਰਦਾਰ ਬਲਬੀਰ ਸਿੰਘ ਸਿੱਧੂ ]

ਵਿਚੋਂ ਨਿਕਲਦੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਧਰਨਿਆਂ ਵਿੱਚ ਸ਼ਮੂਲੀਅਤ ਕਰਨ ਵਾਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਕਿਰਪਾਲ ਸਿੰਘ ਬਡੂੰਗਰ ਬਰਗਾੜੀ ਕਾਂਡ ਸਮੇਂ ਕਿਉਂ ਚੁੱਪ ਕਰਕੇ ਬੈਠੇ ਰਹੇ? ਬਾਦਲ ਪਰਿਵਾਰ ਨੇ ਹਮੇਸ਼ਾ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਪਣੀ ਸੌੜੀ ਸਿਆਸਤ ਦੇ ਲਈ ਵਰਤਿਆ ਹੈ। ਸਰ, ਪੰਜਾਬ ਦੀ ਜਨਤਾ, ਪੰਜਾਬ ਦੇ ਲੋਕ ਇਸ ਗੱਲ ਦਾ ਜਵਾਬ ਇਨ੍ਹਾਂ ਕੋਲੋਂ ਜ਼ਰੂਰ ਮੰਗਣਗੇ। ਬਾਦਲ ਸਰਕਾਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਕਾਬੂ ਕਰਨ ਵਿੱਚ ਬੁਰੀ ਤਰ੍ਹਾਂ ਨਾਕਾਮ ਸਾਬਤ ਹੋਈ, ਜਿਸ ਕਾਰਨ ਕਰੋੜਾਂ ਹੀ ਸਿੱਖ ਸ਼ਰਧਾਲੂਆਂ ਦੇ ਹਿਰਦੇ ਵਲੂੰਧਰੇ ਗਏ। ਸੰਤ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲੇ ਤੇ ਹਮਲਾ ਅਤੇ ਸੰਤ ਬਾਬਾ ਭੁਪਿੰਦਰ ਸਿੰਘ ਦਾ ਕਤਲ ਹੋਇਆ। ਨਾਮਧਾਰੀ ਸੰਪਰਦਾ ਦੀ ਮਾਤਾ ਚੰਦ ਕੌਰ ਦੇ ਕਾਤਲਾਂ ਅਤੇ ਬਰਗਾੜੀ ਕਾਂਡ ਦੇ ਕਾਤਲਾਂ ਨੂੰ ਪਕੜਨ ਵਿੱਚ ਇਹ ਸਰਕਾਰ ਬੁਰੀ ਤਰ੍ਹਾਂ ਅਸਫਲ ਰਹੀ ਹੈ। ਪੰਜਾਬ ਵਿੱਚ ਅਮਨ ਕਾਨੂੰਨ ਦੀ ਸਥਿਤੀ ਯੂ.ਪੀ., ਬਿਹਾਰ ਨਾਲੋਂ ਵੀ ਭੈੜੀ ਬਣੀ ਰਹੀ। ਗੁੰਡਾ ਅਨਸਰਾਂ ਦੇ ਹੌਂਸਲੇ ਬੁਲੰਦ ਰਹਿਣ ਕਾਰਨ ਆਮ ਲੋਕਾਂ ਨੂੰ ਭੈਅ ਅਤੇ ਡਰ ਸਹਿਮ ਵਿੱਚ ਆਪਣੀ ਜ਼ਿੰਦਗੀ ਬਤੀਤ ਕਰਨੀ ਪਈ, ਅੱਜ ਉਹ ਅਨਸਰ ਗੈਂਗਸਟਰ ਹਨ, ਜਿਨ੍ਹਾਂ ਨੇ ਪੰਜਾਬ ਦੇ ਅਮਨ ਤੇ ਚੈਨ ਨੂੰ ਬੁਰੀ ਤਰ੍ਹਾਂ ਝੰਜੋੜਿਆ ਸੀ। ਅਜਿਹੇ ਅਨਸਰਾਂ ਨੂੰ ਇਕ ਇਕ ਕਰਕੇ ਪਕੜਿਆ ਜਾ ਰਿਹਾ ਹੈ ਅਤੇ ਸਾਡੇ ਕੈਪਟਨ ਅਮਰਿੰਦਰ ਸਿੰਘ ਜੀ, ਮੁੱਖ ਮੰਤਰੀ ਵਲੋਂ ਆਪਣੀ ਸੁਰੱਖਿਆ ਦੀ ਪਰਵਾਹ ਨਾ ਕਰਦੇ ਹੋਏ, ਆਪਣੇ ਸੁਰੱਖਿਆ ਗਾਰਡ ਵਾਪਸ ਕਰਦੇ ਹੋਏ ਪੰਜਾਬ ਦੇ ਲੋਕਾਂ ਨਾਲ ਵਾਅਦਾ ਕੀਤਾ ਗਿਆ ਕਿ ਤੁਹਾਨੂੰ ਪੂਰੀ ਤਰ੍ਹਾਂ ਅਮਨ ਸ਼ਾਂਤੀ ਦੇ ਨਾਲ ਆਪਣੀ ਜ਼ਿੰਦਗੀ ਬਤੀਤ ਕਰਨ ਤੋਂ ਕੋਈ ਰੋਕ ਨਹੀਂ ਸਕਦਾ।

ਇਸ ਤੋਂ ਬਾਅਦ ਮੇਰੇ ਸਾਥੀ ਵੇਰਕਾ ਸਾਹਿਬ ਨੇ ਸਿੱਖਿਆ ਦੀ ਗੱਲ ਕੀਤੀ ਹੈ। ਪਿਛਲੇ 10 ਸਾਲਾਂ ਦੇ ਕਾਰਜਕਾਲ ਦੌਰਾਨ ਸਿੱਖਿਆ ਦੇ ਖੇਤਰ ਵਿੱਚ ਬਹੁਤ ਜ਼ਿਆਦਾ ਨਿਘਾਰ ਆਇਆ ਹੈ। ਸਿੱਖਿਆ ਖੇਤਰ ਦਾ ਹਾਲ ਇਹ ਹੈ ਕਿ ਸਰਕਾਰੀ ਸਕੂਲਾਂ ਵਿੱਚ ਸਿਰਫ ਗਰੀਬ ਲੋਕਾਂ ਦੇ ਬੱਚੇ ਹੀ ਪੜ੍ਹਦੇ ਹਨ। ਪ੍ਰਾਈਵੇਟ ਸਕੂਲਾਂ ਅਤੇ ਕਾਲਜਾਂ ਨੂੰ ਕਾਬੂ ਰੱਖਣ ਵਿੱਚ ਪਿਛਲੀ ਸਰਕਾਰ ਬੁਰੀ ਤਰ੍ਹਾਂ ਨਾਕਾਮ ਸਾਬਤ ਹੋਈ ਹੈ। ਐਸ.ਸੀ. ਵਿਦਿਆਰਥੀਆਂ ਨੂੰ ਕੇਂਦਰੀ ਸਰਕਾਰ ਵਲੋਂ ਮਿਲਦੀ ਵਜ਼ੀਫਿਆਂ ਦੀ ਰਕਮ ਵੀ ਹੋਰ ਪਾਸੇ ਖਰਚ ਕਰ ਦਿੱਤੀ ਗਈ, ਜਿਸ ਦਾ ਪਤਾ ਲੱਗਣਾ ਅਜੇ ਬਾਕੀ ਹੈ। ਸਾਡੇ ਸੀ.ਐਮ. ਸਾਹਿਬ ਨੇ ਕੱਲ੍ਹ ਬੜੀ ਫਰਾਖਦਿਲੀ ਨਾਲ ਇਹ ਗੱਲ ਕਹੀ ਹੈ ਕਿ ਇਸ ਦੀ ਬਕਾਇਦਾ ਇਨਕੁਆਇਰੀ ਕਰਵਾ ਕੇ ਸਬੰਧਿਤ ਦੋਸ਼ੀਆਂ ਨੂੰ ਬਕਾਇਦਾ ਪਨਿਸ਼ਮੈਂਟ ਦਿੱਤੀ ਜਾਵੇਗੀ। ਇਸ ਸਰਕਾਰ ਦੀ 10 ਸਾਲਾਂ ਦੌਰਾਨ ਮਾੜੀ ਕਾਰਗੁਜ਼ਾਰੀ ਕਾਰਨ ਹੀ ਮੇਰੇ ਵੀਰ ਕੰਬੋਜ ਸਾਹਿਬ ਨੇ ਵੀ ਇਸ ਗੱਲ ਤੇ ਚਿੰਤਾ ਜ਼ਾਹਿਰ ਕੀਤੀ ਹੈ ਕਿ ਸਰਕਾਰੀ ਸਕੂਲਾਂ ਦੇ ਨਤੀਜੇ ਬੜੇ ਸ਼ਰਮਨਾਕ

ਰਹੇ ਹਨ। ਇਹੀ ਕਾਰਨ ਹੈ ਕਿ ਅੱਜ ਸਾਡੇ ਪੰਜਾਬ ਵਿੱਚ ਸਿੱਖਿਆ ਦਾ ਬਹੁਤ ਬੁਰੀ ਤਰ੍ਹਾਂ ਭੱਠਾ ਬੈਠਿਆ ਹੋਇਆ ਹੈ। ਇਸ ਦੇ ਲਈ ਸਿੱਧੇ ਸਿੱਧੇ ਤੌਰ ਤੇ ਪਹਿਲਾਂ ਵਾਲੀ ਸਰਕਾਰ ਜ਼ਿੰਮੇਵਾਰ ਹੈ। ਵਜ਼ੀਫੇ ਬੰਦ ਹੋਣ ਕਾਰਨ ਕਈ ਗਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਆਪਣੀ ਪੜ੍ਹਾਈ ਵਿਚਾਲੇ ਛੱਡਣੀ ਪਈ ਹੈ। ਕਈ ਪ੍ਰਾਈਵੇਟ ਯੂਨੀਵਰਸਿਟੀਆਂ ਵਲੋਂ ਫੀਸ ਨਾ ਦੇਣ ਕਾਰਨ ਵਿਦਿਆਰਥੀਆਂ ਦੇ ਸਰਟੀਫਿਕੇਟ ਅਤੇ ਡਿਗਰੀਆਂ ਰੋਕੀਆਂ ਗਈਆਂ ਹਨ। ਮੈਂ ਅੱਜ ਸੀ.ਐਮ. ਸਾਹਿਬ ਨੂੰ ਇਹ ਬੇਨਤੀ ਕਰਦਾ ਹਾਂ ਕਿ ਇਸ ਗੱਲ ਦੀ ਇਨਕੁਆਰੀ ਕਰਵਾਈ ਜਾਵੇ ਕਿ ਕਿਹੜੀਆਂ ਯੂਨੀਵਰਸਿਟੀਆਂ ਨੇ ਇਸ ਤਰ੍ਹਾਂ ਵਿਦਿਆਰਥੀਆਂ ਦੀਆਂ ਡਿਗਰੀਆਂ ਰੋਕੀਆਂ ਹੋਈਆਂ ਹਨ ਤਾਂ ਜੋ ਉਨ੍ਹਾਂ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਡਿਗਰੀਆਂ ਵਾਪਸ ਦਿਵਾਈਆਂ ਜਾ ਸਕਣ ਅਤੇ ਉਹ ਕੋਈ ਰੁਜ਼ਗਾਰ ਹਾਸਲ ਕਰ ਸਕਣ। ਹੁਣ ਮੈਂ ਗੱਲ ਕਰਦਾ ਹਾਂ ਬਾਦਲ ਪਰਿਵਾਰ ਦੇ ਕਾਰੋਬਾਰ ਦੀ। ਹਰ ਕਾਰੋਬਾਰ ਵਿਚ ਇਸ ਪਰਿਵਾਰ ਦੀ ਹਿੱਸੇਦਾਰੀ ਹੈ। ਪਿਛਲੀ ਸਰਕਾਰ ਦੇ ਸਾਰੇ ਨੇਤਾਗਣ ਹਰ ਕਾਰੋਬਾਰ ਵਿਚ ਸ਼ਾਮਲ ਸਨ। ਟਰਾਂਸਪੋਰਟ, ਸ਼ਰਾਬ, ਰੇਤ ਦੀਆਂ ਖੱਡਾਂ, ਹੋਟਲ, ਕੇਬਲ ਆਦਿ ਕਾਰੋਬਾਰ ਵਿਚ ਇਨ੍ਹਾਂ ਅਕਾਲੀਆਂ ਨੇ ਆਪਣੇ ਖੂਬ ਹੱਥ ਰੰਗੇ ਹਨ। ਮੈਂ ਟਰਾਂਸਪੋਰਟ ਬਾਰੇ ਅੱਗੇ ਤਫਸੀਲ ਵਿਚ ਦੱਸਾਂਗਾ। ਬਾਦਲ ਪਰਿਵਾਰ ਨੇ ਆਪਣੇ ਸੁਖ ਵਿਲਾਸ ਹੋਟਲ ਲਈ ਗਮਾਡਾ ਵਲੋਂ ਸੜਕਾਂ ਅਤੇ ਪੁਲ ਬਣਾਏ ਹਨ, ਉਸ ਦੀ ਇਨਕੁਆਰੀ ਹੋਣੀ ਚਾਹੀਦੀ ਹੈ। ਸਰਕਾਰ ਦਾ ਸੈਂਕੜੇ ਕਰੋੜ ਰੁਪਇਆ ਕੇਵਲ ਉਸ ਹੋਟਲ ਨੂੰ ਚਲਾਉਣ ਲਈ ਖਰਚ ਕੀਤਾ ਗਿਆ ਹੈ। ਇਹ ਬਹੁਤ ਹੀ ਮੰਦਭਾਗੀ ਗੱਲ ਹੈ। ਲੋਕਾਂ ਦੇ ਖੂਨ ਪਸੀਨੇ ਦੀ ਕਮਾਈ ਇਨ੍ਹਾਂ ਨੇ ਆਪਣੇ ਹੋਟਲ ਤੇ ਖਰਚ ਕੀਤੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਗਮਾਡਾ ਦੇ ਖਾਤੇ ਵਿਚੋਂ 3887 ਕਰੋੜ ਰੁਪਿਆ ਪਿਛਲੇ 10 ਸਾਲਾਂ ਦੌਰਾਨ ਕੱਢ ਕੇ ਆਪਣੇ ਨਿਜੀ ਮੁਫਾਦਾਂ ਵਾਸਤੇ ਬਠਿੰਡਾ, ਮੁਕਤਸਰ ਅਤੇ ਨਿਊ ਚੰਡੀਗੜ੍ਹ ਵਿਖੇ ਖਰਚ ਕਰ ਦਿੱਤਾ ਹੈ। ਇਸ ਨਾਲ ਸਾਡੇ ਮੋਹਾਲੀ ਸ਼ਹਿਰ ਦੀ ਸਾਰੀ ਡਿਵੈਲਪਮੈਂਟ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸੁੱਖ ਵਿਲਾਸ ਤੱਕ ਜਾਂਦੇ ਰਸਤੇ ਦੀਆਂ ਸੜਕਾਂ ਚੌੜੀਆਂ ਹਨ, ਸਰਕਾਰੀ ਖਰਚੇ ਤੇ ਲਾਈਟਾਂ ਵੀ ਲੱਗੀਆਂ ਹੋਈਆਂ ਹਨ ਪਰ ਉਸ ਤੋਂ ਅਗਲੇ ਪਿੰਡ ਹਨੇਰੇ ਵਿਚ ਜਕੜੇ ਹੋਏ ਹਨ। ਉਨ੍ਹਾਂ ਪਿੰਡਾਂ ਲਈ ਦੁਬਿਧਾ ਪੈਦਾ ਕੀਤੀ ਗਈ ਹੈ। ਇਨ੍ਹਾਂ ਦੇ ਰਾਜ ਵੇਲੇ ਜੇਕਰ ਕੋਈ ਆਮ ਆਦਮੀ ਟਰੱਕ ਜਾਂ ਟਰਾਲੀ ਲੈ ਕੇ ਉਸ ਸੜਕ ਤੋਂ ਲੰਘਦਾ ਸੀ ਤਾਂ ਪੁਲਿਸ ਵਾਲੇ ਉਸ ਦਾ ਧੱਕੇ ਨਾਲ ਚਲਾਨ ਕਰਦੇ ਸੀ। ਕੇਵਲ ਹੋਟਲ ਦੇ ਗਾਹਕ ਅਤੇ ਇਨ੍ਹਾਂ ਦੀਆਂ ਗੱਡੀਆਂ ਹੀ ਉਥੇ ਜਾਂਦੀਆਂ ਸਨ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਜਿਸ ਤਰ੍ਹਾਂ ਅਜ਼ਾਦੀ ਵੇਲੇ ਜਿੰਨੀਆਂ ਰਿਆਸਤਾਂ ਸਨ, ਉਨ੍ਹਾਂ ਦੀ ਸਾਰੀ ਪ੍ਰਾਪਰਟੀ ਸਰਕਾਰ ਨੇ ਆਪਣੇ ਖਾਤੇ ਵਿੱਚ ਮਰਜ ਕਰ ਲਈ ਸੀ। ਮੈਂ ਬੇਨਤੀ ਕਰਦਾ ਹਾਂ ਕਿ ਇਸ ਸੁੱਖ ਵਿਲਾਸ ਹੋਟਲ ਦੀ ਇਨਕੁਆਰੀ ਕਰਨ ਤੋਂ ਬਾਅਦ ਸੁੱਖ ਵਿਲਾਸ ਵਰਗੇ ਜਿੰਨੇ ਵੀ ਬੰਗਲੇ ਹਨ, ਇਹ ਸਾਰੇ ਸਰਕਾਰ ਨੂੰ ਟੇਕਓਵਰ ਕਰ ਲੈਣੇ ਚਾਹੀਦੇ ਹਨ ਤਾਂ ਜੋ ਅਗਾਂਹ ਨੂੰ ਕੋਈ ਵੀ

[ ਸਰਦਾਰ ਬਲਬੀਰ ਸਿੰਘ ਸਿੱਧੂ ]

ਲੀਡਰ ਆਪਣੇ ਪਰਿਵਾਰ ਲਈ ਇਸ ਤਰ੍ਹਾਂ ਕਾਲਾ ਧਨ ਇਕੱਠਾ ਨਾ ਕਰ ਸਕੇ।

ਮੈਂ ਹੁਣ ਬਾਦਲ ਪਰਿਵਾਰ ਦੇ ਚਹੇਤੇ ਸੁਰਿੰਦਰ ਸਿੰਘ ਭਲਵਾਨ ਦੀ ਗੱਲ ਕਰਦਾ ਹਾਂ ਜੋ 1992 ਵਿਚ ਜੇ.ਈ. ਭਰਤੀ ਹੋਇਆ ਸੀ ਅਤੇ ਅੱਜ ਚੀਫ ਇੰਜੀਨੀਅਰ ਹੈ। ਉਸ ਕੋਲ 22 ਮਹਿਕਮਿਆ ਦਾ ਚਾਰਜ ਸੀ। ਉਸ ਕੋਲ 1200 ਕਰੋੜ ਦੀ ਪ੍ਰਾਪਰਟੀ ਹੈ। ਮੈਂ ਕੱਲ੍ਹ ਵੀ ਜ਼ੀਰੋ ਆਵਰ ਦੇ ਵਿਚ ਕਿਹਾ ਸੀ ਕਿ ਜਿਹੜਾ ਪੰਜਾਬ ਦੇ ਸਿਰ ਕਰਜ਼ਾ ਹੈ ਜੇਕਰ ਅਜਿਹੇ 35-40 ਚੋਰ ਆਪਾਂ ਫੜ ਲਈਏ ਤਾਂ ਆਪਾਂ ਨੂੰ ਕੇਂਦਰ ਅੱਗੇ ਜਾਂ ਪ੍ਰਧਾਨ ਮੰਤਰੀ ਕੋਲ ਹੱਥ ਅੱਡਣ ਦੀ ਲੋੜ ਨਹੀਂ ਹੈ। ਸਾਡਾ ਸਾਰਾ ਕਰਜ਼ਾ ਵੈਸੇ ਹੀ ਪੂਰਾ ਹੋ ਜਾਵੇਗਾ। ਮੈਂ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿਚ ਬਹੁਤ ਸਾਰੀਆਂ ਕੀਮਤੀ ਜ਼ਮੀਨਾਂ ਹਨ, ਜਿਨ੍ਹਾਂ ਦੇ ਮਤੇ ਇਨ੍ਹਾਂ ਨੇ ਆਪਣੇ ਹੱਕ ਵਿਚ ਪੁਆਏ ਅਤੇ ਮੈਂ ਕਾਂਗਰਸ ਸਰਕਾਰ ਬਣਨ ਤੋਂ ਬਾਅਦ ਅਜਿਹੇ ਬਹੁਤ ਸਾਰੇ ਮਤੇ ਰੱਦ ਵੀ ਕਰਵਾਏ ਹਨ। ਇਨ੍ਹਾਂ ਨੇ ਉਨ੍ਹਾਂ ਜ਼ਮੀਨਾਂ ਦੀ ਗਿਰਦਾਵਰੀ ਵੀ ਆਪਣੇ ਨਾਂ ਤੇ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਕਿਸਮਤ ਚੰਗੀ ਸੀ ਕਿ ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਕਾਂਗਰਸ ਸਰਕਾਰ ਬਣੀ ਅਤੇ ਆਮ ਲੋਕਾਂ ਨੂੰ ਕੁਝ ਰਾਹਤ ਮਿਲੀ ਹੈ। ਇਸ ਲਈ ਮੈਂ ਅੱਜ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਸਾਡੇ ਇਲਾਕੇ ਵਿਚ ਏਅਰਪੋਰਟ ਦੀ ਨੇੜਲੀ ਜ਼ਮੀਨ ਨੂੰ ਹੜੱਪਣ ਵਾਸਤੇ ਹਰ ਅਕਾਲੀ ਲੀਡਰ ਨੇ ਹਰ ਹੀਲਾ ਵਰਤਿਆ ਹੈ। ਇਸ ਲਈ ਮੇਰੇ ਵੀਰੋ ਪਬਲਿਕ ਪ੍ਰਾਪਰਟੀ 10 ਸਾਲ ਲੁੱਟਦੇ ਰਹੇ, ਅੱਜ ਉਹ ਇੱਥੇ ਧਰਨੇ ਲਾਉਦੇਂ ਸੀ। ਇਨ੍ਹਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ। ਇਨ੍ਹਾਂ ਨੇ ਪੰਜਾਬ ਦਾ ਘਾਣ ਕੀਤਾ। ਪੰਜਾਬ ਦੇ ਲੋਕ ਇਸ ਵਾਸਤੇ ਤੁਹਾਨੂੰ ਕਦੇ ਮੁਆਫ ਨਹੀਂ ਕਰਨਗੇ। ਮੈਂ ਉਸ ਤੋਂ ਬਾਅਦ ਇੱਕ ਹੋਰ ਗੱਲ ਕਰਨ ਲੱਗਾ ਹਾਂ। ਵੱਡੇ ਵੱਡੇ ਠੇਕੇ ਲੈ ਲਏ, ਕੋਈ ਗੱਲ ਨਹੀਂ, ਜਿਹੜੀ ਸਫਾਈ ਦੇ ਠੇਕੇ ਹਨ। ਅੱਜ ਉਹ ਸਰਕਾਰ ਦੇ ਰਿਸ਼ਤੇਦਾਰ ਇੱਥੇ ਬੈਠੇ ਨਹੀਂ ਹਨ, ਪਤਾ ਨਹੀਂ ਕਿੱਥੇ ਗਏ ਹਨ। ਮੈਂ ਦੱਸਣਾ ਚਾਹੁੰਦਾ ਹਾਂ Lions Services Private Limited Company ਜਿਹੜੀ ਦਿੱਲੀ ਦੀ ਹੈ, ਉਸ ਦੀ ਖਾਸ ਚਹੇਤੀ ਹੈ, ਪੰਜਾਬ ਦੇ 4-5 ਵੱਡੇ ਸ਼ਹਿਰਾਂ ਦਾ ਜੋ ਸਫਾਈ ਦਾ ਠੇਕਾ ਹੈ, ਝਾੜੂ ਮਾਰਨ ਦਾ ਠੇਕਾ ਹੈ, ਉਹ ਵੀ ਇਨ੍ਹਾਂ ਮੰਤਰੀ ਦੇ ਬੰਦਿਆਂ ਕੋਲ ਹੈ। ਸਿੱਧੂ ਸਾਹਿਬ ਇਥੇ ਬੈਠੇ ਨਹੀਂ ਹਨ। ਪੰਜਾਬ ਦੀ ਸਫਾਈ ਇਕੱਲੇ ਇਸ ਪਾਸੇ ਝਾੜੂ ਮਾਰ ਕੇ ਹੀ ਨਹੀਂ ਕੀਤੀ ....

**ਸਰਦਾਰ ਬਲਵਿੰਦਰ ਸਿੰਘ ਬੈਂਸ (ਧਰਨੇ ਤੇ ਬੈਠੇ ਬੈਠੇ) :** ਮੰਤਰੀ ਜੀ ਦਾ ਨਾਂ ਤਾਂ ਦੱਸ ਦਿਓ।

**ਸਰਦਾਰ ਬਲਬੀਰ ਸਿੰਘ ਸਿੱਧੂ :** ਮੰਤਰੀ ਬਿਕਰਮ ਸਿੰਘ ਮਜੀਠੀਆ।

**ਸਰਦਾਰ ਬਲਵਿੰਦਰ ਸਿੰਘ ਬੈਂਸ (ਧਰਨੇ ਤੇ ਬੈਠੇ ਬੈਠੇ) :** ਸਾਬਕਾ ਮੰਤਰੀ ਜੀ।

**ਸਰਦਾਰ ਬਲਬੀਰ ਸਿੰਘ ਸਿੱਧੂ :** ਹਾਂ ਜੀ, ਹਾਂ ਜੀ, ਸਾਬਕਾ ਮੰਤਰੀ। ਸਪੀਕਰ ਸਾਹਿਬ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਮੋਹਾਲੀ ਦੇ ਵਿੱਚ ਮੇਨ ਸੜਕਾਂ ਦੀ ਸਫਾਈ ਕਰਨ ਵਾਸਤੇ 4-5 ਮਸ਼ੀਨਾਂ ਲਿਆਂਦੀਆਂ। ਮਸ਼ੀਨ ਦੀ ਕੀਮਤ ਸਿਰਫ ਡੇਢ ਕਰੋੜ ਰੁਪਿਆ ਹੈ ਪਰ ਉਸ ਨੂੰ ਸਫਾਈ ਵਾਸਤੇ 92 ਹਜ਼ਾਰ ਰੁਪਏ ਪਰ ਕਿਲੋਮੀਟਰ ਮਿਲਦੇ ਹਨ। ਇੱਕ ਮਹੀਨੇ ਦਾ 1 ਕਰੋੜ 15 ਲੱਖ ਰੁਪਿਆ ਖਰਚਾ ਪੈਂਦਾ ਹੈ, ਜਿਹੜੀ ਕਿ ਮੋਹਾਲੀ ਦੀ ਬਹੁਤ ਹੀ ਵੱਡੀ ਨਜਾਇਜ਼ ਲੁੱਟ ਹੈ। ਜਿਹੜੇ ਸਾਡੇ ਕੋਲ ਸਫਾਈ ਸੇਵਕ ਹਨ, ਜੋ ਕਿ ਗਰੀਬ ਪਰਿਵਾਰ ਨਾਲ ਸਬੰਧ ਰੱਖਦੇ ਸਨ, ਉਹ ਬੇਰੁਜ਼ਗਾਰ ਹੋਏ ਬੈਠੇ ਹਨ। ਬਹੁਤ ਵਾਰ ਹਾਜ਼ਰੀ ਚੈੱਕ ਕਰਨ ਤੇ ਪਾਇਆ ਗਿਆ ਕਿ 700 ਬੰਦਿਆਂ ਵਿਚੋਂ 250 ਬੰਦਾ ਹੀ ਹਾਜ਼ਰ ਹੁੰਦਾ ਹੈ।ਇਹ ਇੱਕਲੀ ਪੰਜਾਬ ਦੀ ਇੱਕ ਪਾਸੇ ਦੀ ਲੁੱਟ ਹੈ। ਚਾਰ ਚੁਫੇਰੇ ਤੋਂ ਲੁੱਟ ਕੇ ਪੰਜਾਬ ਨੂੰ ਆਪਣੇ ਕਬਜ਼ੇ ਵਿੱਚ ਕੀਤਾ ਸੀ। ਇਸ ਲਈ ਮੈਂ ਇਹੀ ਕਹਾਂਗਾ ਕਿ ਸਿੱਧੂ ਸਾਹਿਬ ਨਾਲ ਵੀ ਉਸ ਸਾਬਕਾ ਮੰਤਰੀ ਦਾ ਬੜਾ ਪਿਆਰ ਹੈ। ਇਹ ਇਕੱਲੇ ਮੋਹਾਲੀ ਦੀ ਗੱਲ ਨਹੀਂ ਹੈ, ਲੇਕਿਨ ਬਾਕੀ ਸ਼ਹਿਰਾਂ ਦੀ ਵੀ ਇਨਕੁਆਰੀ ਕਰਵਾ ਕੇ ਜੋ ਕੁਰੱਪਸ਼ਨ ਤੇ ਭ੍ਰਿਸ਼ਟਾਚਾਰ ਹੋਇਆ ਹੈ, ਉਸ ਤੋਂ ਬਣਦਾ ਰੁਪਿਆ ਇਨ੍ਹਾਂ ਕੋਲੋਂ ਵਸੂਲਿਆ ਜਾਵੇ ਤਾਂ ਹੀ ਅਸੀਂ ਅੱਗੇ ਵੱਧ ਸਕਦੇ ਹਾਂ। ਉਸ ਤੋਂ ਬਾਅਦ ਮੈਂ ਹੋਰ ਬਹੁਤ ਹੀ ਚਹੇਤੇ ਸਾਬਕਾ ਮੰਤਰੀ ਦੀ ਗੱਲ ਕਰਨ ਲੱਗਿਆ ਹਾਂ ਜਿਹੜਾ ਆਪ ਨੂੰ ਬਠਿੰਡੇ ਦਾ ਬਹੁਤ ਵੱਡਾ ਜਰਨੈਲ ਸਮਝਦਾ ਸੀ। ਪਿੰਡ ਝਿਊਰਹੇੜੀ ਜਿਹੜਾ ਮੇਰੀ ਕੰਸਟੀਚੁਐਂਸੀ ਦਾ ਬੜਾ ਹੀ ਪ੍ਰਾਈਮ ਪਿੰਡ ਹੈ, ਜਿਥੇ ਏਅਰਪੋਰਟ ਬਣਿਆ ਹੈ, ਉਸ ਪਿੰਡ ਦੀ ਜ਼ਮੀਨ ਜਿਹੜੀ ਪੰਚਾਇਤ ਦੀ ਸੀ, ਐਕੁਆਇਰ ਕੀਤੀ ਗਈ ਸੀ। ਜ਼ਮੀਨ ਐਕੁਆਇਰ ਕਰਨ ਤੋਂ ਬਾਅਦ 85 ਕਰੋੜ ਦੇ ਲਗਭਗ ਰੁਪਿਆ ਜ਼ਮੀਨ ਦਾ ਮਿਲਿਆ ਸੀ। 35 ਕਰੋੜ ਰੁਪਿਆ ਕਿਸਾਨਾਂ ਦੀਆਂ ਜ਼ਮੀਨਾਂ ਦਾ ਸੀ। 50 ਕਰੋੜ ਰੁਪਿਆ ਪੰਚਾਇਤ ਦਾ ਸੀ। ਵਿਆਜ ਪਾ ਕੇ 100 ਕਰੋੜ ਦੇ ਲਗਭਗ ਹੋਇਆ। ਉਸ ਪਿੰਡ ਦੀ ਸਾਰੀ 600 ਵੋਟ ਹੈ, ਉਸ ਪਿੰਡ ਦੀ ਡਿਵੈਲਪਮੈਂਟ ਤੇ 20 ਕਰੋੜ ਰੁਪਿਆ ਇਨ੍ਹਾਂ ਨੇ ਖਰਚ ਦਿਖਾਇਆ। 20 ਕਰੋੜ ਰੁਪਿਆ ਖਰਚ ਕਰਨ ਤੋਂ ਬਾਅਦ ** ** ਸਾਹਿਬ 5 ਕਰੋੜ ਰੁਪਿਆ ਆਪਣੇ ਬਠਿੰਡੇ ਨੂੰ ਲੈ ਗਏ। ਉਸ ਤੋਂ ਬਾਅਦ ਪੰਚਾਇਤ ਦੀ ਜ਼ਮੀਨ ਦੇ ਜਿਹੜੇ ਪੈਸੇ ਸੀ, ਥੱਲੇ ਅਫਸਰਸ਼ਾਹੀ ਨਾਲ ਮਿਲ ਕੇ ਉਸੇ ਪੈਸੇ ਨਾਲ ਦੂਸਰੇ ਪਿੰਡ ਜ਼ਮੀਨ ਖਰੀਦੀ ਗਈ। ਕੀ ਫਰਕ ਦੇਖਿਆ ਕਿ ਉਥੇ ਜ਼ਮੀਨ ਦਾ 18 ਲੱਖ ਰੁਪਏ ਤੋਂ 20 ਲੱਖ ਰੁਪਏ ਰੇਟ ਹੈ। ਕਰੀਮਪੁਰਾ ਪਿੰਡ ਹੈ, ਕੰਦੀਪੁਰ ਪਿੰਡ ਹੈ। ਇੱਥੇ ਕੁਲੈਕਟਰ ਰੇਟ 9 ਕਰੋੜ 77 ਹਜ਼ਾਰ ਰੁਪਿਆ ਹੈ। ਉਥੇ ਕੀ ਰੇਟ ਪਾਇਆ 54 ਲੱਖ ਰੁਪਿਆ ਪਰ ਏਕੜ, 34 ਲੱਖ ਦੀ ਜਿਹੜੀ ਕੁਰੱਪਸ਼ਨ ਹੋਈ ਹੈ, ਉਸ ਦੇ ਲਈ ਇਥੇ ਸਾਬਕਾ ਮੰਤਰੀ ** ** ਤੇ ਸਾਰੀ ਅਫਸਰਸ਼ਾਹੀ ਜ਼ਿੰਮੇਵਾਰ ਹੈ।

**ਮਾਨਯੋਗ ਸਪੀਕਰ :** ਜਿਹੜੇ ਵਿਅਕਤੀ ਸਦਨ ਵਿੱਚ ਹਾਜ਼ਰ ਨਹੀਂ, ਪਲੀਜ਼ ਉਨ੍ਹਾਂ ਦਾ ਨਾਂ ਨਾ ਲਓ।

---

** Expunged as ordered by the Chair.

**ਸਰਦਾਰ ਬਲਬੀਰ ਸਿੰਘ ਸਿੱਧੂ :** ਇੱਕ ਇਮਾਨਦਾਰ ਅਫਸਰ ਆਇਆ ਸੀ, ਉਸ ਨੇ ਆਪਣੀ ਫਾਈਲ ਦੇ ਉੱਤੇ ਲਿਖਿਆ ਸੀ ਕਿ ਇਸ ਵਿੱਚ ਬਹੁਤ ਵੱਡਾ ਘਪਲਾ ਹੋਇਆ ਹੈ। ਇਨਕੁਆਰੀ ਬਣਦੀ ਹੈ, ਕੇਸ ਬਣਦਾ ਹੈ ਪਰ ਇਥੋਂ ਮੰਤਰੀ ਸਾਹਿਬ ਨੇ ਹੁਕਮ ਚਾੜ੍ਹ ਕੇ ਫਾਈਲ ਉਥੇ ਹੀ ਦੱਬ ਕੇ ਰੱਖ ਦਿੱਤੀ। ਮੈਂ ਬਾਜਵਾ ਸਾਹਿਬ ਨੂੰ ਰਿਕੁਐਸਟ ਕੀਤੀ ਤੇ ਇਨਕੁਆਰੀ ਮਾਰਕ ਕੀਤੀ। ਹੁਣ ਵੀ ਦੇਖੋ ਇਨਕੁਆਰੀ ਵਿੱਚ ਕੀ ਹੋਇਆ? ਫਿਰ ਫੋਨ ਕੀਤਾ ਗਿਆ ਕਿ ਤੁਸੀਂ ਇਹ ਇਨਕੁਆਰੀ ਨਹੀਂ ਕਰਨੀ ਪਰ ਮੈਂ ਬਾਜਵਾ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ, ਮੁੱਖ ਮੰਤਰੀ ਸਾਹਿਬ ਚਲੇ ਗਏ, ਇਸ ਦੀ ਇਨਕੁਆਰੀ ਮੰਤਰੀ ਪੱਧਰ ਤੇ ਨਹੀਂ, ਇਸ ਦੀ ਇਨਕੁਆਰੀ ਵਿਜੀਲੈਂਸ ਤੋਂ ਕਰਵਾਉ। ਜਿਹੜੀ ਅਫ਼ਸਰਸ਼ਾਹੀ ਹੈ, ਜਿਨ੍ਹਾਂ ਨੇ ਇਸ ਪੈਸੇ ਨੂੰ ਲੁੱਟਿਆ ਹੈ, ਉਨ੍ਹਾਂ ਤੋਂ ਪੈਸਾ ਵਸੂਲਿਆ ਜਾਵੇ। 34 ਲੱਖ ਰੁਪਏ ਪ੍ਰਤੀ ਕਿੱਲੇ ਦੇ ਹਿਸਾਬ ਨਾਲ ਦੇਖ ਲਉ ਕਿ 35 ਕਿੱਲੇ ਜ਼ਮੀਨ ਖਰੀਦੀ ਗਈ ਹੈ। ਇਨ੍ਹਾਂ ਨੇ ਸਾਡੇ ਪੰਜਾਬ ਦਾ ਕਿੰਨਾ ਹੀ ਪੈਸਾ ਲੁਟਾਇਆ ਹੈ।

ਉਸ ਤੋਂ ਬਾਅਦ ਅਸੀਂ ਗੱਲ ਕਰਦੇ ਹਾਂ ਕਿ 31 ਹਜ਼ਾਰ ਕਰੋੜ ਰੁਪਏ ਦਾ ਫੂਡ ਸਪਲਾਈ ਦਾ ਘੁਟਾਲਾ ਸਾਹਮਣੇ ਆ ਗਿਆ। ਉਹ ਵੀ ਮੰਤਰੀ ਸਾਹਿਬ ਸਰਕਾਰ ਦੇ ਚਹੇਤੇ ਅਤੇ ਵੱਡੇ ਰਿਸ਼ਤੇਦਾਰ ਸਨ। ਮੈਂ ਉਸ ਗੱਲ ਵੱਲ ਨਹੀਂ ਜਾਂਦਾ ਪਰ ਮੈਂ ਇੱਕ ਪਿੰਡ ਦੀ ਗੱਲ ਕਰਦਾ ਹਾਂ। ਇਹ ਪਹਿਲਾਂ ਮੇਰੇ ਹਲਕੇ ਵਿੱਚ ਸੀ, ਹੁਣ ਚੰਨੀ ਸਾਹਿਬ ਦੇ ਹਲਕੇ ਵਿੱਚ ਹੈ-ਧੜਾਕ ਕਲਾਂ। ਉਸ ਪਿੰਡ ਦੀ ਨਿਗਰਾਨ ਕਮੇਟੀ ਨੇ ਮਹਿਕਮੇ ਨੂੰ ਲਿਖਤੀ ਸ਼ਿਕਾਇਤ ਕੀਤੀ ਕਿ ਜਿਹੜੀ ਸਾਡੇ ਪਿੰਡ ਵਿੱਚ ਕਣਕ ਆ ਰਹੀ ਹੈ, ਉਹ 30 ਕਿਲੋ ਦਾ ਗੱਟਾ ਹੈ ਅਤੇ ਸਾਰੇ ਗੱਟੇ ਤੋਲੇ ਗਏ ਅਤੇ ਹਰ ਗੱਟੇ ਵਿੱਚ ਡੇਢ ਕਿਲੋ ਕਣਕ ਘੱਟ ਪਾਈ ਗਈ। ਤੁਸੀਂ ਮੰਨੋਗੇ ਕਿ 1 ਕਰੋੜ 42 ਲੱਖ ਕੰਜ਼ਿਊਮਰ ਹਨ ਅਤੇ ਉਨ੍ਹਾਂ ਨੂੰ 2 ਨਾਲ ਗੁਣਾ ਕਰ ਲਉ ਕਿਉਂਕਿ 60 ਕਿਲੋ ਕਣਕ ਮਿਲਦੀ ਹੈ। ਇਸ ਤਰ੍ਹਾਂ ਪੂਰੇ ਪੰਜਾਬ ਵਿੱਚ 2 ਕਰੋੜ 84 ਲੱਖ ਬਣਦੇ ਹਨ। ਜੇਕਰ ਹਿਸਾਬ ਲਗਾਈਏ ਤਾਂ 42,600 ਕੁਇੰਟਲ ਕਣਕ ਦਾ ਸਿੱਧਾ ਘੁਟਾਲਾ ਹੈ, ਜਿਸ ਦੀ ਕੀਮਤ 7 ਕਰੋੜ ਰੁਪਿਆ ਬਣਦੀ ਹੈ।

ਦੂਸਰਾ, ਇੱਕ ਹੋਰ ਵੱਡੀ ਗੱਲ ਕਿ ਖਰੜ ਦੇ ਗੋਦਾਮ ਵਿਖੇ ਚੌਕੀਦਾਰ ਰੱਖੇ ਗਏ। ਬਾਕਾਇਦਾ ਮਹਿਕਮੇ ਦੀ ਰਿਪੋਰਟ ਵੀ ਲਈ ਗਈ ਹੈ। 15 ਚੌਕੀਦਾਰ ਦਰਸਾਏ ਗਏ ਪਰ ਉਥੇ ਸਿਰਫ 8 ਸਨ। 7 ਚੌਕੀਦਾਰਾਂ ਦੀ ਤਨਖਾਹ 7600 ਰੁਪਏ ਦੇ ਹਿਸਾਬ ਨਾਲ ਬੋਗਸ ਪਾਈ ਗਈ। ਹਰ ਮਹੀਨੇ 6 ਲੱਖ 38 ਹਜ਼ਾਰ ਦਾ ਘੋਟਾਲਾ ਹੋਇਆ। ਉਸ ਤੋਂ ਬਾਅਦ ਅਪਰੈਲ, ਮਈ, 2016 ਵਿੱਚ ਕਣਕ ਦੀ ਖਰੀਦ ਗੋਦਾਮਾਂ ਵਿੱਚ ਭੰਡਾਰ ਕੀਤੀ ਗਈ। ਪਰ ਜਦੋਂ ਅਗਸਤ ਦੇ ਪਹਿਲੇ ਹਫਤੇ ਵਿੱਚ ਇਨਕੁਆਰੀ ਕੀਤੀ ਗਈ ਤਾਂ ਖਰੜ ਕੇਂਦਰ ਵਿੱਚੋਂ 1177 ਕੁਇੰਟਲ ਕਣਕ ਘੱਟ ਪਾਈ ਗਈ। ਜਦੋਂ ਇਸ ਗੱਲ ਦਾ ਰੌਲਾ ਪਿਆ ਤਾਂ ਇੱਕ ਕੰਪਨੀ ਦੇ ਗੋਦਾਮ ਵਿੱਚ ਕਣਕ ਸ਼ੋਅ ਕੀਤੀ ਗਈ ਕਿ ਉਥੇ ਕਣਕ ਪਈ ਹੈ। ਉਸ ਦਾ ਕੋਈ

ਲੈਣਾ ਦੇਣਾ ਹੀ ਨਹੀਂ। ਪਰ ਅੱਜ ਵੀ 900 ਕੁਇੰਟਲ ਕਣਕ ਘੱਟ ਹੈ ਜਿਹੜੀ ਕਿ ਗੋਦਾਮਾਂ ਵਿੱਚ ਨਹੀਂ ਹੈ। ਇਸ ਲਈ ਇਸ ਸਰਕਾਰ ਦੇ ਚਹੇਤਿਆਂ ਨੇ ਪੰਜਾਬ ਨੂੰ ਆਪਣੀ ਨਿੱਜੀ ਜਾਇਦਾਦ ਸਮਝ ਕੇ ਬੁਰੀ ਤਰ੍ਹਾਂ ਲੁੱਟਿਆ ਹੈ। ਨਾਗਰਾ ਸਾਹਿਬ ਨੇ ਟਰਾਂਸਪੋਰਟ ਬਾਰੇ ਗੱਲ ਕੀਤੀ। ਮੈਂ ਵਿਸਥਾਰ ਨਾਲ ਗੱਲ ਕਰਨੀ ਚਾਹੁੰਦਾ ਹਾਂ ਕਿਉਂਕਿ ਹਰ ਮੈਂਬਰ ਨੂੰ ਸ਼ੌਕ ਹੁੰਦਾ ਹੈ ਕਿ ਮੈਨੂੰ ਵਿਧਾਨ ਸਭਾ ਵਿੱਚ ਆਪਣੀ ਗੱਲ ਰੱਖਣ ਦਾ ਮੌਕਾ ਮਿਲੇ। ਪਰ ਹੁਣ ਮੈਂ ਜਿਹੜੀ ਗੱਲ ਕਰਨ ਲੱਗਾ ਹਾਂ ਬੜੇ ਦੁਖੀ ਹਿਰਦੇ ਨਾਲ ਗੱਲ ਕਰਨ ਲੱਗਾ ਹਾਂ। ਪਬਲਿਕ ਟਰਾਂਸਪੋਰਟ ਜਿਹੜੀ ਕਿ ਸਾਡੀ ਸਾਰਿਆਂ ਦੀ ਕਾਮਨ ਟਰਾਂਸਪੋਰਟ ਹੈ, ਜਿਸ ਵਿੱਚ ਅਮੀਰ ਤੋਂ ਲੈ ਕੇ ਗਰੀਬ ਤੱਕ ਹਰ ਬੰਦਾ ਬੈਠਦਾ ਸੀ, ਅੱਜ ਉਸ ਨੂੰ ਜੰਗਾਲ ਲੱਗ ਗਿਆ ਹੈ। ਅੱਜ ਉਹ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਬਾਦਲ ਸਾਹਿਬ ਸਮੇਂ ਟਰਾਂਸਪੋਰਟ ਦੇ ਖੇਤਰ ਵਿੱਚ ਅਕਾਲੀ ਆਗੂਆਂ ਦਾ ਪੂਰਾ ਕਬਜ਼ਾ ਜਮਾਇਆ ਹੋਣ ਕਾਰਨ ਸਰਕਾਰੀ ਬੱਸਾਂ ਨੂੰ ਭਾਰੀ ਘਾਟੇ ਦਾ ਸਾਹਮਣਾ ਕਰਨਾ ਪਿਆ ਹੈ ਜਦ ਕਿ ਹੁਣ ਕਾਂਗਰਸ ਸਰਕਾਰ ਦੇ ਤਿੰਨ ਮਹੀਨਿਆਂ ਦੇ ਛੋਟੇ ਜਿਹੇ ਸਮੇਂ ਵਿੱਚ ਤੁਸੀਂ ਮੰਨੋਗੇ ਕਿ ਕਰੋੜਾਂ ਰੁਪਏ ਦਾ ਫਾਇਦਾ ਹੋਇਆ ਹੈ। 28 ਲੱਖ ਰੁਪਏ ਪ੍ਰਤੀ ਦਿਨ ਪੀ.ਆਰ.ਟੀ.ਸੀ. ਦਾ ਵਾਧਾ ਹੋਇਆ। 35 ਲੱਖ ਪ੍ਰਤੀ ਦਿਨ ਪੰਜਾਬ ਰੋਡਵੇਜ਼ ਨੂੰ ਫਾਇਦਾ ਹੋਇਆ ਹੈ। ਤੁਸੀਂ ਆਪ ਹੀ ਹਿਸਾਬ ਲਗਾ ਲਉ, ਮਨਪ੍ਰੀਤ ਜੀ ਬੈਠੇ ਹਨ, ਇਹ ਕਹਿੰਦੇ ਹਨ ਕਿ ਤੁਸੀਂ ਕਿੱਥੋਂ ਪੈਸਾ ਲਿਆਉਗੇ। ਪੈਸਾ ਤਾਂ ਅਸੀਂ ਚੋਰਾਂ ਦੀਆਂ ਜੇਬਾਂ ਵਿੱਚੋਂ ਕੱਢਾਂਗੇ ਤਾਂ ਹੀ ਸੋਸ਼ਲ ਸਕਿਉਰਿਟੀ ਦੀਆਂ ਸਕੀਮਾਂ ਚੱਲਣਗੀਆਂ ਅਤੇ ਕਰਜ਼ੇ ਮੁਆਫ ਹੋਣਗੇ। ਇਨ੍ਹਾਂ ਦੀਆਂ ਜੇਬਾਂ ਵਿੱਚੋਂ ਕੱਢਾਂਗੇ। ਬਾਦਲ ਸਰਕਾਰ ਸਮੇਂ ਰੋਡਵੇਜ਼ ਬੱਸਾਂ ਦਾ ਫਲੀਟ 2407 ਤੋਂ ਘੱਟ ਕੇ ਲਗਭਗ 1600 ਰਹਿ ਗਿਆ ਸੀ। 10 ਸਾਲਾਂ ਦੇ ਸਮੇਂ ਦੌਰਾਨ ਬਾਦਲ ਸਰਕਾਰ ਨੇ ਕੋਈ ਨਵੀਂ ਬੱਸ ਨਹੀਂ ਪਾਈ। ਪਿਛਲੀ ਸਰਕਾਰ ਸਮੇਂ ਰੋਡਵੇਜ਼ ਦੀਆਂ ਜਲੰਧਰ ਤੋਂ ਏਅਰਪੋਰਟ ਤੱਕ ਬੱਸਾਂ ਚੱਲਦੀਆਂ ਸਨ ਜੋ ਕਿ 2010 ਵਿੱਚ ਸ਼ੁਰੂ ਹੋਈਆਂ ਸਨ ਅਤੇ 2013 ਵਿੱਚ ਬਾਦਲ ਪਰਿਵਾਰ ਵੱਲੋਂ ਇੰਡੋ ਕਨੇਡੀਅਨ ਬੱਸ ਖਰੀਦੇ ਜਾਣ ਮਗਰੋਂ ਪੰਜਾਬ ਦੀਆਂ ਬੱਸਾਂ ਬੰਦ ਕਰਵਾ ਦਿੱਤੀਆਂ ਗਈਆਂ। ਬਾਦਲ ਪਰਿਵਾਰ ਵੱਲੋਂ ਹੁਸ਼ਿਆਰਪੁਰ ਦੀਆਂ ਦੋ ਕੰਪਨੀਆਂ ਰਾਜਧਾਨੀ ਅਤੇ ਆਜ਼ਾਦ ਵੀ ਖਰੀਦੀਆਂ ਗਈਆਂ। ਖਰੀਦਣ ਮਗਰੋਂ ਨਵਾਂ ਟਾਈਮ ਟੇਬਲ ਬਣਾਉਣ ਸਮੇਂ ਸਰਕਾਰੀ ਬੱਸਾਂ ਦੇ 652 ਮਿੰਟ ਕੱਟ ਕੇ ਇਨ੍ਹਾਂ ਕੰਪਨੀਆਂ ਨੂੰ ਦਿੱਤੇ ਗਏ। ਇੱਥੇ ਹੀ ਬੱਸ ਨਹੀਂ ਬਿਨਾਂ ਕੋਈ ਪਰਮਿਟ ਮਿਲੇ ਟਰਿਪਾਂ ਵਿੱਚ ਵਾਧਾ ਹੋ ਗਿਆ ਔਰ ਗੈਰ-ਕਾਨੂੰਨੀ ਬੱਸਾਂ ਚੱਲਣੀਆਂ ਸ਼ੁਰੂ ਹੋ ਗਈਆਂ। ਜਿਹੜੀ ਇਹ ਵਿਜੀਲੈਂਸ ਦੀ ਚੈਕਿੰਗ ਸ਼ੁਰੂ ਹੋਈ ਹੈ, ਸਿੱਧੂ ਸਾਹਿਬ, ਜੇ 2-4 ਮਹੀਨੇ ਲਗਾਤਾਰ ਕਰੋ ਤਾਂ 10 ਕਰੋੜ ਨਹੀਂ, ਮਹੀਨੇ ਦਾ 50 ਕਰੋੜ ਰੁਪਏ ਰੋਡਵੇਜ਼ ਨੂੰ ਫਾਇਦਾ ਹੋਣਾ ਸ਼ੁਰੂ ਹੋ ਜਾਵੇਗਾ। ਤੁਸੀਂ ਮੰਨੋਗੇ ਕਿ ਪਹਿਲਾਂ ਸਾਡੀਆਂ maximum ਸਰਕਾਰੀ ਬੱਸਾਂ ਚੰਡੀਗੜ੍ਹ ਆਉਂਦੀਆਂ ਸੀ, ਚਾਹੇ ਉਹ ਪਠਾਨਕੋਟ ਤੋਂ ਆਉਣ, ਚਾਹੇ ਗੁਰਦਾਸਪੁਰ ਤੋਂ ਆਉਣ ਪਰ ਯੂ.ਟੀ. ਪ੍ਰਸ਼ਾਸਨ ਤੇ ਦਬਾਅ ਪਾ ਕੇ ਇਨ੍ਹਾਂ

[ ਸਰਦਾਰ ਬਲਬੀਰ ਸਿੰਘ ਸਿੱਧੂ ]

ਨੇ ਚੰਡੀਗੜ੍ਹ ਦੀਆਂ 73 ਬੱਸਾਂ ਬੰਦ ਕਰਵਾ ਦਿੱਤੀਆਂ। ਤੁਸੀਂ ਆਪੇ ਹਿਸਾਬ ਲਾ ਲਓ ਕਿ ਪੰਜਾਬ ਦਾ ਕੀ ਹਾਲ ਹੋਵੇਗਾ। ਜਿਹੜੀ ਬੱਸ ਸਾਨੂੰ 770/- ਰੁਪਏ ਵਿੱਚ ਜਲੰਧਰ ਤੋਂ ਦਿੱਲੀ ਲੈ ਕੇ ਜਾਂਦੀ ਸੀ, ਉਸ ਬੱਸ ਦਾ 1800/- ਰੁਪਏ ਤੋਂ ਲੈ ਕੇ 2800/- ਰੁਪਏ ਤੱਕ ਚਾਰਜ ਕੀਤਾ ਜਾਂਦਾ ਹੈ। ਸਾਨੂੰ ਬਹੁਤ ਦੁੱਖ ਹੈ ਕਿ ਬਾਦਲ ਪਰਿਵਾਰ ਦੇ ਮੁੱਖ ਮੰਤਰੀ ਵੀ ਬਣੇ ਤੇ ਉਹ ਸਾਰੇ ਕੰਮ ਸਰਕਾਰੀ ਖਰਚੇ, ਸਰਕਾਰੀ ਗੱਡੀਆਂ ਰਾਹੀਂ ਕਰਦੇ ਰਹੇ ਪਰ ਰੋਟੀਆਂ ਤਾਂ ਦੋ ਹੀ ਖਾਣੀਆਂ ਸਨ। ਲੋਕ ਇਸ ਗੱਲ ਦਾ ਜਵਾਬ ਜ਼ਰੂਰ ਮੰਗਣਗੇ ਕਿ ਜਿੰਨੀ ਕੁਰੱਪਸ਼ਨ, ਜਿੰਨਾ ਰੋਡਵੇਜ਼ ਦਾ ਨੁਕਸਾਨ ਇਨ੍ਹਾਂ ਨੇ ਕੀਤਾ ਹੈ ਸ਼ਾਇਦ ਹੀ ਕਿਸੇ ਨੇ ਕੀਤਾ ਹੋਵੇ। ਇਹ ਸਾਰੇ ਮਾਲਵੇ ਵਾਲੇ ਬੈਠੇ ਹਨ, ਦੁਆਬੇ, ਮਾਝੇ ਵਾਲੇ ਬੈਠੇ ਹਨ, ਅੱਗੇ ਆਪਾਂ ਦੇਖਦੇ ਸੀ ਕਿ ਹਰ ਬੱਸ ਸਟੈਂਡ ਤੇ ਕੋਈ ਨਾ ਕੋਈ ਹਰੇ ਝੋਲੇ ਵਾਲਾ ਮਿਲਦਾ ਹੁੰਦਾ ਸੀ। ਅੱਜ ਤਾਂ ਕੋਈ ਲੱਭਦਾ ਹੀ ਨਹੀਂ ਕਿਉਂਕਿ ਸਾਰੇ ਰਿਟਾਇਰ ਹੋ ਗਏ ਜਾਂ ਉਸ ਤੋਂ ਬਾਅਦ ਬੱਸਾਂ ਨਵੀਆਂ ਕੱਢ ਕੇ ਨਵੀਂ ਇੰਪਲਾਇਮੈਂਟ ਨਹੀਂ ਕੀਤੀ ਗਈ। 1600 ਬੱਸਾਂ ਲਈ ਕਿੰਨੇ ਮੁਲਾਜ਼ਮ ਹੋਣਗੇ? ਪੰਜ ਸੱਤ ਹਜ਼ਾਰ ਤੇ ਗੇਮ ਆ ਗਈ ਪਰ ਬਾਦਲ ਪਰਿਵਾਰ ਰੱਜਿਆ ਨਹੀਂ, 700 ਬੱਸਾਂ ਦਾ ਫਲੀਟ ਵੀ ਹੋ ਗਿਆ ਤਾਂ ਵੀ ਢਿੱਡ ਨਹੀਂ ਭਰਦਾ।

ਉਸ ਤੋਂ ਬਾਅਦ ਮੈਂ ਇੰਡਸਟਰੀ ਦੀ ਗੱਲ ਕਰਦਾ ਹਾਂ। ਇਹ ਹਰ ਇੱਕ ਸਟੇਟ ਦੀ ਬੈਕਬੋਨ ਹੈ। ਜੇਕਰ ਕਿਸੇ ਸਟੇਟ ਨੇ ਤਰੱਕੀ ਕਰਨੀ ਹੈ ਤਾਂ ਉੱਥੇ ਇੰਡਸਟਰੀ ਨੂੰ ਪ੍ਰਫੁੱਲਿਤ ਕਰਨਾ ਬਹੁਤ ਜ਼ਰੂਰੀ ਹੈ ਪਰ 10 ਸਾਲਾਂ ਵਿੱਚ ਪਿਛਲੀ ਸਰਕਾਰ ਨੇ ਇੰਡਸਟਰੀ ਨੂੰ ਤਬਾਹ ਕੀਤਾ ਹੈ। ਅੱਜ ਗੋਬਿੰਦਗੜ੍ਹ ਦਾ ਹਾਲ ਜਾ ਕੇ ਵੇਖ ਲਓ, ਕਿਥੇ ਪਹਿਲਾਂ 300 ਚਿਮਨੀ ਚਲਦੀ ਹੁੰਦੀ ਸੀ ਅੱਜ 15, 20, 25 ਤੇ ਗੱਲ ਆ ਗਈ। ਇਸ ਲਈ ਇਨ੍ਹਾਂ ਲੋਕਾਂ ਨੇ ਤਰਸ ਨਹੀਂ ਕੀਤਾ, ਇਨ੍ਹਾਂ ਮੰਤਰੀਆਂ ਨੇ ਇੰਡਸਟਰੀ ਦੇ ਨਾਂ ਤੇ ਬੜੇ ਸੈਰ ਸਪਾਟੇ ਕੀਤੇ, ਬੜੇ ਵੱਡੇ-ਵੱਡੇ ਸੈਮੀਨਾਰ ਮੁਹਾਲੀ ਵਿੱਚ ਕਰਵਾਏ ਪਰ ਆਊਟਪੁੱਟ ਜ਼ੀਰੋ ਹੈ।

*12.48 ਵਜੇ ਬਾਅਦ ਦੁਪਹਿਰ) (*ਇਸ ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਕਿਉਂਕਿ ਪਾਲਿਸੀਆਂ ਚੰਗੀਆਂ ਨਹੀਂ ਹਨ। ਉਨ੍ਹਾਂ ਨੂੰ ਕੋਈ ਬੈਨੀਫਿਟ ਨਹੀਂ ਦਿੱਤਾ ਗਿਆ ਪਰ ਸਾਡੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਮਨਪ੍ਰੀਤ ਜੀ ਬੈਠੇ ਹਨ, ਸਿੱਧੂ ਸਾਹਿਬ ਬੈਠੇ ਹਨ, ਬ੍ਰਹਮ ਮਹਿੰਦਰਾ ਜੀ ਬੈਠੇ ਹਨ, ਇਹ ਪਹਿਲੀ ਵਾਰੀ ਗਏ ਤੇ ਅੱਜ ਸੈਂਕੜੇ ਲੋਕ ਪੰਜਾਬ ਵਿੱਚ ਆਪਣਾ ਪੈਸਾ ਇਨਵੈਸਟ ਕਰਨ ਵਾਸਤੇ ਤਿਆਰ ਹਨ। ਸਭ ਤੋਂ ਪਹਿਲਾਂ ਤਾਂ ਮੁਹਾਲੀ ਵਿੱਚ ਰਿਲਾਇੰਸ ਵਾਲਿਆਂ ਨੇ 3-4 ਵਾਰੀ ਤਾਂ ਮੇਰੇ ਨਾਲ ਕੰਟੈਕਟ ਕੀਤਾ ਕਿ ਸਾਨੂੰ ਜ਼ਮੀਨ ਦਿਓ ਤੇ ਅਸੀਂ ਪਹਿਲੀ ਫੈਕਟਰੀ ਵਿੱਚ ਹੀ 5000 ਇੰਪਲਾਇਮੈਂਟ ਦੇਵਾਂਗੇ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿੱਥੇ ਸੋਚ ਕੈਪਟਨ ਅਮਰਿੰਦਰ ਸਿੰਘ ਜੀ ਵਰਗੀ ਹੋਵੇ, ਉੱਥੇ ਕਿਸੇ ਚੀਜ਼ ਦੀ ਘਾਟ ਨਹੀਂ। ਇਨ੍ਹਾਂ ਨੂੰ (ਸ਼੍ਰੋਮਣੀ ਅਕਾਲੀ ਦਲ ਵੱਲ ਇਸ਼ਾਰਾ)

ਸੁਣਨ ਦਾ ਹੌਸਲਾ ਨਹੀਂ ਹੈ, ਜੇ ਸੁਣਨ ਦਾ ਹੌਂਸਲਾ ਹੁੰਦਾ ਤਾਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਇੱਥੇ ਬੈਠਦੇ। ਪਰ ਇਹ ਬਹੁਤ ਦੂਰ ਗਏ ਹਨ, ਹਾਲੈਂਡ ਗਏ ਹਨ ਤੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਨੂੰ ਇਹ ਜਿੱਥੇ ਖੜ੍ਹਾ ਕਰਕੇ ਗਏ ਹਨ, ਇਸ ਨੂੰ ਕੱਢਣ ਵਾਸਤੇ ਸਾਨੂੰ ਸਾਰਿਆਂ ਨੂੰ ਇਕੱਠੇ ਹੋ ਕੇ ਹੰਭਲਾ ਮਾਰਨ ਦੀ ਜ਼ਰੂਰਤ ਹੈ। ਆਪਣੇ ਆਪ ਨੂੰ ਕਿਸਾਨਾਂ ਦੇ ਹਿਤੈਸ਼ੀ ਕਹਾਉਣ ਵਾਲੇ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਪੰਜਾਬ ਦੀ ਕਿਸਾਨੀ ਨੂੰ ਬਚਾਉਣ ਵਾਸਤੇ ਕੋਈ ਉਪਰਾਲਾ ਨਹੀਂ ਕੀਤਾ। ਇੱਥੇ ਬੈਠ ਕੇ ਪੰਜਾਬ ਦੀ ਕਿਸਾਨੀ ਬਾਰੇ ਅੱਜ ਜਿਹੜੀ ਇਹ ਹਵਾ ਪੁੱਟਦੇ ਹਨ ਜਾਂ ਜ਼ਿਲ੍ਹਾ ਪੱਧਰ ਤੇ ਧਰਨੇ ਲਾ ਕੇ ਆਏ ਹਨ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਤੁਸੀਂ ਪੰਜਾਬ ਵਾਸਤੇ ਕੀ ਕੀਤਾ ਹੈ? ਜਾਅਲੀ ਬੀਜ, ਜਾਅਲੀ ਦਵਾਈਆਂ, ਚਿੱਟਾ ਮੱਛਰ। ਸੱਠ ਲੱਖ ਰੁਪਿਆ ਲੈ ਕੇ ਆਉਂਦੇ ਬੰਦੇ ਫਰੀਦਕੋਟ ਫੜ੍ਹੇ ਗਏ। ਕਿੱਥੇ ਚਲੇ ਹੋ ਬਈ, ਆਖਣ ਲੱਗੇ, ਤੋਤੇ ਨੂੰ ਚੋਗਾ ਪਾਉਣ ਚਲੇ ਹਾਂ। ਇਹ ਗੱਲ ਕਲੀਅਰ ਹੈ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ਸਪੀਕਰ ਸਾਹਿਬ, ਜਿਹੜਾ ਹਾਊਸ ਦਾ ਮੈਂਬਰ ਨਹੀਂ ਹੈ, ਉਸ ਦਾ ਨਾਂ ਨਾ ਲਿਆ ਜਾਵੇ ।

**ਮਾਨਯੋਗ ਡਿਪਟੀ ਸਪੀਕਰ :** ਸਰਦਾਰ ਤੋਤਾ ਸਿੰਘ ਜੀ ਹਾਊਸ ਦੇ ਮੈਂਬਰ ਨਹੀਂ ਹਨ ।

**ਸਰਦਾਰ ਬਲਬੀਰ ਸਿੰਘ ਸਿੱਧੂ :** ਡਿਪਟੀ ਸਪੀਕਰ ਸਾਹਿਬ, ਮੈਂ ਤੋਤਾ ਜਾਨਵਰ ਨੂੰ ਕਿਹਾ ਹੈ ।

**ਸਥਾਨਕ ਸਰਕਾਰ ਮੰਤਰੀ (ਸਰਦਾਰ ਨਵਜੋਤ ਸਿੰਘ ਸਿੱਧੂ) (ਬੈਠੇ-ਬੈਠੇ) :** ਸਪੀਕਰ ਸਾਹਿਬ, ਕੋਈ ਚਿੜੀਆ ਸੀ, ਮੈਨਾ ਸੀ ।

**ਸਰਦਾਰ ਬਲਬੀਰ ਸਿੰਘ ਸਿੱਧੂ :** ਡਿਪਟੀ ਸਪੀਕਰ ਸਾਹਿਬ, ਜੇ ਇਨ੍ਹਾਂ ਨੂੰ ਕੋਈ ਗੱਲ ਹਰਟ ਹੋਈ ਹੈ ਤਾਂ ਸੌਰੀ। ਮੈਂ ਤੋਤਾ ਕਿਹਾ ਹੈ, ਤੋਤਾ ਸਿੰਘ ਨਹੀਂ ਕਿਹਾ। ਕਿਸਾਨਾਂ ਦਾ ਕਰਜ਼ਾ ਮਾਫ ਕਰਨ ਦੀ ਗੱਲ ਤਾਂ ਬਹੁਤ ਦੂਰ, ਐਨ.ਡੀ.ਏ. ਦੀ ਸਰਕਾਰ ਹੋਣ ਦੇ ਬਾਵਜੂਦ ਸਰਦਾਰ ਪਰਕਾਸ਼ ਸਿੰਘ ਬਾਦਲ ਉਨ੍ਹਾਂ ਦੇ ਰਾਜ ਦੌਰਾਨ ਮੁੱਖ ਮੰਤਰੀ ਰਹੇ ਪਰ ਇੱਕ ਰੁਪਿਆ ਵੀ ਪੰਜਾਬ ਵਾਸਤੇ ਕੋਈ ਨਹੀਂ ਲਿਆ ਸਕੇ। ਵੱਡਾ ਗੁਲਦਸਤਾ ਲੈ ਕੇ ਜਾਣਾ ਪਰ ਮੋਦੀ ਸਾਹਿਬ ਮਿਲਦੇ ਹੀ ਨਹੀਂ ਸਨ, ਪੀ.ਐਮ. ਸਾਹਿਬ ਮਿਲਦੇ ਹੀ ਨਹੀਂ ਸਨ। ਇਸ ਦੇ ਉਲਟ ਜਿੰਨੀ ਵਾਰ ਡਾ. ਮਨਮੋਹਨ ਸਿੰਘ ਕੋਲ ਗਏ, ਝੋਲਾ ਭਰ ਕੇ ਲੈ ਕੇ ਆਉਂਦੇ ਰਹੇ ਪਰ ਹੁਣ ਤਾਂ ਟਰੱਕਾਂ ਨੂੰ ਉਡੀਕਦੇ ਹੀ ਰਹੇ। 2014 ਤੋਂ ਬਾਅਦ ਟਰੱਕਾਂ ਦੀ ਉਡੀਕ ਵਿੱਚ ਸਾਡੇ ਬਜ਼ੁਰਗਾਂ ਦੀਆਂ ਅੱਖਾਂ ਹੀ ਖਰਾਬ ਹੋ ਗਈਆਂ। ਬਾਦਲ ਸਾਹਿਬ ਢਿੱਲ੍ਹੇ ਪਏ ਹਨ ਕਿ ਟਰੱਕ ਤਾਂ ਕੋਈ ਆਉਣਾ ਨਹੀਂ ਤੇ ਮਾੜੇ ਬੀਜਾਂ, ਮਾੜੇ ਦਵਾਈਆਂ ਔਰ ਕੁਦਰਤ ਦੇ ਮਾੜੇ ਮਾਹੌਲ ਨੇ ਕਿਸਾਨੀ ਦਾ ਲੱਕ ਤੋੜ ਕੇ ਰੱਖ ਦਿੱਤਾ। ਇਸ ਤੋਂ ਵੱਡੀ ਗੱਲ, ਸੈਂਟਰ ਦੇ

[ ਸਰਦਾਰ ਬਲਬੀਰ ਸਿੰਘ ਸਿੱਧੂ ]

ਫਾਇਨਾਂਸ ਮਨਿਸਟਰ ਜੇਤਲੀ ਸਾਹਿਬ ਦਾ ਬਿਆਨ ਆਇਆ। ਉਨ੍ਹਾਂ ਨੇ ਭਾਜਪਾ ਸਰਕਾਰ ਦੇ ਕਿਸਾਨਾਂ ਪ੍ਰਤੀ ਮੋਹ ਨੂੰ ਉਘਾੜ ਕੇ ਰੱਖ ਦਿੱਤਾ ਹੈ ਕਿ ਸਾਡੇ ਕੋਲ ਕੋਈ ਪੈਸਾ ਨਹੀਂ। ਅਸੀਂ ਕਰਜ਼ਾ ਮਾਫ ਨਹੀਂ ਕਰ ਸਕਦੇ। ਇਹ ਸਟੇਟਾਂ ਆਪਣੇ ਲੈਵਲ ਤੇ ਕਰਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਡਾ. ਮਨਮੋਹਨ ਸਿੰਘ ਨੇ ਕਰਜ਼ਾ ਵੀ ਮਾਫ ਕੀਤਾ ਸੀ, ਐਮ.ਐਸ.ਪੀ. ਵੀ ਦੁਗਣੀ ਕੀਤੀ ਸੀ ਔਰ ਅੱਜ ਹਰ ਸਾਇੰਟਿਸਟ, ਖੇਤੀ ਵਿਗਿਆਨੀ ਨੇ ਕਿਹਾ ਹੈ ਕਿ ਜੇ ਖੇਤੀ ਨੂੰ ਬਚਾਉਣਾ ਹੈ ਤਾਂ ਸਾਨੂੰ ਲਾਗਤ ਤੇ ਕੀਮਤ ਦਾ ਪਾੜ੍ਹਾ ਘਟਾ ਕੇ 50% ਮੁਨਾਫਾ ਹੋਣਾ ਚਾਹੀਦਾ ਹੈ। ਜਿਹੜੇ ਇਹ ਝੂਠੇ ਧਰਨੇ ਲਗਾ ਰਹੇ ਹਨ, ਭਾਵੇਂ ਇੱਥੇ ਲਗਾ ਰਹੇ ਹਨ ਜਾਂ ਡਿਸਟ੍ਰਿਕਟਾਂ ਵਿੱਚ ਲਗਾ ਰਹੇ ਹਨ, ਇਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇੱਥੇ ਧਰਨਾ ਲਗਾਉਣ ਦਾ ਕੋਈ ਫਾਇਦਾ ਨਹੀਂ, ਇਹ ਧਰਨਾ ਦਿੱਲੀ ਜਾ ਕੇ ਲਗਾਉਣ। ਇੱਥੇ ਲਗਾਉਣ ਦੀ ਜ਼ਰੂਰਤ ਨਹੀਂ ਤਾਂ ਕਿ ਪਤਾ ਲੱਗੇ ਕਿ ਪੰਜਾਬ ਵਾਸਤੇ ਕੁਝ ਮਿਲਦਾ ਹੈ ਜਾਂ ਨਹੀਂ। ਸਾਡੇ ਸੀ.ਐਮ. ਸਾਹਿਬ ਨੇ ਕਿਹਾ ਹੈ ਕਿ ਮੈਨੂੰ ਕਿਸੇ ਦੀ ਕੋਈ ਪਰਵਾਹ ਨਹੀਂ। ਮੈਂ ਕਰਜ਼ਾ ਮਾਫ ਕਰਨ ਲਈ ਵਾਅਦਾ ਕੀਤਾ ਹੈ ਅਤੇ ਉਹ ਕਰਕੇ ਦਿਖਾਉਣਗੇ। (ਥੰਪਿੰਗ) ਤੁਸੀਂ ਪ੍ਰੋਕਿਓਰਮੈਂਟ ਦੀ ਗੱਲ ਕੀਤੀ ਹੈ। ਅੱਜ ਕੈਪਟਨ ਸਾਹਿਬ ਨੂੰ ਲੋਕਾਂ ਨੇ ਕਿਉਂ ਵੋਟਾਂ ਪਾਈਆਂ। 2002 ਤੋਂ 2007 ਤੱਕ ਦਸ ਫਸਲਾਂ ਚੁੱਕੀਆਂ। ਇੱਕ ਵੀ ਕਿਸਾਨ ਨੇ ਮੰਡੀ ਵਿੱਚ ਰਾਤ ਨਹੀਂ ਕੱਟੀ। ਅੱਠ ਘੰਟੇ ਪਾਵਰ ਦੇਣ ਬਾਰੇ ਕਿਹਾ ਸੀ ਤੇ ਲੋਕ ਘੜੀ ਬੰਨਣੀ ਭੁੱਲ ਗਏ ਸਨ। ਅੱਠ ਘੰਟੇ ਪਾਵਰ ਦਿੱਤੀ। ਕੱਲ੍ਹ ਤੁਸੀਂ ਦੇਖੋ। ਕੱਲ੍ਹ ਪਹਿਲਾ ਦਿਨ ਸੀ ਤੇ ਸਾਰੀਆਂ ਅਖਬਾਰਾਂ ਨੇ ਲਿਖਿਆ ਹੈ ਕਿ ਅੱਠ ਘੰਟੇ ਲਾਈਟ ਮਿਲੀ ਹੈ। ਤੁਹਾਡੇ ਰਾਜ ਵਿੱਚ ਕੀ ਹੋਇਆ ਸੀ? ਛੇ ਘੰਟੇ ਤੋਂ ਵੱਧ ਪਾਵਰ ਨਹੀਂ ਮਿਲੀ। ਅੱਠ ਘੰਟੇ ਦੀ ਜਗ੍ਹਾ ਛੇ ਘੰਟੇ ਮਿਲਦੀ ਰਹੀ ਜਿਹੜਾ ਲੋਕਾਂ ਨਾਲ ਬਹੁਤ ਵੱਡਾ ਧੋਖਾ ਸੀ। ਮੈਨੂੰ ਇਹ ਸਮਝ ਨਹੀਂ ਆਉਂਦੀ ਕਿ ਜਦੋਂ ਕੈਪਟਨ ਸਾਹਿਬ ਦੀ ਸਰਕਾਰ ਆਉਂਦੀ ਹੈ, ਵਧੀਆ ਬੀਜ ਕਿੱਥੋਂ ਆ ਜਾਂਦੇ ਹਨ ਤੇ ਵਧੀਆ ਦਵਾਈਆਂ ਕਿੱਥੋਂ ਆ ਜਾਂਦੀਆਂ ਹਨ । ਜਦੋਂ ਇਹ ਆਉਂਦੇ ਹਨ, ** ** ਸਭ ਕੁਝ ਜਾਅਲੀ ਨਾਲ ਹੀ ਲੈ ਆਉਂਦੇ ਹਨ। ਪੰਜਾਬ ਦਾ ਭੱਠਾ ਬਿਠਾ ਕੇ ਤੁਰ ਜਾਂਦੇ ਹਨ। ਜਿੰਨੀ ਵਾਰ ਮੁੱਖ ਮੰਤਰੀ ਸਰਦਾਰ ਪਰਕਾਸ਼ ਸਿੰਘ ਬਾਦਲ ਰਹੇ ਹਨ, ਉਨੀ ਵਾਰ ਪੰਜਾਬ ਦਾ ਭੱਠਾ ਬੈਠਾ ਹੈ। ਸਾਲ 1970 ਤੋਂ ਦੇਖ ਲਓ। ਅੱਜ ਤੱਕ ਇੱਕ ਵਾਰੀ ਕੋਈ ਚੰਗਾ ਕੰਮ ਇਸ ਪਿਛਲੀ ਸਰਕਾਰ ਨੇ ਕੀਤਾ ਹੈ ਜਾਂ ਕਦੀ ਪੰਜਾਬ ਦਾ ਭਲਾ ਕੀਤਾ ਹੋਵੇ ਪਰ ਜਦੋਂ ਵੀ ਪੰਜਾਬ ਵਿੱਚ ਕਾਂਗਰਸ ਦੀਆਂ ਸਰਕਾਰਾਂ ਬਣੀਆਂ ਹਨ, ਸਰਦਾਰ ਪਰਤਾਪ ਸਿੰਘ ਕੈਰੋਂ ਦੀ ਸਰਕਾਰ ਬਣੀ। ਸਰਦਾਰ ਪਰਤਾਪ ਸਿੰਘ ਕੈਰੋਂ ਜਾਣੇ ਜਾਂਦੇ ਹਨ ਕਿ ਉਨ੍ਹਾਂ ਨੇ ਪੀ.ਜੀ.ਆਈ. ਬਣਾਇਆ, ਚੰਡੀਗੜ੍ਹ ਬਣਾਇਆ, ਪੀ.ਏ.ਯੂ. ਬਣਾਈ, ਭਾਖੜਾ ਡੈਮ ਬਣਿਆ। ਉਸ ਤੋਂ ਬਾਅਦ ਲਛਮਣ ਸਿੰਘ ਗਿੱਲ ਕੁਝ ਮਹੀਨੇ ਰਹੇ ਪਰ ਕੁਝ ਮਹੀਨਿਆਂ ਵਿੱਚ ਜੋ ਉਨ੍ਹਾਂ ਨੇ ਕੀਤਾ, ਲੋਕ ਉਨ੍ਹਾਂ ਨੂੰ ਯਾਦ ਕਰਦੇ

** Expunged as ordered by the Chair.

ਹਨ। ਉਨ੍ਹਾਂ ਨੇ ਲਿੰਕ ਸੜਕਾਂ ਦਾ ਜਾਲ ਵਿਛਾਇਆ।

**ਮਾਨਯੋਗ ਡਿਪਟੀ ਸਪੀਕਰ :** ** ਲਫਜ਼ ਨੂੰ ਐਕਸਪੰਜ ਕਰ ਦਿਓ।

**ਸਰਦਾਰ ਬਲਬੀਰ ਸਿੰਘ ਸਿੱਧੂ :** ਠੀਕ ਹੈ ਜੀ। ਉਸ ਤੋਂ ਬਾਅਦ ਗਿਆਨੀ ਜ਼ੈਲ ਸਿੰਘ ਆਏ, ਉਨ੍ਹਾਂ ਨੇ ਮੋਹਾਲੀ ਸ਼ਹਿਰ ਵਸਾਇਆ। ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਮਾਰਗ ਬਣਾਇਆ। ਉਸ ਤੋਂ ਬਾਅਦ ਸਰਦਾਰ ਬੇਅੰਤ ਸਿੰਘ ਆਏ, ਪੰਜਾਬ ਵਿੱਚ ਅਮਨ ਤੇ ਸ਼ਾਂਤੀ ਆਈ। ਆਹ ਜਿਹੜੇ ਮੇਰੇ ਸਾਹਮਣੇ ਵੀਰ ਬੈਠੇ ਹਨ, ਸ਼ਾਇਦ ਅੱਜ ਪੰਜਾਬ ਵਿਚ ਕੁਝ ਹੋਰ ਹੀ ਹੁੰਦਾ ਜੇ ਉਹ ਨਾ ਹੁੰਦੇ। ਪਰਸੋਂ ਇਹ ਕੇ.ਪੀ.ਐਸ. ਗਿੱਲ ਦੇ ਨਾਮ ਤੇ ਰੌਲਾ ਪਾਉਂਦੇ ਸੀ। ਉਦੋਂ ਕੇ.ਪੀ.ਐਸ. ਗਿੱਲ ਕੋਲੋਂ ਸਿਕਿਓਰਟੀ ਮੰਗਣ ਲਈ ਸਭ ਤੋਂ ਪਹਿਲਾਂ ਇਹ ਖੜ੍ਹੇ ਹੁੰਦੇ ਸੀ ਕਿ ਸਾਨੂੰ ਸਿਕਿਓਰਟੀ ਦਿਓ ਜੀ। ਇਹ ਤਾਂ ਉਦੋਂ ਪੰਜਾਬ ਛੱਡ ਕੇ ਭੱਜ ਗਏ ਸੀ, ਇਲੈਕਸ਼ਨ ਲੜਨ ਤੋਂ ਭੱਜ ਗਏ ਸੀ ਪਰ ਪੰਜਾਬ ਨੂੰ ਮੁੜਕੇ ਸਟਰੀਮਲਾਈਨ ਕਰਨ ਵਾਸਤੇ, ਡੈਮੋਕਰੇਸੀ ਨੂੰ ਬਹਾਲ ਕਰਾਉਣ ਵਾਸਤੇ ਉਨ੍ਹਾਂ ਨੇ ਆਪਣੀ ਜਾਨ ਦੀ ਪਰਵਾਹ ਨਹੀਂ ਕੀਤੀ, ਪੰਜਾਬ ਨੂੰ ਅਮਨ ਅਤੇ ਸ਼ਾਂਤੀ ਲੈ ਕੇ ਦਿੱਤੀ। (ਥੰਪਿੰਗ) ਜੇ ਕੈਪਟਨ ਅਮਰਿੰਦਰ ਸਿੰਘ ਆਏ, ਮੁੱਖ ਮੰਤਰੀ ਬਣੇ ਤਾਂ ਪੰਜਾਬ ਦੇ ਵਿੱਚ ਬਹੁਤ ਵੱਡਾ ਰੈਵੋਲਿਊਸ਼ਨ ਆਇਆ। ਆਹ ਜਿਹੜਾ ਮੇਰਾ ਇਲਾਕਾ ਹੈ, ਜਿੰਨਾ ਸਰਾਊਂਡਿੰਗ ਏਰੀਆ ਹੈ, ਪੂਰੇ ਪੰਜਾਬ ਵਿੱਚ ਲੋਕਾਂ ਕੋਲ ਖੁਸ਼ਹਾਲੀ ਸੀ। ਹਰ ਇੱਕ ਕਿਸਾਨ ਦੀ ਜੇਬ ਵਿੱਚ, ਗਰੀਬ ਤੋਂ ਗਰੀਬ ਬੰਦਾ ਵੀ ਸ਼ਾਮ ਨੂੰ ਹਜ਼ਾਰ ਦਾ ਨੋਟ ਜੇਬ ਵਿੱਚ ਪਾ ਕੇ ਸੌਂਦਾ ਸੀ। ਜਿਸ ਦਿਨ ਦੇ ਇਹ ਆਏ ਹਨ, ਪੰਜਾਬ ਦਾ ਭੱਠਾ ਗੁੱਲ ਕਰ ਦਿੱਤਾ, ਪੰਜਾਬ ਵਿੱਚ ਹਜ਼ਾਰਾਂ ਖੁਦਕੁਸ਼ੀਆਂ ਹੋਈਆਂ, ਨਸ਼ੇ, ਗੈਂਗਸਟਰ, ਮੈਂ ਕਿਹੜੀ ਕਿਹੜੀ ਗੱਲ ਕਰਾਂ, ਜੋ ਇਨ੍ਹਾਂ ਨੇ ਪੰਜਾਬ ਦੇ ਲੋਕਾਂ ਨਾਲ ਕੀਤਾ ਹੈ। ਪੰਜਾਬ ਦੇ ਲੋਕਾਂ ਨੇ ਇਸ ਗੱਲ ਦਾ ਰਿਜ਼ਲਟ ਵੀ ਦਿੱਤਾ ਕਿ ਅੱਜ 77 ਸੀਟਾਂ ਜਿੱਤ ਕੇ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਬਣੀ ਹੈ। (ਘੰਟੀ) ਇਹ ਕੈਪਟਨ ਅਮਰਿੰਦਰ ਸਿੰਘ ਦੀਆਂ ਨੀਤੀਆਂ ਕਰਕੇ ਬਣੀ ਹੈ। ਮੇਰੇ ਲਾਸਟ ਦੋ ਪੈਰ੍ਹੇ ਰਹਿ ਗਏ ਹਨ ਜੀ। ਸਰਕਾਰੀ ਦਫਤਰ ਦਸ ਸਾਲ ਲਗਾਤਾਰ, ਚਾਹੇ ਉਹ ਤਹਿਸੀਲ ਹੋਵੇ, ਚਾਹੇ ਥਾਣੇ ਹੋਣ, ਇਹ ਭ੍ਰਿਸ਼ਟਾਚਾਰ ਦਾ ਅੱਡਾ ਬਣੇ ਰਹੇ। ਥਾਣਿਆਂ ਨੂੰ ਐਸ.ਐਚ.ਓ. ਨਹੀਂ, ਥਾਣਿਆਂ ਨੂੰ ਕੌਣ ਚਲਾਉਂਦਾ ਸੀ, ਜਥੇਦਾਰ, ਹਲਕਾ ਇਨਚਾਰਜ। ਕਿੰਨੇ ਝੂਠੇ ਪਰਚੇ ਹੋਏ ਅਤੇ ਕਿੰਨੇ ਲੋਕ ਬੇਗੁਨਾਹ ਅੰਦਰ ਹੋਏ, ਉਨ੍ਹਾਂ ਲੋਕਾਂ ਨੇ 2017 ਵਿੱਚ ਆਪਣਾ ਗੁਬਾਰ ਕੱਢਿਆ ਹੈ। ਇਨ੍ਹਾਂ ਨੂੰ ਭਜਾਇਆ ਹੈ। ਅੱਗੇ ਜੀ ਇਨ੍ਹਾਂ ਨੇ ਕਿਹਾ ਸੀ ਕਿ ਅਸੀਂ ਦਸ ਲੱਖ ਨੌਕਰੀਆਂ ਦੇਵਾਂਗੇ, ਹਰ ਸਾਲ ਦੋ ਲੱਖ ਨੌਕਰੀ ਦੇਵਾਂਗੇ .....

**ਸਰਦਾਰ ਲਖਬੀਰ ਸਿੰਘ ਲੋਧੀਨੰਗਲ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

---

** Expunged as ordered by the Chair.

**ਸਰਦਾਰ ਬਲਬੀਰ ਸਿੰਘ ਸਿੱਧੂ :** ਅਕਾਲੀ ਸਰਕਾਰ ਨੇ ਸਾਢੇ ਨੌਂ ਸਾਲ ਭਰਤੀ ਬੰਦ ਰੱਖੀ।

**ਮਾਨਯੋਗ ਡਿਪਟੀ ਸਪੀਕਰ :** ਹਾਂ ਜੀ, ਲੋਧੀਨੰਗਲ ਜੀ।

**ਸਰਦਾਰ ਲਖਬੀਰ ਸਿੰਘ ਲੋਧੀਨੰਗਲ :** ** **

**ਮਾਨਯੋਗ ਡਿਪਟੀ ਸਪੀਕਰ :** ਲੋਧੀਨੰਗਲ ਜੀ, ਤੁਹਾਨੂੰ ਵੀ ਅਤੇ ਤੁਹਾਡੀ ਪਾਰਟੀ ਨੂੰ ਵੀ ਟਾਈਮ ਮਿਲਣਾ ਹੈ, ਤੁਸੀਂ ਉਸ ਦੇ ਵਿੱਚ ਜੋ ਤੁਹਾਡੇ ਮਨ ਦੇ ਗੁਬਾਰ ਹਨ, ਉਹ ਕੱਢ ਲੈਣਾ।

**ਸਰਦਾਰ ਲਖਬੀਰ ਸਿੰਘ ਲੋਧੀਨੰਗਲ :** ** **

**ਮਾਨਯੋਗ ਡਿਪਟੀ ਸਪੀਕਰ :** ਪਲੀਜ਼, ਇਨ੍ਹਾਂ ਦਾ ਟਾਈਮ ਨਾ ਖਰਾਬ ਕਰੋ।..... ਤੁਸੀਂ ਖੁਲ੍ਹ ਕੇ ਕਰਿਓ।

**ਸਰਦਾਰ ਲਖਬੀਰ ਸਿੰਘ ਲੋਧੀਨੰਗਲ :** ** **

**ਮਾਨਯੋਗ ਡਿਪਟੀ ਸਪੀਕਰ :** ਲੋਧੀਨੰਗਲ ਜੀ, ਪਲੀਜ਼। This is no Point of Order.

**ਸਰਦਾਰ ਨਵਤੇਜ ਸਿੰਘ ਚੀਮਾ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

**Mr. Deputy Speaker :** This is no Point of Order. Let him complete.

**ਸਰਦਾਰ ਬਲਬੀਰ ਸਿੰਘ ਸਿੱਧੂ :** ਡਿਪਟੀ ਸਪੀਕਰ ਸਾਹਿਬ, ਪਹਿਲਾਂ ਇਨ੍ਹਾਂ ਨੂੰ ਯਾਦ ਨਹੀਂ ਆਇਆ। ਜਦੋਂ ਲਾਸਟ ਈਅਰ ਆਇਆ, ਜਦੋਂ ਇਲੈਕਸ਼ਨਾਂ ਦੇ ਵਿੱਚ 6 ਮਹੀਨੇ ਰਹਿ ਗਏ ਤਾਂ ਕਿਹਾ ਕਿ 27,000 ਬੰਦਾ ਪੱਕਾ ਕੀਤਾ ਜਾਵੇਗਾ। ਪੱਕੇ ਕੌਣ ਕੀਤੇ ਗਏ, ਜਿਨ੍ਹਾਂ ਨੇ ਇਨ੍ਹਾਂ ਦੀਆਂ ਜੇਬਾਂ ਭਰੀਆਂ। ਜੋ ਵਿਅਕਤੀ ਡਿਜ਼ਰਵ ਕਰਦੇ ਸੀ, ਉਨ੍ਹਾਂ ਨੂੰ ਇਗਨੋਰ ਕੀਤਾ ਗਿਆ। ਉਸ ਤੋਂ ਬਾਅਦ ਬਹੁਤ ਸਾਰੇ ਮੁਲਾਜ਼ਮ, ਜਿਹੜੇ ਲੰਬੇ ਸਮੇਂ ਤੋਂ ਕੰਟਰੈਕਟ ਬੇਸਿਜ਼ ਤੇ, ਐਡਹੌਕ ਬੇਸਿਜ਼ ਤੇ, ਡੇਅਲੀ ਬੇਸਿਜ਼ ਤੇ ਇਸ ਆਸ ਨਾਲ ਲੱਗੇ ਹੋਏ ਸੀ ਕਿ ਪੱਕੇ ਕਰ ਦੇਣਗੇ, ਸਾਡਾ ਕੰਮ ਬਣ ਜਾਵੇਗਾ। ਉਨ੍ਹਾਂ ਸਾਰਿਆਂ ਨੂੰ ਬਜਾਏ ਨੌਕਰੀ ਦੇ ਡਾਂਗਾਂ ਮਿਲੀਆਂ ਔਰ ਉਨ੍ਹਾਂ ਨੂੰ ਛੱਲੀਆਂ ਵਾਂਗੂੰ ਕੁੱਟਦੇ ਰਹੇ। ਬਹੁਤ ਸਾਰੇ ਵਿਚਾਰੇ ਟੈਂਕੀਆਂ ਦੇ ਉਤੇ ਚੜ੍ਹੇ, ਆਤਮਦਾਹ ਕੀਤਾ ਪਰ ਇਨ੍ਹਾਂ ਲੋਕਾਂ ਨੂੰ ਉਨ੍ਹਾਂ ਦੇ ਉਤੇ ਕੋਈ ਤਰਸ ਨਹੀਂ ਆਇਆ। ਦੂਜੀ ਗੱਲ ਜਿਹੜੇ ਪੈਨਸ਼ਨਰ ਹਨ, ਬੁਢਾਪਾ ਪੈਨਸ਼ਨ ਬਾਰੇ ਆਖਿਆ ਗਿਆ ਕਿ 800/- ਰੁਪਿਆ ਮਹੀਨੇ ਦਾ ਦਿਆਂਗੇ, 1000/- ਰੁਪਿਆ ਦਿਆਂਗੇ ਤੇ ਲਾਸਟ ਵਿਚ 500/-ਰੁਪਿਆ ਦੇਣ ਲੱਗੇ। ਨਵੰਬਰ ਤੋਂ ਬਾਅਦ ਉਨ੍ਹਾਂ ਨੂੰ ਪੈਨਸ਼ਨ ਹੀ ਨਹੀਂ ਮਿਲੀ, 31 ਮਾਰਚ ਤੋਂ ਬਾਅਦ ਕੋਈ ਪੈਨਸ਼ਨ ਨਹੀਂ ਮਿਲੀ। ਸਾਡੇ ਮੰਤਰੀ ਸਾਹਿਬ ਬੈਠੇ ਹਨ, ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਹੁਣ ਬਜਟ ਵਿਚ ਪ੍ਰੋਵੀਜ਼ਨ ਰੱਖ ਕੇ ਲੋਕਾਂ ਨੂੰ ਸਹੀ ਰਸਤੇ ਤੇ ਪਾਵਾਂਗੇ ਪਰ ਇਨ੍ਹਾਂ ਕੋਲੋਂ ਕੋਈ ਆਸ ਨਹੀਂ ਰੱਖੀ ਜਾ ਸਕਦੀ ਸੀ। ਅਗਲੀ ਗੱਲ ਜਿੰਨੇ

** Expunged as ordered by the Chair.

ਬੋਰਡ ਕਾਰਪੋਰੇਸ਼ਨਾਂ ਸਨ, ਉਨ੍ਹਾਂ ਸਾਰਿਆਂ ਤੇ ਆਪਣੇ ਚਹੇਤਿਆਂ ਨੂੰ ਚੇਅਰਮੈਨ ਲਗਾ ਕੇ, ਡਾਇਰੈਕਟਰ ਬਣਾ ਕੇ ਪੰਜਾਬ ਦੀ ਅਰਥ ਵਿਵਸਥਾ ਦਾ ਬੁਰੀ ਤਰ੍ਹਾਂ ਘਾਣ ਕੀਤਾ, ਜਿਸ ਦੀ ਆਊਟ ਪੁੱਟ ਬਿਲਕੁਲ ਜ਼ੀਰੋ ਸੀ ਔਰ ਉਨ੍ਹਾਂ ਦਾ ਡਿਵੈਲਪਮੈਂਟ ਵਿੱਚ ਕੋਈ ਰੋਲ ਨਹੀਂ ਸੀ, ਸਿਰਫ ਇਥੋਂ ਤੱਕ ਸੀਮਤ ਸੀ ਕਿ ਤੁਸੀਂ ਲੋਕ ਆਪਣਾ ਇਨਜੁਆਇ ਕਰੋ ਤੇ ਵੋਟਾਂ ਪੱਕੀਆਂ ਕਰੋ। ਜਾਣ ਲੱਗੇ ਪਤਾ ਸੀ ਕਿ ਸੂਰਜ ਛੁੱਪਣ ਵਾਲਾ ਹੈ, ਉਨ੍ਹਾਂ ਨੂੰ ਪਤਾ ਸੀ ਕਿ ਅਗਾਂਹ ਨੂੰ ਅਸੀਂ ਆਉਣਾ ਨਹੀਂ ਤੇ ਅਗਲੀ ਸਰਕਾਰ ਦੇ ਅੱਗੇ ਕੰਡੇ ਬੀਜ ਕੇ ਜਾਈਏ, ਇਹ ਕਰੋੜਾਂ ਰੁਪਿਆ, ਅਰਬਾਂ ਰੁਪਿਆ ਪੰਜਾਬ ਦਾ ਆਪਣੇ ਚਹੇਤਿਆਂ ਨੂੰ ਵੰਡ ਕੇ ਚਲੇ ਗਏ। ਸਰਦਾਰ ਮਨਪ੍ਰੀਤ ਸਿੰਘ ਜੀ ਤੁਸੀਂ ਆ ਕੇ ਥੋੜ੍ਹਾ ਸਟਾਪ ਲਗਾਇਆ ਹੈ ਪਰ ਮਨਪ੍ਰੀਤ ਜੀ ਤੁਸੀਂ ਇਸ ਗੱਲ ਦੀ ਇਨਕੁਆਰੀ ਕਰਵਾਉ ਕਿ ਜਿਹੜੇ ਲਾਸਟ ਡੇਟਸ ਵਿੱਚ ਪੰਚਾਇਤਾਂ ਦੇ ਚੈਕ ਕੱਟੇ ਹਨ, ਉਹ ਚੈੱਕ ਅਜੇ ਕਿਤੇ ਯੂਟੇਲਾਈਜ਼ ਨਹੀਂ ਹੋਏ। ਉਹ ਸਾਰਾ ਟੋਟਲ ਪੈਸਾ ਉਨ੍ਹਾਂ ਦੀ ਜੇਬਾਂ ਦੇ ਵਿੱਚ ਹੈ, ਚਾਹੇ ਉਹ ਸਰਪੰਚ ਦੇ ਕੋਲ ਹੋਵੇ, ਚਾਹੇ ਉਹ ਸੈਕਟਰੀ ਦੇ ਕੋਲ ਹੋਵੇ, ਚਾਹੇ ਬੀ.ਡੀ.ਪੀ.ਓ. ਦੇ ਕੋਲ ਹੋਵੇ ਜਾਂ ਡੀ.ਡੀ.ਪੀ.ਓ. ਦੇ ਕੋਲ ਹੋਵੇ, ਉਹ ਪੈਸਾ ਰਿਕਵਰ ਕਰਵਾਉ। ਕਹਿੰਦੇ ਹਨ ਕਿ ਪਿਛਲੀਆਂ ਡੇਟਾਂ ਵਿਚ ਪੰਜਾਬ ਵਿੱਚ ਕੋਈ 17,000 ਕਰੋੜ ਰੁਪਿਆ ਵੰਡਿਆ ਗਿਆ ਹੈ। ਜੇਕਰ ਤੁਸੀਂ ਉਹ 17,000 ਕਰੋੜ ਰੁਪਿਆ ਰਿਕਵਰ ਕਰ ਲਵੋਗੇ ਤਾਂ ਇਸ ਵਿਚੋਂ ਆਪਣੇ ਕੋਲ ਅੱਧਾ ਤਾਂ ਪੈਸਾ ਆ ਸਕਦਾ ਹੈ। ਕੱਲ੍ਹ ਹੀ ਮੇਰੇ ਕੋਲ ਇੱਕ ਪੰਚਾਇਤ ਵਾਲੇ ਆਏ ਸੀ ਕਿ ਸਾਡੇ ਸੋਲਾਂ ਲੱਖ ਰੁਪਏ ਦੇ ਚੈੱਕ ਕੱਟੇ ਹੋਏ ਹਨ ਤੇ ਸਾਡੇ ਇੱਕ ਰੁਪਏ ਦਾ ਅੱਜ ਤੱਕ ਮਾਲ ਨਹੀਂ ਆਇਆ। ਇਸ ਲਈ ਇਹ ਸਾਡੇ ਸਾਰਿਆਂ ਲਈ ਜਰੂਰ ਸੋਚਣ ਦੀ ਗੱਲ ਹੈ ਕਿ ਅੱਜ ਜੋ ਪੰਜਾਬ ਸਰਕਾਰ ਦੇ ਸਿਰ ਉਤੇ ਲਗਭਗ ਦੋ ਲੱਖ ਕਰੋੜ ਰੁਪਏ ਦਾ ਕਰਜ਼ਾ ਚੜ੍ਹਿਆ ਹੈ, ਇਹ ਅਸੀਂ ਲਾਹੁਣਾ ਵੀ ਹੈ ਤੇ ਅਗਾਂਹ ਵਾਸਤੇ ਇਨ੍ਹਾਂ ਲੋਕਾਂ ਨੂੰ ਨੇੜੇ ਨਹੀਂ ਲੱਗਣ ਦੇਣਾ। ਇਹ ਅਸੀਂ ਜਰੂਰ ਇੱਕ ਫੈਸਲਾ ਕਰਨਾ ਹੈ।

ਮੈਂ ਮੋਹਾਲੀ ਸ਼ਹਿਰ ਦੀ ਗੱਲ ਕਰਦਾ ਹਾਂ ਕਿ ਸਾਡੇ ਸਾਬਕਾ ਡਿਪਟੀ ਸੀ.ਐਮ.ਸਾਹਿਬ, ਬੜੇ ਵੱਡੇ ਮੁੰਗੇਰੀ ਲਾਲ ਦੇ ਹਸੀਨ ਸੁਪਨੇ ਦਿਖਾਉਂਦੇ ਹਨ। ਉਹ ਕਹਿੰਦੇ ਸੀ ਕਿ ਮੋਹਾਲੀ ਦੇ ਵਿੱਚ ਬਹੁਤ ਵੱਡਾ ਬੱਸ ਸਟੈਂਡ ਬਣੇਗਾ। ਉਸ ਬੱਸ ਸਟੈਂਡ ਦੇ ਉਤੇ ਹੈਲੀਪੈਡ ਵੀ ਹੋਵੇਗਾ, ਫਾਈਵ ਸਟਾਰ ਹੋਟਲ ਵੀ ਹੋਵੇਗਾ ਤੇ ਲੋਕ ਹੈਲੀਕਾਪਟਰ ਤੇ ਆਇਆ ਕਰਨਗੇ ਤੇ ਬੱਸ ਚੜ੍ਹਿਆ ਕਰਨਗੇ। (ਹਾਸਾ) ਮੈਂ ਤਾਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਬੰਦਾ ਬੱਸ ਸਟੈਂਡ ਤੋਂ ਹੈਲੀਕਾਪਟਰ ਵਿਚ ਨਹੀਂ ਚੜ੍ਹਦਾ, ਉਹ ਕਾਰ ਵਿੱਚ ਆਵੇਗਾ ਤੇ ਕਾਰ ਵਿਚ ਹੀ ਜਾਵੇਗਾ। ਉਹ ਪ੍ਰਾਜੈਕਟ ਅੱਗੇ ਦੌੜ ਤੇ ਪਿਛੇ ਚੌੜ ਵਾਲਾ ਹੈ, ਇਹ ਤੁਸੀਂ ਜਾ ਕੇ ਵੇਖ ਲੈਣਾ ਮਨਪ੍ਰੀਤ ਜੀ, ਉਹ ਪਿਛਿਉਂ ਦੋ ਵਾਰੀ ਗਿਰ ਚੁੱਕਿਆ ਹੈ, ਮੂਹਰਲੇ ਪਾਸੇ ਸ਼ੀਸ਼ੇ ਜ਼ਰੂਰ ਲੱਗੇ ਹੋਏ ਹਨ। ਉਥੇ ਬੱਸ ਕੋਈ ਨਹੀਂ ਆਉਂਦੀ। ਜਿਹੜਾ ਮੋਹਾਲੀ ਦਾ ਪੁਰਾਣਾ ਬੱਸ ਅੱਡਾ ਸੀ, ਉਹ ਤਾਂ ਮੋਹਾਲੀ ਦਾ ਸੈਂਟਰ ਸੀ। ਮੈਂ ਇਲੈਕਸ਼ਨ ਰਿਜ਼ਲਟ ਹੋਣ ਤੋਂ ਬਾਅਦ ਸੁੱਖ ਦਾ

[ ਸਰਦਾਰ ਬਲਬੀਰ ਸਿੰਘ ਸਿੱਧੂ ]

ਸਾਹ ਲਿਆ ਕਿਉਂਕਿ ਮੈਂ ਲੋਕਾਂ ਦੇ ਨਾਲ ਵਾਅਦਾ ਕੀਤਾ ਕਿ ਮੈਂ ਪੁਰਾਣਾ ਬੱਸ ਅੱਡਾ ਚਲਾਵਾਂਗਾ। ਮੈਂ ਪਹਿਲਾਂ ਜਾ ਕੇ ਸਾਰੀਆਂ ਬੱਸਾਂ ਉਥੋਂ ਚਲਾਉਣੀਆਂ ਸ਼ੁਰੂ ਕੀਤੀਆਂ ਤੇ ਮੈਂ ਇਸ ਗੱਲ ਤੋਂ ਸੁਰਖਰੂ ਹੋਇਆ ਕਿ ਮੈਂ ਲੋਕਾਂ ਨਾਲ ਕੀਤਾ ਵਾਅਦਾ ਵਫਾ ਕੀਤਾ ਹੈ। ਉਸ ਪ੍ਰਮਾਤਮਾ ਨੇ ਮੇਰੇ ਤੇ ਕਿਰਪਾ ਕੀਤੀ ਹੈ ਤੇ ਇਹ ਮੈਂ ਪੂਰਾ ਕਰਨ ਵਿਚ ਕਾਮਯਾਬ ਹੋਇਆ ਹਾਂ।

ਦੂਸਰਾ, ਇੱਕ ਅਰਬਾਂ ਰੁਪਏ ਦਾ ਪ੍ਰਾਜੈਕਟ ਜਿਹੜਾ ਜ਼ੀਰੋ ਹੋਇਆ ਪਿਆ ਹੈ। ਇੱਕ ਮੰਡੀਕਰਨ ਬੋਰਡ ਦਾ ਉਥੇ ਦਫਤਰ ਬਣਾਇਆ, ਇੱਕ ਏ.ਸੀ. ਗਰੇਨ ਮਾਰਕੀਟ ਬਣਾਈ ਹੈ, ਜਿਸ ਨੂੰ ਬਣਾਈ ਨੂੰ ਚਾਰ-ਪੰਜ ਸਾਲ ਦਾ ਸਮਾਂ ਹੋ ਗਿਆ ਹੈ। ਉਸ ਦੀ ਤਿੰਨ ਵਾਰ ਆਕਸ਼ਨ ਰੱਖੀ ਗਈ, ਤਿੰਨ ਵਾਰ ਹੀ ਕੋਈ ਬੰਦਾ ਉਥੇ ਬੋਲੀ ਦੇਣ ਨਹੀਂ ਆਇਆ। ਏਨਾ ਪੈਸਾ, ਇੰਨੀ ਇਨਵੈਸਟਮੈਂਟ ਕਰਕੇ ਅੱਜ ਉਹ ਸਾਰਾ ਜ਼ੀਰੋ ਹੋਇਆ ਪਿਆ ਹੈ। ਮੈਂ ਤਾਂ ਇਹ ਕਹਿਣਾ ਚਾਹੁੰਦਾ ਹਾਂ ਕਿਉਂਕਿ ਸੀ.ਐਮ.ਸਾਹਿਬ ਚਲੇ ਗਏ ਹਨ, ਉਨ੍ਹਾਂ ਦੇ ਕੋਲ ਇਹ ਮਹਿਕਮਾ ਹੈ, ਇਸ ਦੀ ਰੀਪਲਾਨਿੰਗ ਕਰਕੇ ਜਿਹੜਾ ਉਹ ਪੈਸਾ ਡੰਪ ਹੋਇਆ ਪਿਆ ਹੈ, ਕਮ-ਜ਼-ਕਮ ਉਸ ਨੂੰ ਯੂਟੇਲਾਈਜ਼ ਕਰੀਏ। ਜਿਹੜੇ ਮੋਹਾਲੀ ਦੇ ਗਰੇਨ ਮਾਰਕੀਟ ਦੇ ਅਸਲੀ ਮੈਂਬਰ ਹਨ, ਉਨ੍ਹਾਂ ਨੂੰ ਪਾਸੇ ਕਰ ਦਿੱਤਾ ਗਿਆ ਹੈ ਤੇ ਕਿਹਾ ਕਿ ਅਸੀਂ ਬਾਹਰੋਂ ਵੱਡੀਆਂ ਕੰਪਨੀਆਂ ਲੈ ਕੇ ਆਵਾਂਗੇ। ਸੋ, ਪੰਜ ਸਾਲਾਂ ਵਿੱਚ ਕਿਹੜੀ ਵੱਡੀ ਕੰਪਨੀ ਲਿਆਂਦੀ ਹੈ? ਕੋਈ ਵੱਡੀ ਕੰਪਨੀ ਨਹੀਂ ਆਈ। ਟੋਟਲ ਡਰਾਮੇਬਾਜ਼ੀ। ਇਹ ਜਿਹੜੇ ਡਰੀਮ ਪ੍ਰਾਜੈਕਟ ਸਨ, ਉਹ ਅੱਜ ਖੰਡਰ ਬਣੇ ਪਏ ਹਨ।

ਜੋ ਗਵਰਨਰ ਸਾਹਿਬ ਦਾ ਐਡਰੈਸ ਹੈ, ਮੈਂ ਉਸ ਦੀ ਪੂਰੀ ਤਾਈਦ ਕਰਦਾ ਹਾਂ ਤੇ ਮੈਨੂੰ ਪੂਰੀ ਆਸ ਵੀ ਹੈ ਕਿ ਸਾਡੀ ਸਰਕਾਰ ਨੇ, ਸਾਡੇ ਸੂਬੇ ਦੇ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਜੀ ਨੇ ਲੋਕਾਂ ਨਾਲ ਵਾਅਦੇ ਕੀਤੇ, ਜੋ ਐਡਰੈਸ ਵਿਚ ਅਸੀਂ ਵਾਅਦੇ ਕੀਤੇ ਹਨ, ਉਨ੍ਹਾਂ ਨੂੰ ਵੰਨ ਬਾਇ ਵੰਨ ਕਰਕੇ ਸਾਰਿਆਂ ਨੂੰ ਪੂਰਾ ਕਰਾਂਗੇ।

ਮੈਂ ਧਰਨੇ ਲਗਾਉਣ ਵਾਲੇ ਬੰਦਿਆਂ ਨੂੰ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਧਰਨਾ ਲਗਾਉਣ ਤੋਂ ਪਹਿਲਾਂ, ਨਾਅਰੇ ਮਾਰਨ ਤੋਂ ਪਹਿਲਾਂ ਆਪਣੀ ਮੰਜੀ ਹੇਠਾਂ ਸੋਟਾ ਫੇਰੋ। ਇਹ ਕਹਿੰਦੇ ਕਿ ਰਾਣਾ ਜੀ ਨੇ ਬੜਾ ਗਲਤ ਕੰਮ ਕਰ ਦਿੱਤਾ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਓਪਨ ਬੋਲੀ ਹੈ, ਉਸ ਵਾਸਤੇ ਕੋਈ ਵੀ ਬੰਦਾ ਅਪਲਾਈ ਕਰ ਸਕਦਾ ਹੈ। ਕੀ ਰੇਹੜੀ ਵਾਲੇ ਨੂੰ ਕੋਈ ਹੱਕ ਨਹੀਂ, ਗਰੀਬ ਬੰਦੇ ਨੂੰ ਕੋਈ ਹੱਕ ਨਹੀਂ ਕਿ ਉਹ ਅਪਲਾਈ ਕਰੇ। ਲਾਟਰੀ ਵਾਸਤੇ ਕੋਈ ਵੀ ਅਪਲਾਈ ਕਰ ਸਕਦਾ ਹੈ। ਲਾਟਰੀ ਨਿਕਲਣ ਤੋਂ ਬਾਅਦ 20 ਬੰਦੇ ਪਾਰਟਨਰ ਬਣਦੇ ਹਨ। ਇਸ ਲਈ ਜਿਹੜੀ ਤੁਸੀਂ ਗੱਲ ਕਰਦੇ ਹੋ ਇਸ ਨੂੰ ਕਰਨ ਤੋਂ ਪਹਿਲਾਂ ਆਪਣੀ ਮੰਜੀ ਥੱਲੇ ਸੋਟਾ ਜ਼ਰੂਰ ਫੇਰੋ। ਇੰਨਾ ਕਹਿੰਦਾ ਹੋਇਆ ਮੈਂ ਇਸ ਗਵਰਨਰ ਐਡਰੈੱਸ ਦੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਇਸ ਦੀ ਤਾਈਦ ਕਰਦਾ ਹਾਂ ਕਿ ਇਹ

ਗਵਰਨਰ ਐਡਰੈੱਸ ਬਹੁਤ ਵਧੀਆ ਤਰੀਕੇ ਨਾਲ ਬਣਾਇਆ ਗਿਆ ਸੀ। ਇਸ ਨੂੰ ਹੂ-ਬ-ਹੂ ਲਾਗੂ ਕਰਨ ਨਾਲ ਪੰਜਾਬ ਨੂੰ ਦੁੱਖ ਤਕਲੀਫ਼ਾਂ ਤੋਂ ਨਿਜਾਤ ਮਿਲੇਗੀ, ਪੰਜਾਬ ਖੁਸ਼ਹਾਲ ਹੋਵੇਗਾ। ਬਹੁਤ ਬਹੁਤ ਧੰਨਵਾਦ। ਜੈ ਹਿੰਦ। (ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ)

**ਮਾਨਯੋਗ ਡਿਪਟੀ ਸਪੀਕਰ :** ਆਮ ਆਦਮੀ ਪਾਰਟੀ ਦੇ ਸ਼੍ਰੀ ਅਮਨ ਅਰੋੜਾ ਜੀ। ਇਸ ਪਾਰਟੀ ਦੇ 31 ਮਿੰਟ ਹਨ, ਤੁਹਾਡੀ ਲਿਸਟ ਸਾਡੇ ਕੋਲ ਆਈ ਹੈ। ਤੁਸੀਂ ਇਸ ਹਿਸਾਬ ਨਾਲ ਚੱਲਣਾ ਚਾਹੋਗੇ ਜਾਂ ਜਿਵੇਂ ਤੁਸੀਂ ਪਾਰਟੀ ਵਾਲੇ ਫੈਸਲਾ ਕਰੋਗੇ।

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਉਸੇ ਹਿਸਾਬ ਨਾਲ ਚੱਲਾਂਗੇ ਜੀ ਜੋ ਲਿਸਟ ਆਈ ਹੈ।

**ਸ਼੍ਰੀ ਅਮਨ ਅਰੋੜਾ (ਸੁਨਾਮ) :** ਧੰਨਵਾਦ, ਸਪੀਕਰ ਸਾਹਿਬ। ਥੋੜ੍ਹੀ ਜਿਹੀ ਡਿਸਅਪੁਆਇੰਟਮੈਂਟ ਜ਼ਰੂਰ ਲੱਗ ਰਹੀ ਹੈ ਕਿ 77 ਵਿਚੋਂ ਬਹੁਤ ਥੋੜ੍ਹੇ ਜਿਹੇ ਸਿਰਫ 17 ਜਣੇ ਹੀ ਟਰੇਜ਼ਰੀ ਬੈਂਚਿਜ਼ ਤੇ ਬੈਠੇ ਹਨ। ਜੇਕਰ ਸੀ.ਐਮ. ਸਾਹਿਬ ਜਾਂ ਬਾਕੀ ਸਾਰੇ ਹੁੰਦੇ ...(ਟਰੇਜ਼ਰੀ ਬੈਂਚਿਜ਼ ਵਲੋਂ ਵਿਘਨ) ਮਾਨਯੋਗ ਸਪੀਕਰ ਸਾਹਿਬ, ਜਿਹੜਾ ਗਵਰਨਰ ਐਡਰੈਸ ਹੈ, ਇਹ ਸਰਕਾਰ ਦੀਆਂ ਕੁਮਿਟਮੈਂਟਸ ਦਾ ਇਕ ਤਰ੍ਹਾਂ ਨਾਲ ਰੋਡ ਮੈਪ ਹੁੰਦਾ ਹੈ।

(**ਇਕ ਅਵਾਜ਼ :** ਡਿਪਟੀ ਸਪੀਕਰ ਬੋਲੋ।)

**Shri Aman Arora :** Sorry , Sir.

**ਸਰਦਾਰ ਹਰਵਿੰਦਰ ਸਿੰਘ ਫੂਲਕਾ (ਬੈਠੇ ਬੈਠੇ) :** ਸਪੀਕਰ ਦੀ ਚੇਅਰ ਤੇ ਹਨ, ਇਸ ਲਈ ਸਪੀਕਰ ਹੀ ਹਨ।

**ਸ਼੍ਰੀ ਅਮਨ ਅਰੋੜਾ :** ਡਿਪਟੀ ਸਪੀਕਰ ਸਾਹਿਬ, ਕਿਸੇ ਵੀ ਇਕਾਨਮੀ ਦਾ ਜਿਹੜਾ ਡਰਾਈਵਰ ਹੁੰਦਾ ਹੈ, ਉਹ ਉਸ ਸਟੇਟ ਦੀ ਇਕਾਨਮੀ ਹੁੰਦੀ ਹੈ। ਇਕਾਨਮੀ ਨੂੰ ਡ੍ਰਾਈਵ ਕਰਨ ਲਈ ਮੇਰੇ ਖਿਆਲ ਵਿੱਚ ਬਿਜ਼ਨਸ ਕਮਿਊਨਿਟੀ ਦਾ ਬਹੁਤ ਵੱਡਾ ਰੋਲ ਹੁੰਦਾ ਹੈ। ਸੋ, ਮੈਂ ਆਪਣੀ ਗੱਲ ਉਸ ਤੱਕ ਹੀ ਸੀਮਤ ਰੱਖਣ ਦੀ ਕੋਸ਼ਿਸ਼ ਕਰਾਂਗਾ। ਸਰ, ਗਵਰਨਰ ਐਡਰੈਸ ਦੇ ਪੁਆਇੰਟ ਨੰ: 33 ਵਿੱਚ ਕਿਹਾ ਗਿਆ ਹੈ ਕਿ 90 ਦਿਨਾਂ ਦੇ ਵਿਚ ਵਿਚ ਨਵੀਂ ਇੰਡਸਟ੍ਰੀਅਲ ਪਾਲਿਸੀ ਰਿਗਾਰਡਿੰਗ ਟੈਕਸਟਾਈਲ ਜਾਂ ਹੋਜ਼ਰੀ, ਹੈਂਡਟੂਲਜ਼, ਲਾਈਟ ਇੰਜੀਨੀਅਰਿੰਗ, ਫਾਰਮਾਸੁਟੀਕਲਜ਼, ਸਾਈਕਲਜ਼, ਗਾਰਮੈਂਟਸ, ਸਪੋਰਟਸ ਗੁੱਡਜ਼, ਆਈ.ਟੀ., ਪੇਪਰ, ਬਾਇਓਟੈਕਨਾਲੋਜੀ, ਸਨਰਾਈਜ਼ ਇੰਡਸਟਰੀ, ਆਵੇਗੀ। ਪਰ sorry to say, ਅੱਜ 92 ਦਿਨ ਹੋ ਗਏ ਹਨ ਅਤੇ ਹਾਲੇ ਤੱਕ ਸਰਕਾਰ ਨੇ ਨਵੀਂ ਪਾਲਿਸੀ ਤਾਂ ਕੀ ਲੈ ਕੇ ਆਉਣੀ ਸੀ, ਇਸ ਵਾਸਤੇ ਹਾਲੇ ਤੱਕ ਮੇਰੇ ਖਿਆਲ ਵਿੱਚ ਇਕ ਸਿੰਗਲ ਮੀਟਿੰਗ ਵੀ ਕਿਤੇ ਕੋਈ ਨਹੀਂ ਕੀਤੀ ਗਈ ਹੈ। ਸੀ. ਐਮ. ਸਾਹਿਬ ਪਿਛਲੇ ਸਮੇਂ ਵਿੱਚ ਨਵੀਂ ਇੰਡਸਟਰੀ ਨੂੰ ਇਨਵਾਈਟ ਕਰਨ ਲਈ ਮੁੰਬਈ ਗਏ, ਅਸੀਂ ਇਸ ਦੀ ਪ੍ਰਸ਼ੰਸਾ ਕਰਦੇ ਹਾਂ,

ਵੈਸੇ ਤਾਂ ਹਰ ਨਵੀਂ ਇੰਡਸਟਰੀ ਨੂੰ ਇਨਵਾਈਟ ਕਰਨਾ ਚਾਹੀਦਾ ਹੈ ਪਰ ਨਾਲ ਹੀ ਇਹ ਸਵਾਲ ਵੀ ਬਣਦਾ ਹੈ ਕਿ ਪੰਜਾਬ ਵਿੱਚ ਪਿਛਲੇ ਸਮੇਂ ਦੇ 15 ਸਾਲਾਂ ਵਿੱਚ ਜਿਹੜੀ 20,000 ਇੰਡਸਟਰੀ ਖਤਮ ਹੋ ਚੁੱਕੀ ਹੈ, ਉਹ ਪਲਾਇਨ ਕਰ ਚੁੱਕੀ ਹੈ, ਉਸ ਬਾਰੇ ਵੀ ਕੁਝ ਕਰੀਏ। ਉਸ ਵਿੱਚ ਜੇ ਗੱਲ ਕਰੀਏ, ਮੰਡੀ ਗੋਬਿੰਦਗੜ੍ਹ ਦੀ, ਬਟਾਲਾ ਦੀ, ਅੰਮ੍ਰਿਤਸਰ ਦੀ, ਲੁਧਿਆਣਾ ਦੀ, ਇੱਥੇ ਸੀ.ਐਮ. ਸਾਹਿਬ ਜਾਂ ਉਨ੍ਹਾਂ ਦੇ ਨੁਮਾਇੰਦੇ ਕਦੋਂ ਤੱਕ ਜਾਣਗੇ ? ਕਦੋਂ ਉਨ੍ਹਾਂ ਇੰਡਸਟਰੀ ਵਾਲਿਆਂ ਦੀ ਸਾਰ ਲੈਣਗੇ? ਜਿਵੇਂ ਲੁਧਿਆਣਾ ਵਿੱਚ ਖੁਰਾਣਾ ਇੰਡਸਟ੍ਰੀਲਿਸਟ ਨੇ ਅਤੇ ਉਨ੍ਹਾਂ ਦੇ ਪਰਿਵਾਰ ਨੇ ਸੁਸਾਈਡ ਕਰ ਲਿਆ, ਇਹ ਉਨ੍ਹਾਂ ਦੀ ਪਿੱਠ ਤੇ ਹੱਥ ਰੱਖਣ ਕਦੋਂ ਜਾਣਗੇ? ਇਸ ਵੱਲ ਮੈਂ ਸਰਕਾਰ ਦਾ ਧਿਆਨ ਤੁਹਾਡੇ ਰਾਹੀਂ ਦਿਵਾਉਣਾ ਚਾਹਾਂਗਾ।

ਸਰ, ਪਿਛਲੇ ਤਿੰਨ ਮਹੀਨਿਆਂ ਵਿੱਚ ਵੈਟ ਦਾ 1000 ਕਰੋੜ ਰੁਪਿਆ ਪੈਂਡਿੰਗ ਪਿਆ ਹੈ ਪਰ ਕੀ ਹਾਲੇ ਤੱਕ ਇਨ੍ਹਾਂ ਨੇ ਇਕ ਨਵਾਂ ਪੈਸਾ ਵੀ ਕਿਸੇ ਦਾ ਰਿਲੀਜ਼ ਕੀਤਾ ਹੈ? ਇੰਡਸਟ੍ਰੀਅਲ ਕਾਰੀਡੋਰ ਅੰਮ੍ਰਿਤਸਰ ਟੂ ਚੰਡੀਗੜ੍ਹ ਦੀ ਗੱਲ ਕੀਤੀ ਗਈ ਹੈ, ਲੈਂਡ ਪਲਾਨ, ਫੋਕਲ ਏਰੀਆ ਵਿੱਚ ਛੋਟੇ ਪਲਾਟਸ ਸਮਾਲ ਇੰਡਸਟ੍ਰੀ ਲਈ ਸੀ.ਐਲ.ਯੂ. ਵੇਵਰ, ਐਡਵਾਂਸ ਟੈਕਸ ਵੇਵਰ, ਇੰਸ਼ੋਰੈਂਸ ਸਕੀਮ, ਐਗਜ਼ੀਬੀਸ਼ਨ ਸੈਂਟਰ, ਐਕਸਪੋਰਟਸ, ਮੁਹਾਲੀ ਸ਼ੈਲਰ ਇੰਡਸਟਰੀ, ਕਾਟਨ ਇੰਡਸਟਰੀ, ਇਸ ਤਰ੍ਹਾਂ ਦੇ ਤਮਾਮ ਵਾਅਦੇ ਮੈਨੀਫੈਸਟੋ ਵਿੱਚ ਕਾਂਗਰਸ ਪਾਰਟੀ ਨੇ ਕੀਤੇ ਹਨ। ਇਨ੍ਹਾਂ ਬਾਰੇ ਸਰਕਾਰ ਵੱਲੋਂ ਕੀ ਕਦਮ ਪੁੱਟੇ ਗਏ, ਇਹ ਪਲੀਜ਼ ਮੇਰੀ ਨਾਲਿਜ ਵਿੱਚ ਇਜ਼ਾਫਾ ਕਰਨ ਤਾਂ ਸਰਕਾਰ ਦੀ ਬੜੀ ਮੇਹਰਬਾਨੀ ਹੋਵੇਗੀ। ਸਰ, ਗਵਰਨਰਜ਼ ਐਡਰੈੱਸ ਵਿੱਚ ਵਾਅਦਾ ਕੀਤਾ ਗਿਆ ਹੈ ਕਿ 100 ਕਰੋੜ ਇੰਡਸਟ੍ਰੀਅਲ ਡਿਵੈਲਪਮੈਂਟ ਵਾਸਤੇ ਪਿਛਲੀਆਂ ਸਰਕਾਰਾਂ ਰੱਖਦੀਆਂ ਰਹੀਆਂ ਹਨ, ਇਸ ਬਜਟ ਵਿੱਚ 1000 ਕਰੋੜ ਰੁਪਿਆ ਰੱਖਿਆ ਜਾਵੇ ਅਤੇ ਪੰਜਾਬ ਦੀ ਇੰਡਸਟਰੀ ਲਈ ਮਾਨਯੋਗ ਵਿੱਤ ਮੰਤਰੀ ਸਾਹਿਬ ਤੋਂ ਉਮੀਦ ਕਰ ਰਹੀ ਹੈ ਕਿ 1000 ਕਰੋੜ ਰੁਪਿਆ ਰਿਜ਼ਰਵ ਰੱਖਿਆ ਜਾਵੇ।

ਸਰ, ਗਵਰਨਰਜ਼ ਐਡਰੈੱਸ ਵਿੱਚ ਪੁਆਇੰਟ ਨੰ: 37 ਵਿੱਚ ਗੱਲ ਕੀਤੀ ਗਈ ਹੈ ਕਿ ਮੇਜਰ ਪਾਵਰ ਰਿਫਾਰਮਜ਼ ਕੀਤੇ ਜਾਣਗੇ। ਵਾਅਦਾ ਕੀਤਾ ਗਿਆ ਸੀ ਕਿ ਆਉਣ ਵਾਲੇ ਪੰਜ ਸਾਲ 5/- ਰੁਪਏ ਪ੍ਰਤੀ ਸਾਲ ਪ੍ਰਤੀ ਯੂਨਿਟ ਇੰਡਸਟਰੀ ਨੂੰ ਫਰੀਜ਼ ਕਰ ਦਿੱਤਾ ਜਾਵੇਗਾ। ਪਰ ਬਦਕਿਸਮਤੀ ਦੀ ਗੱਲ ਇਹ ਹੈ ਕਿ ਇਹ ਘਟਾਉਣਾ ਤਾਂ ਕੀ ਸੀ ਜਿਹੜਾ 8-9 ਰੁਪਿਆ ਇੰਡਸਟਰੀ ਨੂੰ ਮਿਲ ਰਿਹਾ ਹੈ, ਲਾਈਟ ਯੂਜ਼ਰ ਇੰਸੈਂਟਿਵ ਜਿਹੜਾ ਇੰਡਸਟਰੀ ਲਈ ਸੀ, ਉਹ ਵੀ ਖਤਮ ਕਰ ਦਿੱਤਾ ਗਿਆ ਹੈ। ਆਕਟ੍ਰਾਇ ਇਨਫ੍ਰਾਸਟ੍ਰਕਚਰ ਸੈੱਸ ਅਤੇ ਐਕਸਾਈਜ਼ ਡਿਊਟੀਜ਼ ਬਾਦਸਤੂਰ ਜਾਰੀ ਹਨ। ਮੈਨੂੰ ਮਹੀਨਾ ਕੁ ਪਹਿਲਾਂ ਪਾਵਰ ਮਨਿਸਟਰ ਦੀ ਇਕ ਸਟੇਟਮੈਂਟ ਪੜ੍ਹ ਕੇ ਦੁਖ ਹੋਇਆ, ਉਸ ਦੇ ਵਿਚ ਕਿਹਾ ਗਿਆ ਹੈ ਕਿ ਰੈਗੂਲੇਟਰੀ ਕਮਿਸ਼ਨ ਦੀ ਐਡਵਾਈਜ਼ ਨੂੰ ਫਾਲੋ ਕਰਦੇ ਹੋਏ ਸਾਨੂੰ ਪ੍ਰਾਈਸਿਜ਼ ਵਧਾਉਣੀਆਂ ਪੈਣਗੀਆ।

ਸਰ, ਹੁਣ ਮੈਂ ਟਰਾਂਸਪੋਰਟ ਪਾਲਿਸੀ ਤੇ ਗੱਲ ਕਰਦਾ ਹਾਂ। ਫਰੀ ਫੇਅਰ ਟਰਾਂਸਪੋਰਟ ਪਾਲਿਸੀ ਦੀ ਗੱਲ ਕੀਤੀ ਗਈ ਹੈ, ਜਿਸ ਟਰਾਂਸਪੋਰਟ ਮਾਫੀਆ ਦੇ ਬਾਰੇ ਕਾਂਗਰਸ ਪਾਰਟੀ ਵੀ ਪਹਿਲਾਂ ਬਹੁਤ ਰੌਲਾ ਪਾਉਂਦੀ ਰਹੀ ਹੈ ਪਰ ਬਦਕਿਸਮਤੀ ਦੀ ਗੱਲ ਹੈ ਕਿ ਅੱਜ ਤੋਂ ਛੇ ਦਿਨ ਪਹਿਲਾਂ ਪੰਜਾਬ ਵਿੱਚ ਇਕ ਚੈਕਿੰਗ ਹੋਈ ਸੀ, ਜਿਸ ਵਿੱਚ ਇਹ ਪਾਇਆ ਗਿਆ ਕਿ every fourth private bus in Punjab found without permit.,

**ਸਰਦਾਰ ਕੁਸਲਦੀਪ ਸਿੰਘ ਕਿੱਕੀ ਢਿੱਲੋਂ :** ਸਰ, ਮੇਰਾ ਪੁਆਇੰਟ ਆਫ ਆਰਡਰ ਹੈ ਜੀ। ਮੈਂ ਆਪਣੇ ਬਹੁਤ ਹੀ ਲਾਇਕ ਕੁਲੀਗ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ ਟਰਾਂਸਪੋਰਟ ਪਾਲਿਸੀ ਹੈ, ਸੀ.ਐਮ. ਸਾਹਿਬ ਨੇ ਕਿਹਾ ਹੈ ਕਿ ਇਹ ਬਹੁਤ ਹੀ ਜਲਦ ਆ ਰਹੀ ਹੈ। ਇਹ ਹਾਈ ਕੋਰਟ ਦੇ ਆਰਡਰ ਹਨ। ਹਾਈ ਕੋਰਟ ਨੇ ਤਿੰਨ ਆਰਡਰ ਦਿੱਤੇ ਹਨ ....(ਵਿਘਨ........ ਸ਼ੋਰ)

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਮੇਰਾ ਪੁਆਇੰਟ ਆਫ ਆਰਡਰ ਹੈ ਜੀ (ਵਿਘਨ...... ਸ਼ੋਰ)

**ਸਰਦਾਰ ਕੁਸਲਦੀਪ ਸਿੰਘ ਕਿੱਕੀ ਢਿੱਲੋਂ :** ਫੂਲਕਾ ਸਾਹਿਬ, ਤੁਸੀਂ ਵਜ਼ੀਰੀਆਂ ਵੰਡੀਆਂ ਨਹੀਂ ? (ਵਿਘਨ....ਸ਼ੋਰ) ਇਹ ਫਾਈਨਾਂਸ ਮਨਿਸਟਰ ਡੰਮੀ ਸੀ। ਬਾਕੀ ਵੀ ਸਾਰੇ ਡੰਮੀ ਸੀ। (ਵਿਘਨ) ਭਰਾਵੋ, ਸਾਨੂੰ ਤਿੰਨ ਮਹੀਨੇ ਹੀ ਹੋਏ ਹਨ। ਸਾਡਾ ਕੰਮ ਚੱਲਣ ਦਿਉ। ਤੁਸੀਂ ਵਜ਼ੀਰੀਆਂ ਵੰਡੀਆਂ ਸੀ, ਡੀ.ਜੀ.ਪੀ. ਵੀ ਲਾਏ ਸੀ, ਚੀਫ ਸੈਕਟਰੀ ਵੀ ਲਾਏ ਸੀ। ਹੁਣ ਸਾਨੂੰ ਕੰਮ ਕਰਨ ਦਿਉ। ਅਸੀਂ ਪੰਜ ਸਾਲ ਵਾਸਤੇ ਆਏ ਹਾਂ। ਅਸੀਂ ਕੰਮ ਕਰਕੇ ਦਿਖਾਵਾਂਗੇ। ਘਬਰਾਉਂਦੇ ਕਿਉਂ ਹੋ? ਮੈਨੂੰ ਤਾਂ ਤੁਹਾਡੀ ਸਮਝ ਨਹੀਂ ਆਉਂਦੀ। (ਵਿਘਨ......ਸ਼ੋਰ)

**ਸ਼੍ਰੀ ਅਮਨ ਅਰੋੜਾ :** ਸਰ, ਮੈਂ ਇਹ ਤਾਂ ਕਿਹਾ ਹੀ ਨਹੀਂ ਕਿ ਤੁਸੀਂ ਟਰਾਂਸਪੋਰਟ ਪਾਲਿਸੀ ਨਹੀਂ ਲੈ ਕੇ ਆ ਰਹੇ। ਮੈਂ ਤਾਂ ਇਹ ਕਹਿ ਰਿਹਾ ਹਾਂ ਕਿ ਤੁਹਾਡੇ ਕੋਲੋਂ ਤਿੰਨ ਮਹੀਨਿਆਂ ਵਿੱਚ ਇਲਲੀਗਲ ਆਪਰੇਸ਼ਨ ਬੰਦ ਨਹੀਂ ਹੋਏ। (ਵਿਘਨ) ਚਲੋ, ਜਦੋਂ ਕਰ ਦਿਉਗੇ, ਉਦੋਂ ਕਹਿ ਦੇਵਾਂਗਾ ਜੀ।

ਗਵਰਨਰ ਐਡਰੈਸ ਦੇ ਪੁਆਇੰਟ ਨੰਬਰ 12-ਬੀ ਬਾਰੇ ਗੱਲ ਕਰਦਾ ਹਾਂ। ਇਸ ਵਿੱਚ ਕੇਬਲ ਅਥਾਰਿਟੀ ਦੀ ਗੱਲ ਕੀਤੀ ਗਈ ਹੈ ਕਿ ਜਿਹੜੀ ਮੋਨੋਪਲਾਈਜ਼ੇਸ਼ਨ ਹੈ, ਉਹ ਬਿਲਕੁਲ ਖਤਮ ਕਰ ਦਿੱਤੀ ਜਾਵੇਗੀ। ਸਰ, ਮੈਂ ਆਪਣੇ ਹਲਕੇ ਸੁਨਾਮ ਦੀ ਗੱਲ ਕਰਦਾ ਹਾਂ, ਜਿਸ ਵਿੱਚ ਇੱਕ ਸੋ-ਕਾਲਡ ਹਲਕਾ ਇੰਚਾਰਜ ਵਲੋਂ ਕੇਬਲ ਓਪਰੇਸ਼ਨ ਦੇ ਉਪਰ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। (ਪੇਪਰ ਦਿਖਾਉਂਦੇ ਹੋਏ।) ਆਹ ਉਸ ਦੀਆਂ ਪੇਪਰ ਕਟਿੰਗਜ਼ ਹਨ। ਮੈਨੂੰ ਲਗਦਾ ਹੈ ਕਿ ਜਿਸ ਸਪੀਡ ਦੇ ਨਾਲ ਸਰਕਾਰ ਚੱਲ ਰਹੀ ਹੈ,

[ ਸ਼੍ਰੀ ਅਮਨ ਅਰੋੜਾ ]

ਜਦੋਂ ਤੱਕ ਕੇਬਲ ਅਥਾਰਿਟੀ ਆਵੇਗੀ, ਉਦੋਂ ਤੱਕ ਕਾਂਗਰਸ ਦਾ ਪੂਰੇ ਪੰਜਾਬ ਵਿੱਚ ਕੇਬਲ ਦੇ ਉਪਰ ਕਬਜ਼ਾ ਹੋ ਚੁੱਕਿਆ ਹੋਵੇਗਾ।

ਸਰ, ਪੁਆਇੰਟ ਨੰਬਰ 12 ਸੀ ਵਿੱਚ ਕਨਫਲਿਟ ਆਫ ਇੰਟਰੈਸਟ ਦੀ ਗੱਲ ਕੀਤੀ ਗਈ ਹੈ, ਜਿਸ ਦੇ ਵਿੱਚ ਇਹ ਕਿਹਾ ਗਿਆ ਸੀ that MLAs/Ministers are unseated if found to have business/financial interests that conflict with their official capacity. ਸਰ, ਗਵਰਨਰ ਐਡਰੈਸ ਵਿੱਚ ਇਹ ਗੱਲ ਕਹੀ ਗਈ ਹੈ ਪਰ ਬਦਕਿਸਮਤੀ ਦੇ ਨਾਲ ਮੈਨੂੰ ਕੁਝ ਦਿਨ ਪਹਿਲਾਂ ਸੀ.ਐਮ. ਸਾਹਿਬ ਦੀ ਸਟੇਟਮੈਂਟ ਪੜ੍ਹਨ ਨੂੰ ਮਿਲੀ, ਜਿਸ ਵਿੱਚ ਉਨ੍ਹਾਂ ਨੇ ਕਿਹਾ ਹੈ, Conflict of interest Law will only cover CM and Ministers and not MLAs, ਇਹ ਕੈਪਟਨ ਅਮਰਿੰਦਰ ਸਿੰਘ ਦੀ ਇੰਟਰਵਿਊ ਵਿੱਚ ਹੈ। ਸਰ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੰਤਰੀ ਤਾਂ ਸਾਰੇ 17 ਹੀ ਹੋਣਗੇ, ਇਨ੍ਹਾਂ ਨੇ ਚੋਣ ਮੈਨੀਫੈਸਟੋ ਵਿੱਚ ਵਾਅਦਾ ਕੀਤਾ ਹੈ ਅਤੇ 100 ਐਮ.ਐਲ.ਏਜ਼ ਹੋਣਗੇ। ਇਸ ਦਾ ਮਤਲਬ ਇਹ ਹੋਇਆ ਕਿ ਜੇ ਲੋਕਾਂ ਨੇ ਸਾਨੂੰ ਇਥੇ ਚੁਣ ਕੇ ਭੇਜ ਦਿੱਤਾ ਤਾਂ ਕੀ ਐਮ.ਐਲ.ਏਜ਼ ਨੂੰ ਕੋਈ ਲੁੱਟ ਦਾ ਲਾਇਸੰਸ ਮਿਲ ਗਿਆ ਹੈ? ਸਾਡੀ ਪਾਰਟੀ ਦੀ ਰਿਕੁਐਸਟ ਇਹ ਹੈ ਕਿ ਐਮ.ਐਲ.ਏਜ਼ ਨੂੰ ਵੀ ਇਸ ਦੇ ਵਿਚ ਇਨਕਲੂਡ ਕੀਤਾ ਜਾਵੇ ਅਤੇ ਸਰਕਾਰ ਨੂੰ ਇਸ ਪੁਆਇੰਟ ਤੇ ਆਪਣਾ ਸਟੈਂਡ ਕਲੀਅਰ ਕਰਨਾ ਚਾਹੀਦਾ ਹੈ। (ਆਪੋਜ਼ੀਸ਼ਨ ਬੈਂਚਿਜ ਵਲੋਂ ਥੰਪਿੰਗ)

ਸਰ, ਐਕਸਾਈਜ਼ ਪਾਲਿਸੀ ਦੀ ਗੱਲ ਕੀਤੀ ਗਈ ਹੈ। 25 ਅਪ੍ਰੈਲ ਨੂੰ ਐਫ.ਐਮ. ਸਾਹਿਬ ਦੀ ਸਟੇਟਮੈਂਟ ਪੜ੍ਹ ਕੇ ਮੈਨੂੰ ਦੁਖ ਹੋਇਆ ਸੀ, ਇਨ੍ਹਾਂ ਨੇ ਕਿਹਾ ਸੀ, can't end Mafia Raj in first year. ਸਰ, ਇਸ ਦਾ ਮਤਲਬ ਹੈ ਕਿ ਇਕ ਸਾਲ ਇਹ ਮਾਫੀਆ ਰਾਜ ਅਜੇ ਹੋਰ ਚੱਲੇਗਾ।

ਸਰ, ਹੁਣ ਮੈਂ ਪੁਆਇੰਟ ਨੰਬਰ 34 ਬਾਰੇ ਬੋਲਣਾ ਚਾਹੁੰਦਾ ਹਾਂ। ਇਸ ਵਿੱਚ transparent and decartelizing the mining of sand and stone/gravel in the State ਦੀ ਗੱਲ ਕੀਤੀ ਗਈ ਹੈ। ਸਰ, ਇਸ ਵਿੱਚ ਮੈਨੂੰ ਕੁਝ ਫਰਮਾਂ ਅਤੇ ਬੰਦਿਆਂ ਦੇ ਨਾਮ ਲੈਣੇ ਪੈਣਗੇ। ਜਿਹੜੇ ਤਾਂ ਇਥੇ ਹਾਜ਼ਰ ਨਹੀਂ ਹਨ, ਉਨ੍ਹਾਂ ਦੇ ਨਾਮ ਮੈਂ ਲੈ ਨਹੀਂ ਸਕਦਾ ਅਤੇ ਜਿਹੜੇ ਹਾਜ਼ਰ ਹਨ, ਜੇ ਉਨ੍ਹਾਂ ਦੇ ਨਾਮ ਮੈਂ ਲਏ ਤਾਂ ਇਥੇ ਰੌਲਾ ਪੈ ਜਾਵੇਗਾ ਅਤੇ ਟਾਈਮ ਵੇਸਟ ਹੋਵੇਗਾ। ਸਰ, ਇਕ ਮੂਵੀ ਬੰਟੀ ਐਂਡ ਬਬਲੀ ਨਾਮ ਦੀ ਆਈ ਸੀ, ਮੈਂ ਇਸ ਵਿੱਚ ਬੰਟੀ ਨੂੰ ਰੈਫਰ ਕਰਾਂਗਾ। ਤੁਸੀਂ ਆਪੇ ਹੀ ਸਮਝ ਲਇਓ।

**ਮਾਨਯੋਗ ਡਿਪਟੀ ਸਪੀਕਰ :** ਅਮਨ ਜੀ, ਤੁਹਾਡਾ ਸਮਾਂ ਓਵਰ ਹੋ ਗਿਆ ਹੈ। ਹੁਣ ਮੈਂ ਅਗਲੇ ਬੁਲਾਰੇ ਨੂੰ ਬੋਲਣ ਲਈ ਕਹਿੰਦਾ ਹਾਂ।

**ਸ਼੍ਰੀ ਅਮਨ ਅਰੋੜਾ :** ਸਰ, ਮੇਰਾ ਲਾਸਟ ਪੁਆਇੰਟ ਹੈ। ਕੀ ਹੋਇਆ ਹੈ ਅਤੇ ਕੀ ਨਹੀਂ ਹੋਇਆ, ਮੈਂ ਉਸ ਦੇ ਵਿੱਚ ਨਹੀਂ ਜਾਣਾ ਚਾਹੁੰਦਾ ਪਰ ਇੰਨੀ ਕੁ ਟਰਾਂਸਪੇਰੈਂਟ ਪਾਲਿਸੀ ਆਈ ਹੈ ਕਿ ...

**ਮਾਨਯੋਗ ਡਿਪਟੀ ਸਪੀਕਰ :** ਤੁਹਾਡਾ ਟਾਈਮ ਹੋ ਗਿਆ ਹੈ। ਪਲੀਜ਼, ਵਾਈਂਡ ਅੱਪ ਕਰੋ। ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ਜੀ ਬੋਲੋ।

**ਸ਼੍ਰੀ ਅਮਨ ਅਰੋੜਾ :** ਸਰ, ਪਲੀਜ਼ ਦੋ ਮਿੰਟ ਦੇ ਦਿਉ । ਸਰ, ਮੈਂ ਕੋਈ ਇੰਡਵੀਜ਼ੂਅਲ ਦੀ ਗੱਲ ਨਹੀਂ ਕਰਨੀ। ਮੈਂ ਪਾਲਿਸੀ ਦੀ ਗੱਲ ਕਰ ਰਿਹਾ ਹਾਂ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ (ਨਕੋਦਰ) :** ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਐਡਰੈਸ ਤੇ ਬੋਲਣ ਦਾ ਮੌਕਾ ਦਿੱਤਾ ਹੈ। ਬੜੇ ਅਫਸੋਸ ਨਾਲ ਇੱਕ ਗੱਲ ਆਖਣੀ ਪੈਂਦੀ ਹੈ ਕਿ...

**ਮਾਨਯੋਗ ਡਿਪਟੀ ਸਪੀਕਰ :** ਵਡਾਲਾ ਜੀ, ਤੁਹਾਡੀ ਪਾਰਟੀ ਦੇ 23 ਮਿੰਟ ਬੋਲਣ ਲਈ ਹਨ। ਇਸ ਸਮੇਂ ਵਿੱਚ ਤੁਸੀਂ ਆਪਣੀ ਗੱਲ ਕਹੋਗੇ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਠੀਕ ਹੈ ਜੀ। ਬੜੇ ਅਫਸੋਸ ਨਾਲ ਇਹ ਗੱਲ ਆਖਣੀ ਪੈਂਦੀ ਹੈ ਕਿ ਗਵਰਨਰ ਐਡਰੈਸ ਤੇ ਬਹਿਸ ਨੂੰ ਸਾਨੂੰ ਪਾਜ਼ੇਟਿਵ ਲੈਣਾ ਚਾਹੀਦਾ ਸੀ ਪਰ ਆਪਾਂ ਸਾਰੇ ਬਲੇਮ ਗੇਮ ਤੇ ਲੱਗ ਗਏ। ਇਕ ਦੂਜੇ ਤੇ ਆਪਾਂ ਦੂਸ਼ਣਬਾਜ਼ੀ ਕਰਨ ਲੱਗ ਗਏ, ਇੱਥੇ ਆਪਾਂ ਨੂੰ ਕੋਈ ਬਰਾਊਨੀ ਪੁਆਇੰਟਸ ਸਕੋਰ ਕਰਨ ਦੀ ਲੋੜ ਨਹੀਂ, we should go into actual Governor's address ਜੋ ਸਾਡੇ ਮੁੱਖ ਮੰਤਰੀ ਸਾਹਿਬ ਦੀ ਪਾਲਿਸੀ ਹੈ। ਖਹਿਰਾ ਸਾਹਿਬ ਦੀ ਗੱਲ ਹੈ, ਕੰਵਰ ਸੰਧੂ ਜੀ ਨੇ ਇਹ ਗੱਲ ਰੇਜ਼ ਕੀਤੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਉਸ ਸਮੇਂ ਦੇ ਲੀਡਰ ਆਫ ਦਿ ਆਪੋਜ਼ੀਸ਼ਨ' ਸਰਦਾਰ ਚਰਨਜੀਤ ਸਿੰਘ ਚੰਨੀ, ਜੋ ਕਿ ਇਸ ਸਮੇਂ ਸਦਨ ਵਿਚ ਹਾਜ਼ਰ ਨਹੀਂ ਹਨ, ਉਨ੍ਹਾਂ ਨੇ ਇਥੇ ਟੈਲੀਫੋਨ ਰੱਖ ਕੇ ਲਾਈਵ ਆਪਣਾ ਭਾਸ਼ਣ ਫੇਸਬੁੱਕ ਤੇ ਅੱਪਲੋਡ ਕੀਤਾ ਹੈ। ਸੋ, ਇਸ ਤਰ੍ਹਾਂ ਦੇ ਫੈਸਲੇ ਸਾਰਿਆਂ ਲਈ ਬਰਾਬਰ ਹੋਣੇ ਚਾਹੀਦੇ ਹਨ। ਕੋਈ ਪਿੱਕ ਐਂਡ ਚੂਜ਼ ਨਹੀਂ ਹੋਣਾ ਚਾਹੀਦਾ। ਡਿਪਟੀ ਸਪੀਕਰ ਸਾਹਿਬ, ਕੈਪਟਨ ਸਾਹਿਬ ਦੀ ਸਰਕਾਰ ਬਣੀ ਹੈ, ਬੜੀਆਂ ਆਸਾਂ ਸਨ ਪੰਜਾਬ ਦੇ ਲੋਕਾਂ ਨੂੰ ਕਿ 10 ਸਾਲ ਬਾਅਦ ਕਾਂਗਰਸ ਪਾਰਟੀ ਸਰਕਾਰ ਵਿਚ ਆਈ ਹੈ ਪਰ ਅੱਜ ਪੰਜਾਬ ਵਿਚ ਵੇਖਣ ਨੂੰ ਮਿਲ ਰਿਹਾ ਹੈ ਕਿ ਸਰਕਾਰ ਨਾਂ ਦੀ ਕੋਈ ਚੀਜ਼ ਨਹੀਂ ਹੈ। ਇਹ ਅਕਸਰ ਆਖਿਆ ਜਾਂਦਾ ਸੀ ਕਿ 10 ਸਾਲ ਬਾਅਦ ਜਦੋਂ ਕਾਂਗਰਸ ਦੀ ਸਰਕਾਰ ਬਣੀ, they will hit the ground running, ਇਹ ਮੈਂ ਨਹੀਂ ਕਹਿੰਦਾ, ਇਹ ਅਫਸਰਸ਼ਾਹੀ ਅਤੇ ਪੰਜਾਬ ਦੇ ਲੋਕ ਕਹਿੰਦੇ ਹਨ ਕਿ ਅਜੇ ਕਾਂਗਰਸ ਦੇ ਪੈਰ ਹਾਲੇ ਪੂਰੀ ਤਰ੍ਹਾਂ ਜੰਮੇ ਨਹੀਂ ਹਨ। ਸੋ, ਇਨ੍ਹਾਂ ਨੂੰ ਇਸ ਬਾਰੇ ਸੁਚੇਤ ਰਹਿਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਕੈਪਟਨ ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ

ਇਨ੍ਹਾਂ ਨੇ ਹਲਕਾ ਇੰਚਾਰਜਾਂ ਦਾ ਵਿਰੋਧ ਕੀਤਾ ਸੀ ਪਰ ਅੱਜ ਇਨ੍ਹਾਂ ਦੇ ਹਲਕਾ ਇੰਚਾਰਜ ਸਾਰੇ ਪੰਜਾਬ ਵਿਚ ਕੰਮ ਕਰ ਰਹੇ ਸਨ। ਸਾਡੇ ਹਲਕੇ ਵਿਚ ਝੂਠੇ ਪਰਚੇ ਦਰਜ ਹੋਏ ਹਨ, ਵੈਸੇ ਤਾਂ ਪੰਜਾਬ ਨੂੰ ਇਹੋ ਜਿਹੇ ਝੂਠੇ ਪਰਚਿਆਂ ਤੋਂ ਛੁਟਕਾਰਾ ਪਾਉਣ ਦੀ ਲੋੜ ਹੈ। ਸਾਡੇ ਹਲਕੇ ਵਿਚ 6 ਬੇਕਸੂਰ ਲੋਕਾਂ ਤੇ ਰੇਪ ਦਾ ਪਰਚਾ ਕੀਤਾ ਗਿਆ ਹੈ। ਸੀ.ਆਰ.ਪੀ.ਸੀ. ਅਤੇ ਆਈ.ਪੀ.ਸੀ. ਅਮੈਂਡ ਹੋ ਗਈ ਹੈ ਅਤੇ ਹੁਣ ਰੇਪ ਦੀ ਸਜ਼ਾ 20 ਸਾਲ ਤੋਂ ਲੈ ਕੇ ਉਮਰ ਕੈਦ ਤੱਕ ਹੈ। ਉਨ੍ਹਾਂ ਦਾ ਇਕੋ ਕਸੂਰ ਸੀ ਕਿ ਉਨ੍ਹਾਂ ਦਾ ਸਬੰਧ ਅਕਾਲੀ ਦਲ ਨਾਲ ਹੈ। ਦੇਖੋ two wrongs don't make one right. ਮੈਂ ਜਿਹੜੀ ਗੱਲ ਕਰਦਾ ਹਾਂ, ਇਸ ਗੱਲ ਤੇ ਤੁਹਾਨੂੰ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ। ਜਿਹੜੇ ਝੂਠੇ ਪਰਚੇ ਹੋ ਰਹੇ ਹਨ ਅਤੇ ਜਿਹੜੇ ਹਲਕਾ ਇੰਚਾਰਜ ਗੈਰਕਾਨੂੰਨੀ ਕੰਮ ਕਰ ਰਹੇ ਹਨ, ਉਹ ਅਫਸਰਾਂ ਨੂੰ ਹੁਕਮ ਦੇ ਰਹੇ ਹਨ, they should be stopped.

**ਸਰਦਾਰ ਗੁਰਕੀਰਤ ਸਿੰਘ ਕੋਟਲੀ :** ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ

**ਮਾਨਯੋਗ ਡਿਪਟੀ ਸਪੀਕਰ :** ਹਾਂ ਜੀ ਦੱਸੋ।

**ਸਰਦਾਰ ਗੁਰਕੀਰਤ ਸਿੰਘ ਕੋਟਲੀ :** ਡਿਪਟੀ ਸਪੀਕਰ ਸਾਹਿਬ, ਬੜੇ ਅਫਸੋਸ ਦੀ ਗੱਲ ਹੈ ਕਿ ਸਾਡੇ ਮਾਨਯੋਗ ਮੈਂਬਰ ਹਲਕਾ ਇੰਚਾਰਜਾਂ ਦੀ ਗੱਲ ਕਰ ਰਹੇ ਹਨ। 10 ਸਾਲ ਅਕਾਲੀ ਦਲ ਅਤੇ ਭਾਜਪਾ ਦੀ ਸਰਕਾਰ ਰਹੀ ਹੈ ਅਤੇ 10 ਸਾਲ ਇਨ੍ਹਾਂ ਦੇ ਹਲਕਾ ਇੰਚਾਰਜ ਮੁਨਸ਼ੀ ਤੋਂ ਲੈ ਕੇ ਐਸ.ਐਚ.ਓ ਤੱਕ ਤਾਇਨਾਤ ਕਰਵਾਉਂਦੇ ਰਹੇ ਅਤੇ ਉਨ੍ਹਾਂ ਤੋਂ ਨਜਾਇਜ਼ ਕੰਮ ਵੀ ਕਰਵਾਉਂਦੇ ਰਹੇ ਹਨ।

**ਮਾਨਯੋਗ ਡਿਪਟੀ ਸਪੀਕਰ :** ਗੁਰਕੀਰਤ ਜੀ, ਪਲੀਜ਼ ਬਰੀਫ ਕਰੋ।

**ਸਰਦਾਰ ਗੁਰਕੀਰਤ ਸਿੰਘ ਕੋਟਲੀ :** ਡਿਪਟੀ ਸਪੀਕਰ ਸਾਹਿਬ, ਮੇਰੀ ਇਕੋ ਬੇਨਤੀ ਹੈ ਕਿ ਛੱਜ ਤਾਂ ਛਾਣੇ ਛਾਨਣੀ ਕਿਉਂ ਛਾਣੇ। (ਹਾਸਾ) ਮੈਂ ਕੇਵਲ ਮਾਨਯੋਗ ਮੈਂਬਰ ਸਾਹਿਬ ਨੂੰ ਇਸ ਗੱਲ ਤੇ ਕੁਰੈਕਟ ਕਰਨਾ ਚਾਹੁੰਦਾ ਹਾਂ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਕੋਟਲੀ ਸਾਹਿਬ, ਤੁਸੀਂ ਮੇਰੀ ਗੱਲ ਨਹੀਂ ਸਮਝੇ। ਮੈਂ ਪਹਿਲਾਂ ਹੀ ਕਿਹਾ ਹੈ ਕਿ two wrongs don't make one right. ਤੁਸੀਂ ਪਹਿਲਾਂ ਸਮਝੋ ਕਿ ਮੈਂ ਕਿਹਾ ਕੀ ਹੈ। ਤੁਸੀਂ ਆਪ ਆਖਿਆ ਸੀ ਕਿ ਹਲਕਾ ਇੰਚਾਰਜ ਪ੍ਰਣਾਲੀ ਖਤਮ ਕੀਤੀ ਜਾਵੇਗੀ। ਕੈਪਟਨ ਸਾਹਿਬ it is very unfortunate that the halqa incharges are running the administration, ਥਾਣਿਆਂ ਵਿਚ, ਸਰਕਾਰੀ ਦਫ਼ਤਰਾਂ ਵਿਚ ਦਖਲਅੰਦਾਜ਼ੀ ਕੀਤੀ ਜਾ ਰਹੀ ਹੈ। ਤੁਸੀਂ ਸਾਰੇ ਪੰਜਾਬ ਦੇ ਮੁੱਖ ਮੰਤਰੀ ਹੋ, ਸਾਨੂੰ ਤੁਹਾਡੇ ਤੇ ਮਾਣ ਹੈ। ਤੁਸੀਂ ਸਰਕਾਰ ਦੇ ਹੈੱਡ ਹੋ ਪਰ ਜੇਕਰ ਥਾਣਿਆਂ ਵਿਚ ਇਹ ਕਿਹਾ ਜਾਵੇ ਕਿ ਤੁਸੀਂ ਅਕਾਲੀ ਸਰਪੰਚ ਹੋ, ਇਸ ਲਈ ਬਾਹਰ ਹੋ ਜਾਓ ਜਾਂ ਤੁਹਾਡੀ ਗੱਲ ਨਹੀਂ

ਸੁਣੀ ਜਾਣੀ, ਇਹ ਬੜੇ ਅਫਸੋਸ ਦੀ ਗੱਲ ਹੈ। ਪੁਲੀਟੀਕਲ ਵੈਨਡੇਟਾ ਤੇ ਪੁਲੀਟੀਕਲ ਇੰਟੀਮੀਡੇਸ਼ਨ ਨਹੀਂ ਹੋਣੀ ਚਾਹੀਦੀ। ਪੰਜਾਬ ਗੁਰੂਆਂ ਪੀਰਾਂ ਦੀ ਧਰਤੀ ਹੈ। ਸਾਨੂੰ ਅਜਿਹੀਆਂ ਗੱਲਾਂ ਤੋਂ ਉੱਪਰ ਉਠਣ ਦੀ ਲੋੜ ਹੈ। ਡਿਪਟੀ ਸਪੀਕਰ ਸਾਹਿਬ, ਕੈਪਟਨ ਅਮਰਿੰਦਰ ਸਿੰਘ ਜੀ ਨੇ ਆਖਿਆ ਹੈ ਕਿ ਜਿਹੜੇ ਐਕਸ ਸਰਵਿਸਮੈਨ ਹਨ, ਉਨ੍ਹਾਂ ਨੂੰ ਜਿਹੜੇ ਪਿੰਡਾਂ ਵਿਚ ਕੰਮ ਚੱਲ ਰਹੇ ਹਨ, ਉਨਾਂ ਵਿਚ ਇਨਵਾਲਵ ਕਰਨਾ ਹੈ you have said that we are going to make them guardians of the government, ਉਨ੍ਹਾਂ ਦੀ ਸਰਪ੍ਰਸਤੀ ਲੈਣੀ ਹੈ। ਇਹ ਬਹੁਤ ਚੰਗੀ ਗੱਲ ਹੈ। ਤੁਸੀਂ ਆਪ ਐਕਸ ਸਰਵਿਸਮੈਨ ਹੋ, ਤੁਹਾਡਾ ਦਿਲ ਫੌਜੀਆਂ ਵਾਸਤੇ ਧੜਕਦਾ ਹੈ। ਮੈਂ ਇਸ ਗੱਲ ਨੂੰ ਐਪਰੀਸ਼ੀਏਟ ਕਰਦਾ ਹਾਂ ਕਿ ਜੇਕਰ ਹਲਕਾ ਇੰਚਾਰਜਾਂ ਦਾ ਸਿਸਟਮ ਇਸੇ ਤਰ੍ਹਾਂ ਚੱਲਦਾ ਰਿਹਾ ਤਾਂ ਸਾਬਕਾ ਫੌਜੀਆਂ ਦਾ ਕੋਈ ਮੁੱਲ ਨਹੀਂ ਪੈਣਾ। ਸੋ, ਤੁਹਾਨੂੰ ਹਲਕਾ ਇੰਚਾਰਜ ਦੀ ਪ੍ਰਣਾਲੀ ਨੂੰ ਖਤਮ ਕਰਨ ਦੀ ਲੋੜ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਇਸ ਸਮੇਂ ਪੰਜਾਬ ਵਿਚ ਸਭ ਤੋਂ ਵੱਡਾ ਕ੍ਰਾਈਸਿਸ ਖੇਤੀਬਾੜੀ ਦਾ ਹੈ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸਰ, ਪੁਆਇੰਟ ਆਫ ਆਰਡਰ।

**ਮਾਨਯੋਗ ਡਿਪਟੀ ਸਪੀਕਰ :** ਹਾਂ ਜੀ।

**ਸੰਸਦੀ ਮਾਮਲੇ ਮੰਤਰੀ :** ਸਰ, ਮੈਂ ਬੜੇ ਅਦਬ ਨਾਲ ਤੁਹਾਡੇ ਕੋਲੋ ਇਜਾਜ਼ਤ ਲੈ ਕੇ ਐਮ.ਐਲ.ਏ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਡੇ ਤਿੰਨ ਮਹੀਨੇ ਹੋ ਗਏ ਹਨ। ਸਾਡੇ ਹਲਕਾ ਇੰਚਾਰਜ ਦੀ ਕੋਈ ਪ੍ਰਥਾ ਨਹੀਂ ਹੈ ਅਤੇ ਨਾ ਹੀ ਹੋਏਗੀ। (ਟਰੇਜ਼ਰੀ ਬੈਚਿੰਜ਼ ਵੱਲੋਂ ਥੰਪਿੰਗ)

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਬਹੁਤ ਚੰਗਾ ਹੈ। Thank you very much, ਜੀ। ਅਖਬਾਰਾਂ ਵਿੱਚ ਰੋਜ਼ ਖਬਰਾਂ ਆਉਂਦੀਆਂ ਹਨ। ਜੇ ਤੁਸੀਂ ਇਸ ਗੱਲ ਨੂੰ ਅਮਲ ਵਿੱਚ ਲੈ ਕੇ ਆਓ ਤਾਂ ਫਿਰ ਪੰਜਾਬ ਦਾ ਮਾਹੌਲ ਬੜਾ ਵਧੀਆ ਸੁਖਾਵਾਂ ਰਹਿ ਸਕਦਾ ਹੈ। ਇਹ ਦੇਖ ਲਓ ਜੀ ਜਿਹੜੇ ਹਲਕਾ ਇੰਚਾਰਜ ਜਾਂ ਸਰਕਾਰੀ ਅਫਸਰ ਹਨ, (ਅਖਬਾਰਾਂ ਲਹਿਰਾਉਂਦੇ ਹੋਏ) ਕੋਈ ਐਸ.ਡੀ.ਓ ਜਾਂ ਐਕਸੀਅਨ ਹੈ, ਉਨ੍ਹਾਂ ਨੂੰ ਗੱਦੀ ਤੇ ਜਾਂ ਕੁਰਸੀ ਤੇ ਜਾ ਕੇ ਬਿਠਾਉਂਦੇ ਹਨ। ਇਹ ਤੁਹਾਡੇ ਸਾਹਮਣੇ ਰਿਪੋਰਟਸ ਹਨ। (ਵਿਘਨ ....... ਸ਼ੋਰ) ਅੱਜ ਪੰਜਾਬ ਦਾ ਸਭ ਤੋਂ ਵੱਡਾ ਸੰਕਟ ਜੋ ਹੈ ਉਹ ਕਿਸਾਨ ਦਾ ਹੈ, ਖੇਤੀਬਾੜੀ ਬਹੁਤ ਵੱਡੇ ਕਰਾਈਸਿਜ਼ ਤੋਂ ਨਿਕਲ ਰਹੀ ਹੈ। ਜਿੰਨੀਆਂ ਵੀ ਫਸਲਾਂ ਕਿਸਾਨ ਲਾਉਂਦੇ ਹਨ, ਉਨ੍ਹਾਂ ਨੂੰ ਉਨ੍ਹਾਂ ਦਾ ਮੁੱਲ ਨਹੀਂ ਮਿਲ ਰਿਹਾ ਹੈ। ਉਨ੍ਹਾਂ ਨੂੰ ਆਪਣੇ ਮੁਤਾਬਿਕ ਦਾ ਰੇਟ ਨਹੀਂ ਮਿਲ ਰਿਹਾ ਹੈ। ਲੇਕਿਨ ਕੈਪਟਨ ਸਾਹਿਬ ਨੇ ਕਿਹਾ ਸੀ ਕਿ ਅਸੀਂ ਬੈਂਕਾਂ ਦੇ, ਸ਼ਾਹੂਕਾਰਾਂ ਦੇ, ਪ੍ਰਾਈਵੇਟ ਬੈਂਕਾਂ ਦੇ ਕਰਜ਼ੇ ਮੁਆਫ ਕਰਾਂਗੇ। ਉਨ੍ਹਾਂ ਨੇ ਐਸ਼ਿਓਰੈਂਸ ਦਿੱਤੀ ਹੈ। We welcome it. ਅਸੀਂ ਚਾਹੁੰਦੇ ਹਾਂ ਕਿ ਇਸ ਨੂੰ ਬਹੁਤ ਜਲਦੀ ਅਮਲ ਵਿੱਚ ਲਿਆਂਦਾ ਜਾਏ।

[ ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ]

ਪਰ ਇੱਕ ਗੱਲ ਮੈਂ ਸਾਰੇ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ ਹਕ ਕਮੇਟੀ ਕੈਪਟਨ ਸਾਹਿਬ ਨੇ ਬਿਠਾਈ ਹੈ, one of the committee members is Dr.Joshi. ਉਨ੍ਹਾਂ ਨੇ ਪਿੱਛੇ ਫਾਈਨਾਂਸ਼ੀਅਲ ਐਕਸਪ੍ਰੈਸ ਵਿੱਚ ਇੱਕ ਐਡੀਟੋਰੀਅਲ ਲਿਖਿਆ, ਜਿਸ ਵਿੱਚ ਉਨ੍ਹਾਂ ਨੇ ਆਪਣਾ ਖਦਸ਼ਾ ਜ਼ਾਹਿਰ ਕੀਤਾ ਹੈ ਕਿ ਪੰਜਾਬ ਦੇ ਕਿਸਾਨਾਂ ਦੇ ਕਰਜ਼ੇ ਨਹੀਂ ਮੁਆਫ ਹੋ ਸਕਦੇ। ਦੇਖੋ ਬੜੇ ਗੰਭੀਰ ਅੰਕੜੇ ਹਨ, ਡਿਪਟੀ ਸਪੀਕਰ ਸਾਹਿਬ, ਕਿੰਨੇ ਹੀ ਕਿਸਾਨ ਖੁਦਕੁਸ਼ੀ ਕਰ ਗਏ। ਬੜਾ ਅਫਸੋਸ ਹੁੰਦਾ ਹੈ। ਕਿਸਾਨਾਂ ਦੀ ਪੀੜ ਸਮਝਣੀ ਚਾਹੀਦੀ ਹੈ ਨਾ ਕਿ ਆਪਾਂ ਨੂੰ ਬਲੇਮ ਗੇਮ ਵਿੱਚ ਪੈਣਾ ਚਾਹੀਦਾ ਹੈ। ਬੜੇ ਵੱਡੇ ਵੱਡੇ ਐਗਰੀਕਲਚਰਲ ਐਕਸਪਰਟਸ ਜਿਹੜੇ ਹਨ, ਉਨ੍ਹਾਂ ਨੇ ਇਹ ਖਦਸ਼ਾ ਜ਼ਾਹਿਰ ਕੀਤਾ ਹੈ ਕਿ ਕਿਸਾਨ ਅੱਜ ਗਰੀਬ ਤੋਂ ਗਰੀਬ ਹੋ ਰਿਹਾ ਹੈ। ਕਿਸਾਨ ਦੀ ਹਾਲਤ ਬੜੀ ਤਰਸਯੋਗ ਹੋ ਗਈ ਹੈ। ਪੰਜਾਬ ਦੇ ਕਿਸਾਨ ਨੇ ਗਰੀਨ ਰੈਵੋਲਿਊਸ਼ਨ ਲਿਆਂਦਾ। ਵਾਟਰ ਰਿਸੋਰਸਿਜ਼ ਜਿਹੜੇ ਯੂਜ਼ ਕੀਤੇ, ਉਹ ਵੀ ਡਿਪਲੀਟ ਹੋ ਗਏ, ਪੰਜਾਬ ਦਾ ਸੋਇਲ ਡਿਪਲੀਟ ਕੀਤਾ। ਕਿਸਾਨ ਨੇ ਕਣਕ ਝੋਨੇ ਦਾ ਫਸਲੀ ਚੱਕਰ ਅਪਣਾ ਕੇ ਅੰਨ ਦੇ ਭੰਡਾਰ ਭਰੇ।

*1.22 ਵਜੇ ਬਾਅਦ ਦੁਪਹਿਰ) (ਇਸ *ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

**ਮੁੱਖ ਮੰਤਰੀ :** ਸਪੀਕਰ ਸਾਹਿਬ, ਅਸੀਂ ਇਹ ਕਹਿ ਚੁੱਕੇ ਹਾਂ ਕਿ this is the congress party's programme ਜੋ ਪੂਰੇ ਪੰਜਾਬ ਨੂੰ ਅਸੀਂ ਦਿੱਤਾ ਹੈ and we are committed as a Party on all this ਕਰਜ਼ਾ, ਕੁਰਕੀ। ਇਸ ਹਾਊਸ ਦੇ ਵਿੱਚ ਕੁਰਕੀ ਦਾ ਬਿੱਲ ਆ ਰਿਹਾ ਹੈ। ਕਰਜ਼ੇ ਦੇ ਲਈ ਅਸੀਂ ਕੁਮਿਟਿਡ ਹਾਂ। ਹਕ ਕਮੇਟੀ ਨਾਲ ਮੇਰੀ ਅਤੇ ਫਾਇਨਾਂਸ ਮਨਿਸਟਰ ਸਾਹਿਬ ਦੀ ਕੱਲ੍ਹ ਸ਼ਾਮ ਮੀਟਿੰਗ ਹੋਈ ਹੈ। Nobody said anything to me. ਦੋ ਘੰਟੇ ਸਾਡੀ ਡਿਸਕਸ਼ਨ ਚੱਲਦੀ ਰਹੀ ਹੈ। ਇਹ ਪਤਾ ਨਹੀਂ ਕਿੱਥੋਂ ਦੀ ਅਖਬਾਰ ਚੁੱਕਦੇ ਹਨ। ਕਿਹੜੀ ਇਹ ਅਖਬਾਰ ਪੜ੍ਹਦੇ ਹਨ, ਇਹ ਵੀ ਮੈਨੂੰ ਨਹੀਂ ਪਤਾ।

(ਇੱਕ ਆਵਾਜ਼ : ਇਹ ਕਰੈਡਿਟ ਲੈਣਾ ਚਾਹੁੰਦੇ ਹਨ ਜੀ।)

We are not doing it for credit. We are committed to it. ਇਹ ਹਾਲਾਤ ਨੇ ਪੰਜਾਬ ਵਿੱਚ ਅਤੇ it is my duty as Chief Minister and my Party's duty to see this. ਅਸੀਂ ਤਾਂ ਆਪ ਇਹ ਚਾਹੁੰਦੇ ਹਾਂ ਕਿ ਜਿਹੜੇ ਕਿਸਾਨਾਂ ਦੇ ਅੱਜ ਹਾਲਾਤ ਬਣੇ ਹੋਏ ਹਨ, ਇਨ੍ਹਾਂ ਦਾ ਕੋਈ ਹੱਲ ਕੱਢੀਏ। ਮੈਂ ਤਾਂ ਕਹਿੰਦਾ ਹਾਂ ਕਿ ਖੁਦਕੁਸ਼ੀਆਂ ਨਾ ਕਰੋ, ਬਿਲ ਆ ਰਿਹਾ ਹੈ। ਜਿਹੜਾ ਬੰਦਾ ਵਿਚਾਰਾ ਬਹੁਤ ਦੁਖੀ ਹੈ, ਉਹ ਇਸ ਤਰ੍ਹਾਂ ਦੇ ਕਦਮ ਚੁੱਕ ਲੈਂਦਾ ਹੈ। ਸਾਨੂੰ ਇਸ ਗੱਲ ਦਾ ਬਹੁਤ ਅਫਸੋਸ ਹੈ। ਅਸੀਂ ਇਹ ਕੁਮਿਟਮੈਂਟ ਕਰਦੇ ਹਾਂ from the House and me as Chief Minister ਕਿ ਇਹ ਕੁਰਕੀ ਦਾ ਬਿਲ ਆ

ਰਿਹਾ ਹੈ and there will be no kurki in Punjab. (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਮੇਰਾ ਖਿਆਲ ਹੈ ਜਦੋਂ ਤੱਕ ਸਦਨ ਪਾਸ ਨਹੀਂ ਕਰਦਾ, ਉਦੋਂ ਤੱਕ ਲੋਕਾਂ ਦੇ ਮਨ ਵਿੱਚ ਇਹ ਗੱਲ ਨਹੀਂ ਆਉਂਦੀ। Similarly, ਕਰਜ਼ਾ ਮੁਆਫੀ is part of our commitment. ਇੱਕ ਪਾਸੇ ਤਾਂ ਇਹ ਹਲਕਾ ਇੰਚਾਰਜ ਕਹੀ ਜਾਂਦੇ ਹਨ, ਸਾਡੇ ਤਾਂ ਇਹੋ ਜਿਹੀ ਰਵਾਇਤ ਹੀ ਨਹੀਂ ਹੈ। ਇਹ ਇਨ੍ਹਾਂ ਦੀ ਹੀ ਰਵਾਇਤ ਹੈ। ਅਗਰ ਸਾਡੇ ਅਫਸਰ ਤੁਹਾਨੂੰ ਕੁਰਸੀ ਦੇ ਕੇ ਚਾਹ ਪਿਲਾਉਂਦੇ ਹਨ ਤਾਂ ਸਾਨੂੰ ਇਸ ਵਿੱਚ ਕੀ ਤਕਲੀਫ ਹੈ? ਇਹ ਤਾਂ ਕਰਟਸੀ ਹੈ। There is no problem. ਲੇਕਿਨ ਇਹ ਜਿਹੜੀ ਪੁਲਿਸ ਦੀ ਇਨ੍ਹਾਂ ਨੇ ਇੰਟਰਫਿਅਰੈਂਸ ਕੀਤੀ ਸੀ, to make them Halka prone, that has been broken. ਬੜੀ ਜਲਦੀ ਹੀ ਪੰਜਾਬ ਦੇ ਸਾਹਮਣੇ ਸਾਰੀ ਗੱਲ ਆ ਜਾਏਗੀ। (ਥੰਪਿੰਗ)

-----

## ANNOUNCEMENT BY THE SPEAKER REG. WELCOMING THE PRESENCE OF SARDAR RAVNEET SINGH BITTU, MEMBER OF PARLIAMENT IN THE HOUSE.

**ਮਾਨਯੋਗ ਸਪੀਕਰ :** ਇੱਕ ਸੈਕਿੰਡ ਵਡਾਲਾ ਸਾਹਿਬ ਜੀ। ਸਰਦਾਰ ਰਵਨੀਤ ਸਿੰਘ ਬਿੱਟੂ, ਮੈਂਬਰ ਪਾਰਲੀਮੈਂਟ ਅੱਜ ਸੈਸ਼ਨ ਦੀ ਕਾਰਵਾਈ ਵੇਖਣ ਆਏ। ਮੈਂ ਸਦਨ ਵੱਲੋਂ ਉਨ੍ਹਾਂ ਦਾ ਸਵਾਗਤ ਕਰਦਾ ਹਾਂ। (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

-----

## MOTION OF THANKS AND DISCUSSION ON GOVERNOR'S ADDRESS *(Resumption)*

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਸਪੀਕਰ ਸਾਹਿਬ, ਕੈਪਟਨ ਸਾਹਿਬ ਦੇ ਬੜੇ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਆਪਣੀ ਗੱਲ ਆਖੀ ਹੈ। ਇੱਕ ਡਾਕਟਰ ਜੋਸ਼ੀ ਹਨ, ਜਿਨ੍ਹਾਂ ਨੇ ਆਰਟੀਕਲ ਲਿਖਿਆ ਹੈ, ਫਾਈਨਾਂਸ਼ੀਅਲ ਐਕਸਪ੍ਰੈਸ is a very reputed newspaper ਸੀ.ਐਮ. ਸਾਹਿਬ ਤੁਸੀਂ ਆਪ ਵੀ ਦੇਖ ਸਕਦੇ ਹੋ, you can also go into it. ਉਨ੍ਹਾਂ ਨੇ ਖਦਸ਼ਾ ਜ਼ਾਹਰ ਕੀਤਾ ਹੈ, ਇਸ ਲਈ ਅਸੀਂ ਇਸ ਗੱਲ ਨੂੰ ਮੈਨਸ਼ਨ ਕੀਤਾ ਹੈ। ਤੁਸੀਂ ਹਾਊਸ ਨੂੰ ਐਸ਼ਿਓਰ ਕੀਤਾ ਹੈ ਕਿ ਸਾਰੇ ਕਿਸਾਨਾਂ ਦੇ ਕਰਜ਼ੇ ਚਾਹੇ ਉਹ ਕੋਆਪਰੇਟਿਵ ਬੈਂਕ, ਪ੍ਰਾਈਵੇਟ ਬੈਂਕ ਹਨ, ਸ਼ਾਹੂਕਾਰ ਹਨ ਜਾਂ ਹੋਰ ਮਨੀ ਲੈਂਡਰ ਹਨ, ਉਹ ਮੁਆਫ ਕਰੋਗੇ so we take you by your word.

ਮੁੱਖ ਮੰਤਰੀ ਸਾਹਿਬ ਜਿਹੜੀ ਮੈਂ ਗੱਲ ਕੀਤੀ ਹੈ ਕਿ 6 ਨਿਰਦੋਸ਼ ਬੱਚਿਆਂ ਤੇ ਰੇਪ ਦਾ ਪਰਚਾ ਦਰਜ ਕੀਤਾ ਹੈ, ਦੇਖੋ rape is a very serious offence. ਆਪਾਂ ਸਾਰੇ ਇਸ

[ ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ]

ਗੱਲ ਨੂੰ ਮੰਨਦੇ ਹਾਂ, ਇਹ ਨਹੀਂ ਹੋਣਾ ਚਾਹੀਦਾ। ਲੇਕਿਨ ਕੋਈ ਛੋਟਾ ਮੋਟਾ ਕੇਸ ਕਈ ਵਾਰੀ ਗਲਤੀ ਨਾਲ ਹੋ ਜਾਂਦਾ ਹੈ ਪਰ ਰੇਪ ਵਿੱਚ ਇਨਵਾਲਵ ਕਰਨਾ, it is very heinous act. ਇਸ ਗੱਲ ਦਾ if you can take notice ਅਤੇ ਇਨਕੁਆਰੀ ਕਰਵਾ ਦਿਉ ਤਾਂ ਤੁਹਾਡਾ ਬਹੁਤ ਧੰਨਵਾਦ ਹੋਵੇਗਾ।

**ਮਾਨਯੋਗ ਸਪੀਕਰ :** ਵਡਾਲਾ ਜੀ, ਵਾਈਂਡ ਅੱਪ ਕਰੋ ਜੀ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਸਪੀਕਰ ਸਾਹਿਬ, ਮੈਂ ਕਿਸਾਨਾਂ ਦੀ ਗੱਲ ਕਰ ਰਿਹਾ ਸੀ। ਕਿਸਾਨਾਂ ਨੇ ਇੰਨੀ ਵੱਡੀ ਦੇਸ਼ ਦੀ ਸੇਵਾ ਕੀਤੀ। ਪੰਜਾਬ ਦੀ ਧਰਤੀ ਵੀ ਦਵਾਈਆਂ ਨਾਲ, ਜ਼ਹਿਰ ਨਾਲ ਭਰ ਦਿੱਤੀ, ਪੰਜਾਬ ਦਾ ਪਾਣੀ ਵੀ ਖਰਾਬ ਕਰ ਦਿੱਤਾ ਪਰ ਦੇਸ਼ ਦੇ ਅੰਨ ਭੰਡਾਰ ਭਰੇ। ਪਰ ਅੱਜ ਉਹ ਕਿਸਾਨ ਵਿਚਾਰੇ ਖੁਦਕੁਸ਼ੀ ਕਰ ਰਹੇ ਹਨ। ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਆਪਣੇ ਮੈਨੀਫੈਸਟੋ ਵਿੱਚ ਕਿਹਾ ਸੀ ਕਿ ਖੁਦਕੁਸ਼ੀ ਕਰਨ ਵਾਲੇ ਨੂੰ 10 ਲੱਖ ਰੁਪਿਆ ਦੇਵਾਂਗੇ ਪਰ 10 ਲੱਖ is a very small amount. ਇਨ੍ਹਾਂ ਨੂੰ ਇਸ ਤੇ ਜ਼ਰੂਰ ਅਮਲ ਕਰਨਾ ਚਾਹੀਦਾ ਹੈ। ਹਾਊਸ ਨੂੰ ਡਿਬੇਟ ਕਰਨੀ ਚਾਹੀਦੀ ਹੈ ਕਿ ਕਿਵੇਂ ਆਉਣ ਵਾਲੇ ਸਮੇਂ ਕਿਸਾਨਾਂ ਦੀਆਂ ਖੁਦਕੁਸ਼ੀਆਂ ਰੋਕੀਆਂ ਜਾਣ।

ਸਪੀਕਰ ਸਾਹਿਬ, ਦੁਨੀਆਂ ਦੀਆਂ ਵੱਡੀਆਂ ਵੱਡੀਆਂ ਫੂਡ ਐਗਰੀਕਲਚਰ ਆਰਗੇਨਾਈਜ਼ੇਸ਼ਨਜ਼ ਨੇ ਗੱਲ ਆਖੀ ਹੈ ਕਿ ਪੰਜਾਬ ਦੇ ਫਸਲੀ ਚੱਕਰ ਨੂੰ ਬਦਲਣ ਦੀ ਲੋੜ ਹੈ। ਕਣਕ ਝੋਨੇ ਦੇ ਫਸਲੀ ਚੱਕਰ ਨੂੰ ਚੇਂਜ ਕਰਨ ਦੀ ਲੋੜ ਹੈ ਕਿਉਂਕਿ ਪੰਜਾਬ ਦਾ ਪਾਣੀ ਦਿਨੋ ਦਿਨ ਸੁੱਕ ਰਿਹਾ ਹੈ ਅਤੇ ਨੀਵਾਂ ਹੋ ਰਿਹਾ ਹੈ। ਇੰਟਰਨੈਸ਼ਨਲ ਰਾਈਸ ਰਿਸਰਚ ਇੰਸਟੀਚਿਊਟ ਜਿਹੜਾ ਫਿਲਪੀਨਜ਼ ਵਿੱਚ ਹੈ, ਨੇ ਵੀ ਆਖਿਆ ਹੈ ਕਿ ਪੰਜਾਬ ਦੇ ਕਿਸਾਨ ਨੂੰ ਇਸ ਫਸਲੀ ਚੱਕਰ ਵਿੱਚੋਂ ਕੱਢਣਾ ਚਾਹੀਦਾ ਹੈ, ਐਗਰੀਕਲਚਰ ਨੂੰ ਡਾਈਵਰਸੀਫਾਈ ਕਰਨਾ ਚਾਹੀਦਾ ਹੈ। ਸਰਕਾਰਾਂ ਨੇ ਬਹੁਤ ਕੁਝ ਆਖਿਆ ਹੈ। ਪਿਛਲੀਆਂ ਸਰਕਾਰਾਂ ਨੇ ਵੀ ਬੜਾ ਯੋਗਦਾਨ ਪਾਇਆ। ਜੇ ਆਪਾਂ ਕਹੀਏ ਕਿ ਸਰਕਾਰ ਨੇ ਕੁਝ ਕੀਤਾ ਨਹੀਂ ਤਾਂ, ਇਹ ਠੀਕ ਨਹੀਂ, ਸਰਦਾਰ ਪਰਕਾਸ਼ ਸਿੰਘ ਬਾਦਲ ਧਰਤੀ ਪੁੱਤਰ ਹਨ, son of soil ਹਨ. ਉਹ ਜ਼ਮੀਨੀ ਹਕੀਕਤਾਂ ਜਾਣਦੇ ਹਨ ਕਿ ਕਿਸਾਨਾਂ ਨੂੰ ਕਿਸ ਚੀਜ਼ ਦੀ ਲੋੜ ਹੈ ਅਤੇ ਕੀ ਕੀ ਮੁਸ਼ਕਲਾਂ ਹਨ, ਉਨ੍ਹਾਂ ਨੇ ਬਹੁਤ ਵੱਡੇ ਵੱਡੇ ਕਦਮ ਚੁੱਕੇ। ਲੇਕਿਨ ਅਸੀਂ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਜਿਹੜੀਆਂ ਫਸਲਾਂ ਐਮ.ਐਸ.ਪੀ. ਵਿੱਚ ਕਵਰ ਨਹੀਂ ਹੁੰਦੀਆਂ, ਚਾਹੇ ਉਹ ਮੇਜ਼ ਹੈ, ਚਾਹੇ ਆਇਲ ਸੀਡਜ਼ ਹਨ, ਚਾਹੇ ਪਲਸਜ਼ ਹਨ ਜਾਂ ਐਗਰੋ ਇੰਡਸਟਰੀ ਹੈ ਜਾਂ ਕੋਈ ਹੋਰ ਹਾਰਟੀਕਲਚਰ ਹੈ, ਫਲੋਰੀਕਲਚਰ ਹੈ, ਤੁਸੀਂ ਹਾਰਟੀਕਲਚਰ ਨੂੰ ਪਰਮੋਟ ਕਰਨ ਦੀ ਗੱਲ ਆਖੀ ਹੈ।.....

**ਮਾਨਯੋਗ ਸਪੀਕਰ :** ਪਲੀਜ਼ ਵਾਈਂਡ ਅੱਪ ਕਰੋ ਜੀ।

**ਸਿੰਚਾਈ ਮੰਤਰੀ (ਰਾਣਾ ਗੁਰਜੀਤ ਸਿੰਘ) :** ਪੁਆਇੰਟ ਆਫ ਆਰਡਰ, ਸਰ।** **

**ਮਾਨਯੋਗ ਸਪੀਕਰ :** ਇਹ ਪੁਆਇੰਟ ਆਫ ਆਰਡਰ ਨਹੀਂ ਹੈ।

**ਸਿੰਚਾਈ ਮੰਤਰੀ :** ਸਰ, ਮੈਂ ਦੱਸਦਾ ਹਾਂ। ਡਾਈਵਰਸੀਫਿਕੇਸ਼ਨ ਵਿੱਚ ਇਸ ਸਰਕਾਰ ਨੇ ਕੁਝ ਨਹੀਂ ਕੀਤਾ।

**ਮਾਨਯੋਗ ਸਪੀਕਰ :** ਉਸ ਗੱਲ ਦਾ ਤੁਸੀਂ ਜਵਾਬ ਦੇ ਦਿਉ ਜੀ।

**ਸਿੰਚਾਈ ਮੰਤਰੀ :** ਸਰ, 15000 ਏਕੜ under sugar wheat cultivation ਲਿਆਂਦਾ। ਸਰਕਾਰ ਨੇ ਕਿਸੇ ਕਿਸਮ ਦੀ ਮਦਦ ਨਹੀਂ ਕੀਤੀ। ਅਗਰ ਮੇਰੇ ਵਰਗੇ ਕਿਸੇ ਨੇ ਕੋਸ਼ਿਸ਼ ਕੀਤੀ ਤਾਂ ਆਪਣੇ ਨਿੱਜੀ ਬਲ ਤੇ ਕੀਤੀ ਅਤੇ ਪਰੂਵ ਕੀਤਾ। ਉਸ ਵੇਲੇ ਤੁਹਾਡੀ ਸਰਕਾਰ ਸੁੱਤੀ ਪਈ ਸੀ।

**ਮਾਨਯੋਗ ਸਪੀਕਰ :** ਪਲੀਜ਼ ਬੈਠੋ। ਵਡਾਲਾ ਜੀ, ਤੁਹਾਡਾ ਟਾਈਮ ਹੋ ਗਿਆ ਜੀ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਸਪੀਕਰ ਸਾਹਿਬ, ਮੈਂ ਦੋ ਮਿੰਟ ਵਿੱਚ ਹੀ ਵਾਈਂਡ ਅੱਪ ਕਰ ਦੇਣਾ ਹੈ ਜੀ।

**ਮਾਨਯੋਗ ਸਪੀਕਰ :** ਵਾਈਂਡ ਅੱਪ ਕਰ ਦਿਉ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਸਪੀਕਰ ਸਾਹਿਬ, ਪੰਜਾਬ ਦੇ ਕਿਸਾਨ ਨੂੰ ਅੱਜ ਨਵੀਂ ਦਿਸ਼ਾ ਦੇਣ ਦੀ ਲੋੜ ਹੈ। ਰਾਣਾ ਸਾਹਿਬ ਨੇ ਠੀਕ ਆਖਿਆ ਹੈ ਕਿ ਤੁਸੀਂ ਤਾਂ ਆਪਣੀਆਂ ਸ਼ੂਗਰ ਮਿੱਲਜ਼ ਜ਼ਰੂਰ ਚਲਾਈਆਂ we appreciate Rana Sahib. There is nothing wrong about that. But ਜੇ ਆਪਾਂ ਕਿਸੇ ਸਰਕਾਰ ਨੂੰ ਕਹੀਏ ਕਿ ਸਰਕਾਰ ਨੇ ਨਹੀਂ ਕੀਤਾ this is wrong. ਪਿਛਲੀਆਂ ਸਰਕਾਰ ਨੇ ਵੀ ਕੀਤਾ ਹੈ ਅਤੇ ਆਪਾਂ ਨੂੰ ਵੀ ਕਰਨਾ ਚਾਹੀਦਾ ਹੈ। ਕਿਸਾਨ ਨੂੰ ਇਸ ਮੁਸ਼ਕਲ ਵਿੱਚੋਂ ਕੱਢਣ ਦੀ ਲੋੜ ਹੈ। ਆਰਗੇਨਿਕ ਫਾਰਮਿੰਗ ਦਾ ਜ਼ਿਕਰ.....

**ਮਾਨਯੋਗ ਸਪੀਕਰ :** ਧੰਨਵਾਦ, ਬੈਠੋ। ਪਲੀਜ਼ ਬੈਠੋ ਜੀ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਦੋ ਮਿੰਟ ਦੇ ਦਿਉ ਜੀ।

**ਮਾਨਯੋਗ ਸਪੀਕਰ :** ਕੀ ਤੁਹਾਡੇ ਦੂਜੇ ਮੈਂਬਰਜ਼ ਨੇ ਟਾਈਮ ਨਹੀਂ ਲੈਣਾ? ਮੈਂ ਤਾਂ ਚਾਹਾਂਗਾ ਕਿ ਉਹ ਵੀ ਬੋਲ ਲੈਂਦੇ ਪਰ ਤੁਸੀਂ ਸਾਰਾ ਟਾਈਮ ਲਈ ਜਾਂਦੇ ਹੋ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਇੱਕ ਮਿੰਟ ਜੀ, ਮੈਂ ਪਾਣੀਆਂ ਦੀ ਗੱਲ ਕਰਨੀ ਹੈ। ਮੁੱਖ ਮੰਤਰੀ ਸਾਹਿਬ ਬੈਠੇ ਹਨ, ਸਾਰੀ ਕੈਬਨਿਟ ਬੈਠੀ ਹੈ। ਇਸ ਵੇਲੇ ਪੰਜਾਬ ਦੇ ਅੱਗੇ ਪਾਣੀ ਦਾ ਸਭ ਤੋਂ ਵੱਡਾ ਚੈਲੈਂਜ ਹੈ। ਆਪਾਂ ਸਾਰਿਆਂ ਨੂੰ ਇਕੱਠੇ ਹੋ ਕੇ ਇਸ ਦੇ ਹੱਲ ਲੱਭਣੇ ਚਾਹੀਦੇ ਹਨ। ਉਸ ਵਿੱਚ ਵੀ ਆਪਾਂ ਨੂੰ ਤੁਹਮਤਬਾਜ਼ੀ ਨਹੀਂ ਕਰਨੀ ਚਾਹੀਦੀ ਕਿ ਐਸ.ਵਾਈ.ਐਲ. ਦੀ ਪੁਟਾਈ ਕਿਸ ਨੇ ਕੀਤੀ, ਕਿਸ ਨੇ ਕੀ-ਕੀ ਕੀਤਾ।

** Expunged as ordered by the Chair.

**ਸਰਦਾਰ ਕੁਸਲਦੀਪ ਸਿੰਘ ਕਿੱਕੀ ਢਿੱਲੋਂ :** ਪੁਆਇੰਟ ਆਫ ਆਰਡਰ, ਸਰ। ਪੰਜਾਬ ਦੇ ਪਾਣੀ ਦੀ ਗੱਲ ਹੈ।

**ਮਾਨਯੋਗ ਸਪੀਕਰ :** ਇਹ ਪੁਆਇੰਟ ਆਫ ਆਰਡਰ ਨਹੀਂ ਹੈ। It is not concerning rules. ਤੁਸੀਂ ਆਪਣੇ ਟਾਈਮ ਤੇ ਬੋਲੋ ਜੀ। ਢਿੱਲੋਂ ਸਾਹਿਬ, ਤੁਸੀਂ ਆਪਣੀ ਗੱਲ ਆਪਣੇ ਸਮੇਂ ਤੇ ਕਰੋ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਮੈਂ ਸੀ.ਐਮ. ਸਾਹਿਬ ਨੂੰ appreciate ਕਰਨ ਲੱਗਾ ਹਾਂ, ਤੁਸੀਂ ਬੈਠ ਜਾਓ ਪਲੀਜ਼। ਸਪੀਕਰ ਸਾਹਿਬ, ਸੀ.ਐਮ. ਸਾਹਿਬ ਨੇ ਇੱਕ ਬੜੀ ਵੱਡੀ ਗੱਲ ਆਖੀ ਹੈ ਕਿ ਅਗਰ ਐਸ.ਵਾਈ.ਐਲ. ਦਾ ਪਾਣੀ ਆਪਣੇ ਪੰਜਾਬ ਤੋਂ ਲਿਆ ਗਿਆ ਤਾਂ ਪੰਜਾਬ ਦੇ ਹਾਲਾਤ ਖਰਾਬ ਹੋ ਸਕਦੇ ਹਨ। ਅਸੀਂ ਇਸ ਗੱਲ ਨਾਲ ਸਹਿਮਤ ਹਾਂ। ਲੇਕਿਨ ਇਸ ਲਈ ਸਾਨੂੰ ਸਭ ਨੂੰ ਇਕੱਠੇ ਹੋ ਕੇ ਇਸ ਦਾ ਹੱਲ ਲੱਭਣਾ ਚਾਹੀਦਾ ਹੈ। ਜੇ ਆਪਾਂ ਪੰਜਾਬ ਦਾ ਪਾਣੀ ਨਾ ਬਚਾਇਆ ਤਾਂ ਆਉਣ ਵਾਲੇ ਸਮੇਂ ਵਿੱਚ ਨਾਸਾ ਨੇ ਕਹਿ ਦਿੱਤਾ ਹੈ ਕਿ 30 ਸਾਲਾਂ ਬਾਅਦ ਪੰਜਾਬ ਦਾ ਪਾਣੀ ਖਤਮ ਹੋ ਜਾਵੇਗਾ।

**ਮਾਨਯੋਗ ਸਪੀਕਰ :** ਧੰਨਵਾਦ, ਧੰਨਵਾਦ। ਬੈਠੋ ਪਲੀਜ਼ ਬੈਠੋ। ਪਲੀਜ਼, ਵਾਈਂਡ ਅੱਪ ਕਰੋ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਸਭ ਤੋਂ ਵੱਡਾ ਚੈਲੰਜ ਇਸ ਸਮੇਂ ਪੰਜਾਬ ਦਾ ਪਾਣੀ ਹੈ। ਇਸ ਵਾਸਤੇ ਮੈਂ ਕਹਿੰਦਾ ਹਾਂ ਕਿ ਮੈਂ ਗਵਰਨਰ ਸਾਹਿਬ ਦੇ ਐਡਰੈਸ ਨਾਲ ਬਿਲਕੁਲ ਮੁਤਫਿਕ ਨਹੀਂ। ਇੰਨਾ ਕੁਝ ਕਹਿੰਦੇ ਹੋਏ, ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਸ਼੍ਰੀ ਸੋਮ ਪ੍ਰਕਾਸ਼ (ਫਗਵਾੜਾ, ਐਸ. ਸੀ.) :** ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਐਡਰੈਸ ਤੇ ਬੋਲਣ ਦਾ ਮੌਕਾ ਦਿੱਤਾ ਹੈ। ਗਵਰਨਰ ਐਡਰੈਸ ਦੇ ਪਹਿਲੇ ਪੇਜ਼ ਤੇ ਪੈਰ੍ਹਾ ਤਿੰਨ ਵਿੱਚ ਹਲਕਾ ਇੰਚਾਰਜਾਂ ਦਾ ਜ਼ਿਕਰ ਕੀਤਾ ਗਿਆ ਹੈ। ਕਿਹਾ ਗਿਆ ਹੈ ਕਿ ਬਹੁਤ ਗਲਤ ਕੰਮ ਕੀਤਾ ਹੈ। ਮੈਂ ਮੁੱਖ ਮੰਤਰੀ ਜੀ ਨੂੰ ਵੀ ਮਿਲਿਆ ਸੀ, ਇਨ੍ਹਾਂ ਨੂੰ ਚਿੱਠੀਆਂ ਵੀ ਲਿਖੀਆਂ ਕਿ ਹਲਕਾ ਇੰਚਾਰਜ ਦਾ ਸਿਸਟਮ ਖਤਮ ਨਹੀਂ ਹੋਇਆ। ਜਿੰਨੇ ਕੇਸ ਰਜਿਸਟਰ ਕੀਤੇ ਗਏ ਹਨ, ਮੈਂ ਸਾਰਿਆਂ ਦੀ ਲਿਸਟ ਬਣਾ ਕੇ ਡੀ.ਜੀ.ਪੀ. ਸਾਹਿਬ ਨੂੰ ਵੀ ਭੇਜੀ ਹੈ ਤੇ ਸੀ.ਐਮ. ਸਾਹਿਬ ਦੇ ਦਫਤਰ ਵੀ ਭੇਜੀ ਹੈ। ਐਫ.ਆਈ.ਆਰ. ਵਿੱਚ ਐਸ.ਐਚ.ਓ ਨੇ ਲਿਖਿਆ ਹੈ ਕਿ ਕੇਸ ਠੀਕ ਠਾਕ ਹੈ, ਬੰਦੇ ਦਾ ਕਸੂਰ ਕੋਈ ਨਹੀਂ ਹੈ। ਮੈਨੂੰ ਉੱਪਰੋਂ ਅਫਸਰਾਂ ਦਾ ਹੁਕਮ ਹੈ, ਇਸ ਲਈ ਮੈਂ ਐਫ.ਆਈ.ਆਰ. ਦਰਜ ਕਰ ਦਿੱਤੀ ਹੈ। ਇਹ ਵੀ ਕੇਸ ਹੋਇਆ ਕਿ ਇੱਕ ਸਾਧੂ ਦਾ ਸਸਕਾਰ ਕਰਨਾ ਸੀ, ਪੁਲਿਸ ਦਾ 200 ਬੰਦਾ ਉੱਥੇ ਗਿਆ, ਸਾਨੂੰ ਹਾਈ ਕੋਰਟ ਤੋਂ

ਆਰਡਰ ਲੈਣੇ ਪਏ ਤਾਂ ਜਾ ਕੇ ਅਸੀਂ ਸਸਕਾਰ ਕਰ ਸਕੇ। ਇਸ ਤਰ੍ਹਾਂ ਦੇ 7-8 ਕੇਸ ਹਨ ਜੋ ਮੈਂ ਲਿਖ ਕੇ ਭੇਜੇ ਹਨ। ਦੂਸਰੀ ਮੈਂ ਬੇਨਤੀ ਕਰਦਾ ਹਾਂ ਕਿ ਹਲਕਾ ਇੰਚਾਰਜਾਂ ਦੀ ਜਿਹੜੀ ਪ੍ਰਥਾ ਹੈ, ਇਹ ਕਹਿੰਦੇ ਹਨ ਕਿ ਕੁਝ ਨਹੀਂ ਹੋ ਰਿਹਾ, ਇਹ ਦੇਖੋ ਬਾਇਓਟੈਕ ਮਸ਼ੀਨਾਂ ਦਾ ਉਦਘਾਟਨ ਕਰ ਰਹੇ ਹਨ (ਕਾਗਜ਼ ਦਿਖਾਉਂਦੇ ਹੋਏ) ਹਾਰਿਆ ਐਮ.ਐਲ.ਏ. ਬਾਇਓਟੈਕ ਮਸ਼ੀਨ ਦਾ ਉਦਘਾਟਨ ਕਰ ਰਿਹਾ ਹੈ। ਇਹ ਖਬਰ ਦੇਖੋ, "ਪੂਰਵ ਮੰਤਰੀ ਨੇ ਲਿਆ, ਗੇਹੂੰ ਖਰੀਦ ਕਾ ਜਾਇਜ਼ਾ।" ਉਹ ਸਾਰੇ ਅਫਸਰਾਂ ਦੀ ਮੀਟਿੰਗ ਕਰ ਰਿਹਾ ਹੈ। ਫਿਰ ਹੋਰ ਹਲਕਾ ਇੰਚਾਰਜ ਆਪਾਂ ਕਿਸ ਨੂੰ ਕਹਿੰਦੇ ਹਾਂ।

**ਸਰਦਾਰ ਨਵਤੇਜ ਸਿੰਘ ਚੀਮਾ :** ਪੁਆਇੰਟ ਆਫ ਆਰਡਰ, ਸਰ।

**ਸ਼੍ਰੀ ਸੋਮ ਪ੍ਰਕਾਸ਼ :** ਮੈਂ ਕਹਿੰਦਾ ਹਾਂ ਕਿ ਸੁਣ ਲਓ, ਸੀ.ਐਮ. ਸਾਹਿਬ ਦੀ commitment ਹੈ। ਗਵਰਨਰ ਸਾਹਿਬ ਦੇ ਐਡਰੈਸ ਵਿੱਚ ਪਾਇਆ ਹੋਇਆ ਹੈ। ਆਰਡਰ ਕੁਝ ਨਹੀਂ ਹੈ। ਸੁਣ ਲਓ ਮੇਰੀ ਗੱਲ।

**ਮਾਨਯੋਗ ਸਪੀਕਰ :** ਗੱਲ ਕਰਨ ਦਿਓ ਜੀ ਪਲੀਜ਼।

**ਸਰਦਾਰ ਨਵਤੇਜ ਸਿੰਘ ਚੀਮਾ :** ਸਪੀਕਰ ਸਾਹਿਬ, ਸਾਡੇ ਸੀ.ਐਮ. ਸਾਹਿਬ ਨੇ ਜਿਹੜਾ ਵਾਅਦਾ ਕੀਤਾ ਸੀ, ਉਹ ਸੀ ਕਿ ਹਲਕੇ ਹੋਏ ਇੰਚਾਰਜ, ਜਿਹੜੇ ਹਲਕ ਗਏ ਹਨ । (ਹਾਸਾ)

**ਸ਼੍ਰੀ ਸੋਮ ਪ੍ਰਕਾਸ਼ :** ਹਲਕੇ ਹੋਏ ਕਿਹੜੇ?

**ਮਾਨਯੋਗ ਸਪੀਕਰ :** ਬੈਠੋ, ਬੈਠੋ ਪਲੀਜ਼।

**ਸ਼੍ਰੀ ਸੋਮ ਪ੍ਰਕਾਸ਼ :** ਸਰ, ਜੇ ਇਸ ਢੰਗ ਨਾਲ ਉਹ ਪੁਲਿਸ ਦੇ ਅਫਸਰਾਂ ਦੀ ਮੀਟਿੰਗ ਕਰਦੇ ਰਹੇ, ਇਸ ਢੰਗ ਨਾਲ ਡੀ.ਟੀ.ਓ. ਦਫਤਰ ਜਾ ਕੇ ਮੀਟਿੰਗਾਂ ਕਰਦੇ ਰਹੇ, ਜਿਸ ਢੰਗ ਨਾਲ ਕਾਰਪੋਰੇਸ਼ਨ ਦੇ ਦਫਤਰਾਂ ਵਿੱਚ ਜਾਂਦੇ ਹਨ ਔਰ ਜਿਸ ਢੰਗ ਨਾਲ ਉਨ੍ਹਾਂ ਨੂੰ ਡਰਾਉਂਦੇ ਹਨ, ਸਿੱਧੂ ਸਾਹਿਬ ਤੁਹਾਡੇ ਧਿਆਨ ਦੇਣ ਵਾਲੀ ਗੱਲ ਹੈ, ਕਾਰਪੋਰੇਸ਼ਨ ਵਿੱਚ ਜਾ ਕੇ ਮੀਟਿੰਗਾਂ ਕਰਦੇ ਹਨ, ਫਿਰ ਇੱਕ ਬੰਦਾ ਛੱਡ ਜਾਂਦੇ ਹਨ ਕਿ ਸ਼ਾਮ ਨੂੰ ਆ ਕੇ ਮਿਲ ਲਓ। ਦੇਖੋ ਆਪਾਂ ਸਿਸਟਮ ਨੂੰ ਠੀਕ ਕਰਨਾ ਹੈ। ਤੁਸੀਂ ਇੱਕ ਦਿਨ ਵਾਸਤੇ ਉੱਥੇ ਗਏ ਸੀ ਪਰ ਤੁਹਾਡੇ ਕੋਲ ਲੋਕਾਂ ਨੇ ਬਹੁਤ ਸਾਰੀਆਂ ਸ਼ਿਕਾਇਤਾਂ ਕੀਤੀਆਂ। ਤੁਸੀਂ ਕਿਹਾ ਕਮਿਸ਼ਨਰ ਨੂੰ ਕਿ ਕਾਕਾ ਰਿਪੋਰਟ ਠੀਕ ਦੇ ਦੇਈਂ ਨਹੀਂ ਤਾਂ ਮੈਂ ਪਟਾਕੇ ਪਾ ਦੂੰ।

**ਸਥਾਨਕ ਸਰਕਾਰ ਮੰਤਰੀ (ਸਰਦਾਰ ਨਵਜੋਤ ਸਿੰਘ ਸਿੱਧੂ) :** ਪਟਾਕੇ ਤਾਂ ਮੈਂ ਪਾ ਹੀ ਰਿਹਾ ਹਾਂ।

**ਸ਼੍ਰੀ ਸੋਮ ਪ੍ਰਕਾਸ਼ :** ਉਨ੍ਹਾਂ ਪਟਾਕਿਆਂ ਦਾ ਅਸਰ ਕੀ ਹੋਇਆ। ਉਹ ਰਿਪੋਰਟ ਵੀ ਠੀਕ ਆ ਗਈ। ਜਿਹੜਾ ਤੁਹਾਡਾ ਹਲਕਾ ਇੰਚਾਰਜ ਹੈ, ਉਸ ਨੂੰ ਕਿੰਨਾ ਫਾਇਦਾ ਹੋਇਆ,

ਇਹ ਵੀ ਦੇਖਣ ਵਾਲੀ ਗੱਲ ਹੈ। ਤੁਸੀਂ ਤਾਂ ਬਹੁਤ ਇਮਾਨਦਾਰ ਹੋ। ਮੈਂ ਤੁਹਾਨੂੰ ਚਿੱਠੀ ਵੀ ਲਿਖੀ ਹੈ, ਤੁਹਾਡੀ ਇਮਾਨਦਾਰੀ ਦੀ ਕਦਰ ਕਰਦੇ ਹਾਂ ਲੇਕਿਨ ਜੇ ਤੁਹਾਡੇ ਜਾਣ ਨਾਲ 2-3 ਲੱਖ ਰੁਪਿਆ ਕਿਸੇ ਦਾ ਮਹੀਨਾ ਬੱਝ ਜਾਵੇ ਤਾਂ ਇਹ ਬਹੁਤ ਮਾੜੀ ਗੱਲ ਹੈ। ਤੁਸੀਂ ਕਮੇਟੀ ਬਣਾਈ ਕਿ ਇਹ ਸੋਸ਼ਲ ਆਡਿਟ ਕਰਨਗੇ ।

**ਸਰਦਾਰ ਰਮਨਜੀਤ ਸਿੰਘ ਸਿੱਕੀ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਮੈਂ ਤੁਹਾਡੇ ਰਾਹੀਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਦੋ ਲੱਖ ਰੁਪਿਆ ਮਹੀਨਾ ਬੱਝ ਗਿਆ ਹੈ। ਇਨ੍ਹਾਂ ਕੋਲ ਕੀ ਸਬੂਤ ਹੈ ਕਿ ਦੋ ਲੱਖ ਰੁਪਿਆ ਮਹੀਨਾ ਬੱਝ ਗਿਆ ਹੈ।

**ਮਾਨਯੋਗ ਸਪੀਕਰ :** ਇਨ੍ਹਾਂ ਦੀ ਗੱਲ ਪੂਰੀ ਹੋ ਲੈਣ ਦਿਓ ਜੀ।

**ਸਰਦਾਰ ਰਮਨਜੀਤ ਸਿੰਘ ਸਿੱਕੀ :** ਇਨ੍ਹਾਂ ਕੋਲ ਕੀ ਸਬੂਤ ਹੈ? ਜੋ ਮੂੰਹ ਵਿੱਚ ਆ ਗਿਆ, ਕਹੀ ਜਾਣ। ਇਨ੍ਹਾਂ ਦੀਆਂ ਇਹ ਆਦਤਾਂ ਹੋਣਗੀਆਂ। ਇਹ ਮਾਫੀ ਮੰਗਣ। ਇਹ ਸ਼ਬਦ ਐਕਸਪੰਜ ਕੀਤੇ ਜਾਣ। (ਵਿਘਨ.........ਸ਼ੋਰ)

**ਮਾਨਯੋਗ ਸਪੀਕਰ :** ਸਿੱਕੀ ਜੀ, ਬੈਠੋ । ਬੈਠੋ, ਰਾਜਾ ਜੀ, ਬੈਠੋ ਪਲੀਜ਼ ।

**ਸ਼੍ਰੀ ਸੋਮ ਪ੍ਰਕਾਸ਼ :** ਸਪੀਕਰ ਸਾਹਿਬ, ਮੈਨੂੰ ਬੋਲ ਲੈਣ ਦਿਓ। ਮਾਨਯੋਗ ਮੰਤਰੀ, ਸਿੱਧੂ ਸਾਹਿਬ ਗਏ ਸੀ। ਸਾਨੂੰ ਸਵਾਗਤ ਕਰਨਾ ਚਾਹੀਦਾ ਸੀ। ਪਹਿਲੀ ਵਾਰੀ ਗਏ ਸੀ।

**ਮਾਨਯੋਗ ਸਪੀਕਰ :** ਸੋਮ ਪ੍ਰਕਾਸ਼ ਜੀ, ਤੁਹਾਡਾ ਟਾਈਮ ਹੋ ਗਿਆ ਹੈ। Thank you so much.

**ਸ਼੍ਰੀ ਸੋਮ ਪ੍ਰਕਾਸ਼ :** ਸਪੀਕਰ ਸਾਹਿਬ, ਸਿਰਫ ਦੋ ਮਿੰਟ ।

**ਮਾਨਯੋਗ ਸਪੀਕਰ :** ਵਾਈਂਡ ਅੱਪ ਕਰ ਦਿਓ ਜੀ।

**ਸ਼੍ਰੀ ਸੋਮ ਪ੍ਰਕਾਸ਼ :** ਹਾਂ ਜੀ, ਮੈਂ ਵਾਈਂਡ ਅੱਪ ਕਰ ਰਿਹਾ ਹਾਂ। ਸਰ, ਇਨ੍ਹਾਂ ਦੇ ਜਾਣ ਨਾਲ ਚਾਰ ਬੰਦਿਆਂ ਦੀ ਸੋਸ਼ਲ ਆਡਿਟ ਕਮੇਟੀ ਬਣ ਗਈ। ਉਸ ਵਿੱਚ ਹਲਕਾ ਇੰਚਾਰਜ ਤੇ ਹੋਰ ਤਿੰਨ ਕਾਂਗਰਸ ਦੇ ਬੰਦਿਆਂ ਦੀ ਕਮੇਟੀ ਬਣਾ ਦਿੱਤੀ। ਉਨ੍ਹਾਂ ਦੀਆਂ ਮੀਟਿੰਗਾਂ ਹੋ ਗਈਆਂ, ਪ੍ਰੋਸੀਡਿੰਗਜ਼ ਹੋ ਗਈਆਂ। ਮੈਂ ਕੱਲ੍ਹ ਸੀ.ਐਮ. ਸਾਹਿਬ ਨੂੰ ਪੁੱਛਿਆ ਸੀ ਕਿ ਕੀ ਸੋਸ਼ਲ ਆਡਿਟ ਦੀਆਂ ਕਮੇਟੀਆਂ ਬਣਾਈਆਂ ਹਨ ਤੇ ਇਨ੍ਹਾਂ ਦਾ ਜਵਾਬ ਸੀ, ਨਹੀਂ ਜੀ। ਇਹ ਤਾਂ ਕਹਿੰਦੇ ਹਨ, ਨਹੀਂ ਜੀ, ਪਰ ਮੰਤਰੀ ਜੀ ਤਾਂ ਕਮੇਟੀਆਂ ਬਣਾ ਆਏ, ਉਸ ਦੀਆਂ ਪ੍ਰੋਸੀਡਿੰਗਜ਼ ਵੀ ਹੋ ਗਈਆਂ ਔਰ ਮੇਅਰ ਨੂੰ ਪਤਾ ਨਹੀਂ ਹੈ। ਕਾਂਸਟੀਚਿਊਸ਼ਨ ਦੀ 74ਵੀਂ ਅਮੈਂਡਮੈਂਟ ਇਹ ਕਹਿੰਦੀ ਹੈ ਜਿਸ ਤਰ੍ਹਾਂ ਯੂਨੀਅਨ ਗੌਰਮਿੰਟ ਨੂੰ ਪਾਵਰਾਂ ਉਥੇ ਦਿੱਤੀਆਂ ਹੋਈਆਂ ਹਨ, ਲੈਜਿਸਲੇਚਰਜ਼ ਨੂੰ ਪਾਵਰਾਂ ਇੱਥੇ ਦਿੱਤੀਆਂ ਹੋਈਆਂ ਹਨ, ਲੋਕਲ ਗੌਰਮਿੰਟ ਨੂੰ ਉਥੇ ਪਾਵਰਾਂ ਹਨ। ਇਸ ਕਰਕੇ ਤੁਸੀਂ ਕਮੇਟੀ ਨਹੀਂ ਬਣਾ ਸਕਦੇ ।

**ਮਾਨਯੋਗ ਸਪੀਕਰ :** ਪਲੀਜ਼ ਬੈਠੋ । ਤੁਹਾਡੀ ਗੱਲ ਹੋ ਗਈ ਹੈ ।

**ਸਥਾਨਕ ਸਰਕਾਰ ਮੰਤਰੀ (ਸਰਦਾਰ ਨਵਜੋਤ ਸਿੰਘ ਸਿੱਧੂ) :** ਮਾਨਯੋਗ ਸਪੀਕਰ ਸਾਹਿਬ, ਮੈਂ ਜਵਾਬ ਦੇਣਾ ਚਾਹੁੰਦਾ ਹਾਂ । ਮੈਂਬਰ ਸਾਹਿਬ,....

**ਮਾਨਯੋਗ ਸਪੀਕਰ :** ਸਿੱਧੂ ਸਾਹਿਬ, ਚੇਅਰ ਨੂੰ ਐਡਰੈਸ ਕਰੋ ਜੀ।

**ਸਥਾਨਕ ਸਰਕਾਰ ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਪਿਛਲੇ ਮੰਤਰੀ ਸਾਹਿਬ ਨਾਲ ਇਹੀ ਅਟੈਚ ਸਨ। ਇਨ੍ਹਾਂ ਨੇ 13 ਲੱਖ ਦਾ ਟਿਊਬਵੈਲ 27-27 ਲੱਖ ਰੁਪਏ ਵਿੱਚ ਲਗਾਇਆ ਹੈ। (ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਇਹ ਦੱਸਣ, ਕਿਉਂ? ਇਨ੍ਹਾਂ ਨੇ 800 ਕਰੋੜ ਰੁਪਏ ਦੇ ਸਿੰਗਲ ਟੈਂਡਰ ਇੱਕ ਇੱਕ ਸ਼ਹਿਰ ਵਿੱਚ ਲਗਾਏ ਤੇ ਇਨ੍ਹਾਂ ਨੂੰ ਕਿਨ੍ਹਾਂ ਨੇ ਇਜਾਜ਼ਤ ਦਿੱਤੀ ?

**ਸ਼੍ਰੀ ਸੋਮ ਪ੍ਰਕਾਸ਼ :** ਸਪੀਕਰ ਸਾਹਿਬ, ਇਹ ਆਪਣੀ ਗੱਲ ਲੁਕੋ ਰਹੇ ਹਨ।

**ਸਥਾਨਕ ਸਰਕਾਰ ਮੰਤਰੀ :** ਅਸੀਂ ਕੀ ਲੁਕੋ ਰਹੇ ਹਾਂ? ਸਾਡੇ ਕੋਲ ਲੁਕਾਉਣ ਨੂੰ ਹੈ ਹੀ ਕੁਝ ਨਹੀਂ। 25% ਦੇ ਫਰਕ ਨਾਲ ਤੁਸੀਂ ਮਿੱਟੀ ਇੱਧਰ ਉਧਰ ਪਾਉਂਦੇ ਹੋ। ਉਦੋਂ ਤੁਸੀਂ ਸੁੱਤੇ ਪਏ ਸੀ। ਉਦੋਂ ਕਿਉਂ ਨਾ ਬੋਲੇ। ਉਦੋਂ ਤੁਸੀਂ ਭਾਈਵਾਲ ਸੀ । (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਬੈਠੋ ਜੀ। ਗੁਰਮੀਤ ਸਿੰਘ ਜੀ ਮੀਤ ਹੇਹਰ। (ਵਿਘਨ) ਤੁਸੀਂ ਉਸ ਤੋਂ ਬਾਅਦ ਬੋਲਣਾ ਹੈ, ਉਸ ਸਮੇਂ ਕਹਿ ਲੈਣਾ ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਗ ਕਰਦਾ ਹਾਂ ਕਿ ਸੀ.ਐਮ. ਸਾਹਿਬ ਵਿਜੀਲੈਂਸ ਦੀ ਇਨਕੁਆਰੀ ਕਰਵਾਉਣ? (ਵਿਘਨ) (ਸ਼ੋਰ)

**ਸਥਾਨਕ ਸਰਕਾਰ ਮੰਤਰੀ :** ਮੈਂ ਤਾਂ ਇਨ੍ਹਾਂ ਨੂੰ ਬਚਾਉਣ ਲਈ ਰੋਕਦਾ ਸੀ ਪਰ ਚਲੋ ਨਹੀਂ ਬਚਾਉਂਦੇ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਸੋਮ ਪ੍ਰਕਾਸ਼ ਜੀ, ਬੈਠ ਜਾਓ। ਤੁਹਾਡੀ ਗੱਲ ਆ ਗਈ ਹੈ। ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ (ਬਰਨਾਲਾ) :** ਸਪੀਕਰ ਸਾਹਿਬ, ਮੈਂ ਗਵਰਨਰ ਐਡਰੈਸ ਦੇ 25ਵੇਂ ਪੈਰ੍ਹਾਗਰਾਫ ਤੇ ਬਹਿਸ ਕਰਨ ਲਈ ਖੜ੍ਹਾ ਹੋਇਆ ਹਾਂ। ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿੱਚ ਕਿਹਾ ਹੈ ਕਿ ਸਰਕਾਰ ਪੰਜਾਬ ਵਿੱਚ ਨਸ਼ਿਆਂ ਨੂੰ ਖਤਮ ਕਰਨ ਲਈ ਚਿੰਤਤ ਹੈ। ਉਸ ਲਈ ਮੁੱਖ ਮੰਤਰੀ ਸਾਹਿਬ ਨੇ ਇੱਕ ਸਪੈਸ਼ਲ ਟਾਸਕ ਫੋਰਸ ਦਾ ਗਠਨ ਵੀ ਕੀਤਾ ਤੇ ਉਨ੍ਹਾਂ ਦੇ ਚੀਫ ਨੇ 12 ਜੂਨ ਨੂੰ ਪ੍ਰੈਸ ਕਾਨਫਰੰਸ ਕਰਕੇ ਡਾਟਾ ਦਿੱਤਾ ਹੈ ਕਿ ਪੰਜਾਬ ਵਿੱਚ 12 ਜੂਨ ਤੱਕ 25.7 ਕਿਲੋ ਹੈਰੋਇਨ ਪਕੜੀ ਗਈ ਹੈ ਤੇ 200 ਬੰਦੇ ਅਰੈਸਟ ਕੀਤੇ ਗਏ ਹਨ। ਮੈਂ ਮੁੱਖ ਮੰਤਰੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਗੌਰਮਿੰਟ ਦੀ ਹੈਲਥ ਦੀ ਸਾਈਟ ਹੈ, ਜਿਸ ਤੇ ਸਰਕਾਰੀ ਏਜੰਸੀ ਦਾ ਸਰਵੇ ਹੈ ਕਿ ਅੱਜ

[ ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ ]

ਪੰਜਾਬ ਵਿੱਚ ਜਿਹੜੇ ਹੈਰੋਇਨ ਦੇ ਪੱਕੇ ਡਿਪੈਂਡੈਂਟ ਹਨ, ਜਿਹੜੇ ਆਦੀ ਹਨ ਤੇ ਜਿਨ੍ਹਾਂ ਦਾ ਸਰਦਾ ਨਹੀਂ, ਉਨ੍ਹਾਂ ਦੀ ਗਿਣਤੀ ਦੋ ਲੱਖ 32 ਹਜ਼ਾਰ ਹੈ। ਜੇ ਮਾਹਿਰਾਂ ਦੀ ਮੰਨੀਏ ਤਾਂ ਜਿਹੜਾ ਪੱਕਾ ਆਦੀ ਹੈ, ਉਹ ਇੱਕ ਦਿਨ ਵਿੱਚ ਅੱਧਾ ਗਰਾਮ ਦਾ ਸੇਵਨ ਕਰਦਾ ਹੈ ਤੇ ਦੋ ਲੱਖ 32 ਹਜ਼ਾਰ ਦੇ ਹਿਸਾਬ ਨਾਲ ਪੰਜਾਬ ਵਿੱਚ ਖਪਤ ਇੱਕ ਕੁਇੰਟਲ 16 ਕਿਲੋ ਹੈ। ਸਾਡੀ ਐਸ.ਟੀ.ਐਫ. ਕਹਿੰਦੀ ਹੈ ਕਿ ਉਨ੍ਹਾਂ ਨੇ ਅਜੇ ਤੱਕ 25 ਕਿੱਲੋ ਫੜੀ ਹੈ, ਜਿਹੜੀ ਇੱਕ ਦਿਨ ਦੀ ਲਾਗਤ ਦਾ ਚੌਥਾ ਹਿੱਸਾ ਵੀ ਨਹੀਂ ਬਣਦੀ। ਜੇ ਮੁੱਖ ਮੰਤਰੀ ਸਾਹਿਬ ਕਹਿੰਦੇ ਹਨ ਕਿ ਨਸ਼ਿਆਂ ਦੀ ਸਪਲਾਈ ਬੰਦ ਹੋ ਚੁੱਕੀ ਹੈ ਤਾਂ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ 2,32,000 ਪੱਕੇ ਆਦੀ ਸੀ, ਜੇ ਤਾਂ ਅੱਜ ਨਸ਼ਾ ਬੰਦ ਹੈ, ਫਿਰ ਤਾਂ ਉਹ ਨਸ਼ਾ ਛੁਡਾਊ ਕੇਂਦਰਾਂ ਵਿੱਚ ਹੋਣੇ ਚਾਹੀਦੇ ਹਨ। ਇੰਡੀਅਨ ਐਕਸਪ੍ਰੈਸ ਦੀ ਰਿਪੋਰਟ ਹੈ ਕਿ ਸਰਕਾਰ ਬਣਨ ਤੋਂ ਬਾਅਦ ਲਗਾਤਰ ਜਿਹੜੇ ਨਸ਼ਾ ਛੁਡਾਊ ਕੇਂਦਰ ਹਨ, ਉਨ੍ਹਾਂ ਵਿੱਚ ਗਿਣਤੀ ਵਧੀ ਨਹੀਂ, ਘਟ ਰਹੀ ਹੈ। Two months later no rise in patients in de-addiction centers. ਇੱਕ ਮੈਂ ਹੋਰ ਗੱਲ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਐਸ.ਟੀ.ਐਫ. ਦੇ ਚੀਫ ਸਾਹਿਬ ਅਨੁਸਾਰ 25.7 ਕਿੱਲੋ ਜਿਹੜੀ ਹੈਰੋਇਨ ਪਕੜੀ ਗਈ ਹੈ, ਉਹ 200 ਬੰਦਿਆਂ ਪਿੱਛੇ ਜੇ ਆਪਾਂ ਹਿਸਾਬ ਲਗਾਈਏ ਤਾਂ ਇੱਕ ਬੰਦੇ ਪਿੱਛੇ 125 ਗਰਾਮ ਆਉਂਦੀ ਹੈ। ਜਿਹੜਾ ਨਾਰਕੋਟੈਕਟ ਐਕਟ ਹੈ, ਉਸ ਦੇ ਹਿਸਾਬ ਨਾਲ ਜੇ 250 ਗਰਾਮ ਤੋਂ ਥੱਲੇ ਹੈਰੋਇਨ ਪਕੜੀ ਜਾਂਦੀ ਹੈ, ਉਹ ਕਮਰਸ਼ੀਅਲ ਨਹੀਂ ਪਕੜੀ ਜਾਂਦੀ। ਇਸ ਦੇ ਹਿਸਾਬ ਨਾਲ ਇੱਕ-ਦੋ ਬੰਦਿਆਂ ਨੂੰ ਛੱਡ ਕੇ ਜਿੰਨੀਆਂ ਵੀ ਗ੍ਰਿਫਤਾਰੀਆਂ ਹੋਈਆਂ ਹਨ, ਉਹ ਵਿਕਟਮਜ਼ ਦੀਆਂ ਹੋਈਆਂ ਹਨ ਅਤੇ ਜਿਹੜੇ ਮਗਰਮੱਛ ਸੀ, ਜਿਹੜਾ ਸਰਗਨਾ ਸੀ, ਉਹ ਅੱਜ ਵੀ ਅਸੰਬਲੀ ਵਿੱਚ ਬੈਠੇ ਹਨ ....(ਥੰਪਿੰਗ) ..... ਜਿਨ੍ਹਾਂ ਬਾਰੇ ਮੁੱਖ ਮੰਤਰੀ ਸਾਹਿਬ ਦਾ ਬਿਆਨ ਸੀ He will be sent to jail after the formation of the Government within four weeks. ਸੋ, ਮੈਂ ਇਸ ਦੇ ਬਾਰੇ, ਸਪੀਕਰ ਸਾਹਿਬ, ਬੋਲਣਾ ਚਾਹੁੰਦਾ ਸੀ ਕਿ ਸਰਕਾਰ ਨੇ ਜਿਹੜੇ ਆਪਣੇ ਵਾਅਦੇ ਕੀਤੇ ਹਨ, ਉਨ੍ਹਾਂ ਤੋਂ ਮੁੱਕਰ ਰਹੀ ਹੈ .....(ਵਿਘਨ...ਸ਼ੋਰ)...

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ :** ਪ੍ਰੋਫੈਸਰ ਬਲਜਿੰਦਰ ਕੌਰ .....(ਵਿਘਨ)... ਪ੍ਰੋਫੈਸਰ ਬਲਜਿੰਦਰ ਕੌਰ ....(ਵਿਘਨ).. ਪਲੀਜ਼, ਬੈਠੋ, ਬੈਠੋ ....(ਵਿਘਨ).... ਪ੍ਰੋਫੈਸਰ ਬਲਜਿੰਦਰ ਕੌਰ .....(ਵਿਘਨ) ... ਜਿਹੜਾ ਵੀ ਮੈਂਬਰ ਹਾਊਸ ਦੇ ਅੰਦਰ ਹਾਜ਼ਰ ਨਹੀਂ ਹੈ .........

**ਪ੍ਰੋਫੈਸਰ ਬਲਜਿੰਦਰ ਕੌਰ (ਤਲਵੰਡੀ ਸਾਬੋ) :** ਸਪੀਕਰ ਸਾਹਿਬ, ਇਸ ਅਜ਼ੀਮ ਸਦਨ ਦੇ ਵਿੱਚ ਸਰਕਾਰ ਦੇ ਪਲੇਠੇ ਗਵਰਨਰ ਐਡਰੈਸ ਤੇ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ, ਸੋ

ਪਹਿਲਾਂ ਮੈਂ ਤੁਹਾਡਾ ਧੰਨਵਾਦ ਕਰਦੀ ਹਾਂ, thank you so much. ਮੈਂ ਬੜੇ ਸੀਮਿਤ ਸ਼ਬਦਾਂ ਦੇ ਵਿੱਚ ਆਪਣੀ ਗੱਲ ਨੂੰ ਰੱਖਣਾ ਚਾਹਾਂਗੀ। ਪੰਜਾਬ ਦਾ ਹਰ ਬਸ਼ਿੰਦਾ ਜਾਣਦਾ ਹੈ ਕਿ ਸਰਦਾਰ ਬਹਾਦਰ ਰਾਜਪਾਲ ਜੀ ਦਾ ਭਾਸ਼ਣ ਸਰਕਾਰ ਦੀਆਂ ਨੀਤੀਆਂ ਦਾ ਸ਼ੀਸ਼ਾ ਹੋਇਆ ਕਰਦਾ ਹੈ ਪਰ ਬੜੇ ਅਫਸੋਸ ਦੀ ਗੱਲ ਹੈ ਕਿ ਸਰਕਾਰ ਵੱਲੋਂ ਕੀਤੇ ਜਾਣ ਵਾਲੇ ਕੰਮਾਂ ਬਾਰੇ ਭਵਿੱਖੀ ਯੋਜਨਾਵਾਂ ਨੂੰ ਉਸਾਰੂ ਤਸਵੀਰ ਵਿੱਚ ਸੰਕਲਿਤ ਹੁੰਦਾ ਹੈ ਪਰ ਉਹ ਤਸਵੀਰ ਵਿੱਚ ਐਡਰੇਸ ਪੇਸ਼ ਨਹੀਂ ਕਰ ਸਕਿਆ। ਸੋ, ਮੈਂ ਭਾਵੇਂ ਅੱਜ ਪੰਜਾਬ ਵਿਧਾਨ ਸਭਾ ਦੀ ਦਹਿਲੀਜ਼ ਤੇ ਪਹਿਲੀ ਵਾਰੀ ਪੈਰ ਰੱਖਿਆ ਹੈ ਪਰ ਮੈਂ ਟੀ.ਵੀ. ਚੈਨਲਾਂ ਰਾਹੀਂ ਅਤੇ ਪ੍ਰੈਸ ਰਾਹੀਂ ਬਹੁਤ ਵਾਰੀ ਡਿਬੇਟ, ਬਹਿਸ ਸੁਣੀ ਹੈ ਪਰ ਮੈਨੂੰ ਅਫਸੋਸ ਇਸ ਗੱਲ ਦਾ ਹੈ ਕਿ ਰਾਜਪਾਲ ਜੀ ਦਾ ਭਾਸ਼ਣ ਸਰਕਾਰ ਦੀਆਂ ਨੀਤੀਆਂ ਦਾ ਸ਼ੀਸ਼ਾ ਹੋਣ ਦੇ ਬਾਵਜੂਦ ਵੀ ਅਮਲੀ ਰੂਪ-ਰੇਖਾ ਨੂੰ ਪੇਸ਼ ਨਹੀਂ ਕਰ ਸਕਿਆ। ਇਹ ਪਿਛਲੇ ਸਾਲਾਂ ਤੋਂ ਵਿਧਾਨ ਸਭਾ ਦੇ ਰੋਜ਼ਾਨਾ ਕੰਮ-ਕਾਰ ਦਾ ਸਿਰਫ ਇੱਕ ਅਮਲ ਹੀ ਬਣ ਕੇ ਰਹਿ ਗਿਆ ਹੈ। ਮੇਰੇ ਕੋਲ ਸਮਾਂ ਥੋੜ੍ਹਾ ਹੈ ਪਰ ਮੈਂ ਇੱਕ ਗੱਲ ਜ਼ਰੂਰ ਇਸ ਸਦਨ ਦੇ ਵਿੱਚ ਕਹਿਣਾ ਚਾਹਾਂਗੀ ਕਿ ਜਿਥੇ ਅਸੀਂ ਪੰਜਾਬ ਨੂੰ ਬਿਲੌਂਗ ਕਰਦੇ ਹਾਂ, ਅਸੀਂ ਆਪਣੀ ਪੰਜਾਬੀਅਤ ਨੂੰ ਸਮਰਪਿਤ ਹਾਂ ਅਤੇ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਜਦੋਂ ਅਸੀਂ ਇਸ ਪਵਿੱਤਰ ਸਦਨ ਦੇ ਅੰਦਰ ਆਉਂਦੇ ਹਾਂ ਤਾਂ ਅਸੀਂ ਸਹੁੰ ਚੁੱਕ ਕੇ ਆਉਂਦੇ ਹਾਂ ਕਿ ਅਸੀਂ ਆਪਣੇ ਫਰਜ਼ਾਂ ਨੂੰ ਇੱਕ ਚੰਗੇ ਤਰੀਕੇ ਦੇ ਨਾਲ ਨਿਭਾਈਏ।

ਸੋ, ਮੈਂ ਜ਼ਿਕਰ ਕਰਾਂਗੀ ਕਿ ਗਵਰਨਰ ਐਡਰੈਸ ਦੇ ਪੈਰ੍ਹਾ ਨੰ: 3 ਦੇ ਵਿੱਚ ਜ਼ਿਕਰ ਕੀਤਾ ਹੋਇਆ ਹੈ ਕਿ ਕਿਤੇ ਵੀ ਹਲਕਾ ਇੰਚਾਰਜ ਦੀ ਪ੍ਰਥਾ ਸਰਕਾਰ ਵੱਲੋਂ ਨਹੀਂ ਹੋਏਗੀ ਪਰ ਮੈਨੂੰ ਅਫਸੋਸ ਇਸ ਗੱਲ ਦਾ ਹੈ ਕਿ ਅੱਜ ਸਰਕਾਰ ਦੀ ਕਹਿਣੀ ਅਤੇ ਕਰਨੀ ਦੇ ਵਿੱਚ ਕਿੰਨਾ ਜ਼ਿਆਦਾ ਅੰਤਰ ਆ ਗਿਆ ਹੈ ਕਿ ਜਿਹੜੀ ਇਹ ਪ੍ਰਥਾ ਹੈ, ਮਾਨਯੋਗ ਮੰਤਰੀ ਜੀ ਵੀ ਬੈਠੇ ਹਨ। ਇਨ੍ਹਾਂ ਨੇ ਵੀ ਪਿਛਲੀ ਸਰਕਾਰ ਵੇਲੇ ਇਹ ਮੁੱਦਾ ਉਠਾਇਆ ਸੀ ਅਤੇ ਜਿਹੜੀ ਪ੍ਰਥਾ ਸਰਕਾਰ ਵੱਲੋਂ ਤੁਰੀ ਆਉਂਦੀ ਹੈ, ਉਸੇ ਪ੍ਰਥਾ ਨੂੰ ਅੱਜ ਕਾਂਗਰਸ ਸਰਕਾਰ ਨੇ ਇਵੇਂ ਦੀ ਤਿਵੇਂ ਲਾਗੂ ਕੀਤਾ ਹੋਇਆ ਹੈ। ਮੇਰੇ ਕੋਲ ਬਹੁਤ ਸਾਰੀਆਂ ਐਗਜ਼ਾਂਪਲਜ਼ ਹਨ। ਜਿੰਨੀ ਅੱਜ ਸਰਕਾਰ ਦੀ ਅਫਸਰਸ਼ਾਹੀ ਹੈ, ਸਾਰੀ ਦੀ ਸਾਰੀ ਕਿਤੇ ਨਾ ਕਿਤੇ ਜਾ ਕੇ ਜਿਹੜੇ ਰੂਲਿੰਗ ਪਾਰਟੀ ਦੇ ਹਾਰੇ ਹੋਏ ਨੁਮਾਇੰਦੇ ਹਨ, ਲੋਕਾਂ ਵੱਲੋਂ ਨਕਾਰੇ ਹੋਏ ਕੈਂਡੀਡੇਟਸ ਹਨ, ਉਨ੍ਹਾਂ ਨੂੰ ਜਿਉਂ ਦੀ ਤਿਉਂ ਫੈਸਿਲੀਟੇਟ ਕਰ ਰਹੀ ਹੈ। ਜੇ ਮੈਂ ਦੂਰ ਨਾ ਜਾਵਾਂ ਤਾਂ ਮੇਰੇ ਕੋਲ ਬਹੁਤ ਸਾਰੀਆਂ ਐਗਜ਼ਾਂਪਲਜ਼ ਹਨ।ਕਿਹਾ ਗਿਆ ਸੀ, "ਗੜ੍ਹਸ਼ੰਕਰ ਕੰਡੀ ਨਹਿਰ ਦੇ ਨਿਰਮਾਣ ਦੇ ਮੈਟੀਰੀਅਲ ਦੀ ਹੋਵੇਗੀ ਜਾਂਚ", ਸਾਡੇ ਮਾਨਯੋਗ ਸਿੰਚਾਈ ਮੰਤਰੀ ਜੀ ਵੀ ਉਸ ਵੇਲੇ ਉਥੇ ਮੌਜੂਦ ਸਨ, ਪਰ ਇਨ੍ਹਾਂ ਨੇ ਵੀ ਉਸ ਵੇਲੇ ਦੇ ਹਲਕਾ ਇੰਚਾਰਜ ਨੂੰ ਉਥੇ ਬੁਲਾ ਕੇ ਬਕਾਇਦਾ ਉਸ ਨੂੰ ਫੈਸਿਲੀਟੇਟ ਕੀਤਾ ਸੀ। ਹਲਕਾ ਭਦੌੜ ਦਾ ਵੀ ਜੇ ਮੈਂ ਜ਼ਿਕਰ ਕਰਨ ਲੱਗ ਜਾਵਾਂ ਤਾਂ ਇਨ੍ਹਾਂ ਨੇ ਦੱਸਿਆ ਹੈ ਕਿ ਕੈਪਟਨ ਅਮਰਿੰਦਰ ਸਿੰਘ ਜੀ, ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਦੀ ਯੋਗ ਅਗਵਾਈ ਹੇਠ ਪਿੰਡ ਮਹਿਤਾ ਵਿਖੇ ਪਾਣੀ

[ ਪ੍ਰੋਫੈਸਰ ਬਲਜਿੰਦਰ ਕੌਰ ]

ਦੀ ਨਿਕਾਸੀ ਲਈ ਪਾਣੀ ਦੀ ਪਾਈਪ ਲਾਈਨ ਦਾ ਉਦਘਾਟਨ ਔਰ ਇਸ ਦੇ ਵਿੱਚ ਵੀ ਇਨਕਲੂਡ ਕੀਤਾ ਹੋਇਆ ਹੈ ਕਿ ਇਥੇ ਜਿਹੜੇ ਹਲਕਾ ਇੰਚਾਰਜ ਹਨ, ਉਨ੍ਹਾਂ ਨੂੰ ਬਕਾਇਦਾ ਫੈਸਿਲੀਟੇਟ ਕੀਤਾ। Not only that ਜੇ ਮੈਂ ਹਲਕਾ .......

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸਪੀਕਰ ਸਾਹਿਬ, ਵਾਰ ਵਾਰ ਇੱਕ ਗੱਲ ਕਹੀ ਜਾ ਰਹੀ ਹੈ ਕਿ ਹਲਕਾ ਇੰਚਾਰਜ। ਤਿੰਨ ਮੈਂਬਰ ਸਾਹਿਬਾਨ ਨੇ ਇਹ ਗੱਲ ਚੁੱਕੀ ਹੈ। ਮਹਾਰਾਜਾ ਅਮਰਿੰਦਰ ਸਿੰਘ ਜੀ ਨੇ, ਮੁੱਖ ਮੰਤਰੀ ਸਾਹਿਬ ਜੀ ਨੇ ਇਹ ਗੱਲ ਕਹਿ ਦਿੱਤੀ ਹੈ ਕਿ ਕੋਈ ਹਲਕਾ ਇੰਚਾਰਜ ਨਹੀਂ ਹੈ ਪਰ ਇਸ ਦੇ ਬਾਵਜੂਦ ਸਾਡੀ ਪਾਰਟੀ ਦੇ ਹਾਰੇ ਹੋਏ ਕੈਂਡੀਡੇਟ ਅਗਰ ਕਿਸੇ ਮੰਤਰੀ ਨੇ ਆਪਣੇ ਨਾਲ ਬਿਠਾ ਲਏ ਤਾਂ ਇਸ ਦਾ ਇਹ ਮਤਲਬ ਨਹੀਂ ਬਣ ਜਾਂਦਾ ਕਿ they are so called Halka Incharge. ਮੈਂ ਇਹ ਦੱਸਣਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ :** ਠੀਕ ਹੈ। ਤੁਸੀਂ ਬੈਠੋ ਜੀ। ਹਾਂ ਜੀ, ਪ੍ਰੋਫੈਸਰ ਬਲਜਿੰਦਰ ਕੌਰ ਜੀ।

**ਪ੍ਰੋਫੈਸਰ ਬਲਜਿੰਦਰ ਕੌਰ :** ਮੈਂ ਇਸਤੇ ਇੰਨਾ ਹੀ ਕਹਿਣਾ ਚਾਹੁੰਦੀ ਹਾਂ ਕਿ ਜਿਹੜੇ ਡੇਢ ਲੱਖ ਲੋਕ ਚੁਣ ਕੇ ਇੱਕ ਨੁਮਾਇੰਦਾ, ਇੱਕ ਐਮ.ਐਲ.ਏ. ਬਣਾ ਦਿੰਦੇ ਹਨ ਤਾਂ ਉਹ ਕਿਸੇ ਅਥਾਰਿਟੀ ਵਿੱਚ, ਕਿਸੇ ਕਪੈਸਿਟੀ ਵਿੱਚ ਹੁੰਦਾ ਹੈ, ਉਸ ਨੂੰ ਫੈਸਿਲੀਟੇਟ ਕਿਉਂ ਨਹੀਂ ਕੀਤਾ ਜਾਂਦਾ? ਉਸ ਵੇਲੇ ਸਰਕਾਰ ਕੀ ਕਰ ਰਹੀ ਹੁੰਦੀ ਹੈ, ਉਨ੍ਹਾਂ ਨੂੰ ਕਿਉਂ ਨਹੀਂ ਫੈਸਿਲੀਟੇਟ ਕੀਤਾ ਜਾਂਦਾ? (ਵਿਘਨ) ਮੈਂ ਸਿਰਫ ਇਹ ਗੱਲ ਨਾ ਕਰਾਂ। ਮੈਂ ਆਪਣੇ ਸੁਨਾਮ ਦੀ ਵੀ ਗੱਲ ਕਰਾਂ ਕਿ ਜਿਹੜੀ ਟਰੱਕ ਯੂਨੀਅਨ ਦਾ ਮੁੱਦਾ ਇਸ ਵੇਲੇ ਪੰਜਾਬ ਵਿੱਚ ਭਖਦਾ ਮੁੱਦਾ ਹੈ, ਉਸ ਉਤੇ ਵੀ ਇੱਕ ਰੈਗੂਲਰ ਚੈੱਕ ਨਹੀਂ ਹੈ, ਉਸ ਟਰੱਕ ਯੂਨੀਅਨ ਉਤੇ ਵੀ ਗੈਰ ਕਾਨੂੰਨੀ ਤਰੀਕੇ ਦੇ ਨਾਲ ਕਬਜ਼ਾ ਕੀਤਾ ਜਾਂਦਾ ਹੈ ਔਰ ਉਨ੍ਹਾਂ ਲੋਕਾਂ ਦੁਆਰਾ ਕਬਜ਼ਾ ਕਰਵਾਇਆ ਜਾਂਦਾ ਹੈ, ਜਿਸ ਦਾ ਟਰੱਕ ਵੀ ਉਸ ਯੂਨੀਅਨ ਵਿੱਚ ਨਹੀਂ ਹੁੰਦਾ ਹੈ। ਕਿਰਪਾ ਕਰਕੇ ਮੁੱਖ ਮੰਤਰੀ ਸਾਹਿਬ, ਤੁਸੀਂ ਬੈਠੇ ਹੋ, ਸੋ, ਪਹਿਲਾਂ ਵੀ ਮੰਤਰੀ ਸਾਹਿਬ, ਮੈਂਬਰ ਸਾਹਿਬਾਨ ਨੇ ਵਾਰ ਵਾਰ ਇਕੋ ਗੱਲ ਦਾ ਜ਼ਿਕਰ ਕੀਤਾ ਹੈ ਕਿ ਹਲਕਾ ਇੰਚਾਰਜ ਦੀ ਕੋਈ ਪ੍ਰਥਾ ਨਹੀਂ ਹੈ ਪਰ ਮੈਨੂੰ ਅਫਸੋਸ ਇਸ ਗੱਲ ਦਾ ਹੈ ਕਿ ਜੇ ਹਲਕਾ ਇੰਚਾਰਜ ਦੀ ਇਹ ਪ੍ਰਥਾ ਨਹੀਂ ਹੈ ਤਾਂ ਕਿਸ ਕਪੈਸਿਟੀ ਵਿਚ ਅਤੇ ਕਿਉਂ ਸਰਕਾਰ ਅੱਜ ਉਨ੍ਹਾਂ ਨਕਾਰੇ ਹੋਏ ਲੋਕਾਂ ਨੂੰ ਫੈਸਿਲੀਟੇਟ ਕਰ ਰਹੀ ਹੈ? ਅੱਜ ਉਨ੍ਹਾਂ ਨਕਾਰੇ ਹੋਏ ਲੋਕਾਂ ਨੂੰ ਕਿਉਂ ਏਨੀਆਂ ਸਹੂਲਤਾਂ ਦੇ ਰਹੀ ਹੈ? ਮੁੱਖ ਮੰਤਰੀ ਸਾਹਿਬ, ਤੁਸੀਂ ਇਸ ਗੱਲ ਦਾ ਵਿਸ਼ਵਾਸ ਇਸ ਹਾਊਸ ਵਿਚ ਦਿਵਾਉ। ਤੁਸੀਂ ਵਿਸ਼ਵਾਸ ਦਿਵਾਉ ਕਿ ਜਿਹੜੀ ਅਫਸਰਸ਼ਾਹੀ ਉਨ੍ਹਾਂ ਨੂੰ ਫੈਸਿਲੀਟੇਟ ਕਰਦੀ ਹੈ, ਉਨ੍ਹਾਂ ਉਤੇ ਤੁਸੀਂ ਕਿਹੜਾ ਐਕਸ਼ਨ ਲੈ ਰਹੇ ਹੋ?

**ਸਿੰਜਾਈ ਮੰਤਰੀ (ਰਾਣਾ ਗੁਰਜੀਤ ਸਿੰਘ) :** ਸਪੀਕਰ ਸਾਹਿਬ, ਮੇਰਾ ਨਾਂ ਲਿਆ ਗਿਆ ਹੈ, ਇਸ ਲਈ ਸਪੀਕਰ ਸਾਹਿਬ, ਮੈਨੂੰ ਇੱਕ ਮਿੰਟ ਦੇ ਦਿੱਤਾ ਜਾਵੇ। ਮੈਂ ਐਮ.ਐਲ.ਏ.

ਸਾਹਿਬਾ ਨੂੰ ਦੱਸਣਾ ਚਾਹੁੰਦਾ ਹਾਂ ਕਿ ਸ਼ਾਹਪੁਰ ਕੰਡੀ ਵਿਖੇ ਜਿਹੜੀ ਮੀਟਿੰਗ ਕੀਤੀ ਗਈ ਸੀ, ਉਸ ਵਿੱਚ ਮੇਰੇ ਕੋਲ ਚਾਰ ਪੰਜ ਐਮ.ਐਲ.ਏ. ਸਾਹਿਬਾਨ ਨੇ, ਜਿਹੜੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਨਾਲ ਲੱਗਦੇ ਸੀ, ਉਨ੍ਹਾਂ ਨੂੰ ਕੋਈ ਸ਼ਿਕਾਇਤਾਂ ਸੀ ਤਾਂ ਮੈਂ ਕਿਹਾ ਕਿ ਤੁਹਾਡੀ ਗੱਲਬਾਤ ਕਰਵਾ ਦਿਆਂਗੇ। ਹੁਣੇ ਤੁਹਾਡੇ ਜਿਹੜੇ ਐਮ.ਐਲ.ਏ. ਗੜ੍ਹਸ਼ੰਕਰ ਤੋਂ ਜਿੱਤੇ ਹਨ, ਉਹ ਵੀ ਉਸ ਹਲਕੇ ਵਿਚ ਪੈਂਦਾ ਹੈ, ਉਨ੍ਹਾਂ ਨੇ ਜੇਕਰ ਮੇਰੇ ਨਾਲ ਗੱਲ ਕੀਤੀ ਤੇ ਮੈਂ ਉਨ੍ਹਾਂ ਨੂੰ ਇਗਨੋਰ ਕੀਤਾ ਹੋਵੇ ਤੇ ਨਾ ਸੱਦਿਆ ਹੋਵੇ ਤਾਂ ਫਿਰ ਮੈਂ ਦੋਸ਼ੀ ਹਾਂ। ਜੇ ਚਾਰ ਪੰਜ ਐਮ.ਐਲ.ਏ., ਕਾਂਗਰਸ ਦੇ ਹੀ ਜਿੱਤੇ ਹਨ, ਉਹ ਸੱਦੇ ਹਨ (ਰੂਲਿੰਗ ਪਾਰਟੀ ਵੱਲੋਂ ਥੰਪਿੰਗ) ਲੋਕਾਂ ਦੀਆਂ ਸਮੱਸਿਆਵਾਂ ਨੂੰ ਐਡਰੈਸ ਕਰਨਾ ਸਰਕਾਰ ਦਾ ਫਰਜ਼ ਹੈ। ਮੈਂ ਕੋਈ ਗਲਤ ਕੰਮ ਨਹੀਂ ਕੀਤਾ। ਮੈਂ ਐਡਰੈਸ ਕੀਤਾ ਹੈ।

**ਮਾਨਯੋਗ ਸਪੀਕਰ :** ਹਾਂ ਜੀ, ਪ੍ਰੋਫੈਸਰ ਜੀ, ਤੁਸੀਂ ਬੋਲੋ ਜੀ।

**ਪ੍ਰੋਫੈਸਰ ਬਲਜਿੰਦਰ ਕੌਰ :** ਮੰਤਰੀ ਜੀ, ਜੋ ਤੁਸੀਂ ਹੁਣੇ ਇਸ ਗੱਲ ਦਾ ਜਵਾਬ ਦਿੱਤਾ ਹੈ, ਮੈਂ ਤੁਹਾਨੂੰ ਇਹ ਜ਼ਰੂਰ ਕਹਿਣਾ ਚਾਹਾਂਗੀ ਕਿ ਜੇ ਤੁਸੀਂ ਨਕਾਰੇ ਹੋਏ ਨੂੰ ਬੁਲਾ ਸਕਦੇ ਹੋ ਤਾਂ It is under your authority ਕਿ ਤੁਸੀਂ ਐਮ.ਐਲ.ਏ. ਸਾਹਿਬਾਨ ਨੂੰ ਵੀ ਕਾਲ ਕਰ ਸਕਦੇ ਹੋ। ਸੋ, ਇਸ ਤੋਂ ਇਲਾਵਾ ਮੇਰੇ ਕੋਲ ਹਲਕਾ ਸੁਨਾਮ ਦੀਆਂ ਬਹੁਤ ਸਾਰੀਆਂ ਐਗਜ਼ਾਂਪਲਾਂ ਹਨ..

**ਮਾਨਯੋਗ ਸਪੀਕਰ :** ਪ੍ਰੋਫ਼ੈਸਰ ਬਲਜਿੰਦਰ ਜੀ, ਤੁਸੀਂ ਵਾਈਂਡ ਅੱਪ ਕਰੋ ਜੀ। ਤੁਹਾਡਾ ਸਮਾਂ ਹੋ ਗਿਆ ਹੈ ਜੀ।

**ਸਿੰਜਾਈ ਮੰਤਰੀ :** ਸਰ, ਇੱਕ ਮਿੰਟ, ਪੁਆਇੰਟ ਆਫ ਆਰਡਰ। ਸਪੀਕਰ ਸਾਹਿਬ, ਸਾਡੇ ਮਨ ਦੇ ਵਿੱਚ ਕੋਈ ਫਰਕ ਨਹੀਂ ਹੈ, ਚਾਹੇ ਉਹ ਆਮ ਆਦਮੀ ਪਾਰਟੀ ਹੈ, ਚਾਹੇ ਉਹ ਅਕਾਲੀ ਦਲ ਹੈ, ਚਾਹੇ ਉਹ ਕਾਂਗਰਸ ਹੈ। ਮੈਨੂੰ ਫੂਲਕਾ ਸਾਹਿਬ ਦਾ ਫੋਨ ਆਇਆ, ਇਨ੍ਹਾਂ ਨੇ ਕਿਹਾ ਕਿ ਮੈਂ ਮਿਲਣਾ ਚਾਹੁੰਦਾ ਹਾਂ ....(ਵਿਘਨ)... ਇੱਕ ਮਿੰਟ ਜੀ। ਮੈਂ ਕਿਹਾ ਕਿੰਨੇ ਬੰਦੇ ਹਨ ਤਾਂ ਇਹ ਕਹਿੰਦੇ 12-15 ਐਮ.ਐਲ.ਏਜ਼ ਆਉਣਗੇ ਤਾਂ ਮੈਂ ਇਨ੍ਹਾਂ ਨੂੰ ਕਿਹਾ ਕਿ ਤੁਸੀਂ ਮੇਰੇ ਕੋਲ ਆ ਕੇ ਲੰਚ ਕਰਿਉ। ਫੂਲਕਾ ਜੀ, ਤੁਸੀਂ ਦੱਸੋ ਕਿ ਤੁਹਾਨੂੰ ਕਿਹਾ ਹੈ ਕਿ ਨਹੀਂ..

**ਸਰਦਾਰ ਹਰਵਿੰਦਰ ਸਿੰਘ ਫੂਲਕਾ (ਬੈਠੇ ਬੈਠੇ) :** ਕਿਹਾ ਹੈ।

**ਸਿੰਜਾਈ ਮੰਤਰੀ :** ਇਹ ਠੀਕ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਵੇਖੋ ਤੁਸੀਂ ਗਲਤ ਗੱਲ ਕਰਦੇ ਹੋ। ਮੈਂ ਤੁਹਾਨੂੰ ਬੜੇ ਸਤਿਕਾਰ ਨਾਲ ਬੁਲਾਇਆ ਹੈ।

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਸਪੀਕਰ ਸਾਹਿਬ, ਮੰਤਰੀ ਜੀ ਨੇ ਮੇਰਾ ਨਾਮ ਲਿਆ ਹੈ। ਮੈਨੂੰ ਇੱਕ ਮਿੰਟ ਆਪਣੀ ਗੱਲ ਕਹਿ ਲੈਣ ਦਿਉ। ਇਨ੍ਹਾਂ ਦਾ ਟਾਈਮ ਰੋਕ ਕੇ

[ ਸਰਦਾਰ ਹਰਵਿੰਦਰ ਸਿੰਘ ਫੂਲਕਾ ]

ਮੈਨੂੰ ਜਵਾਬ ਦੇਣ ਦਿਉ। ਇਥੇ ਗੱਲ ਇਹ ਨਹੀਂ। ਰਾਣਾ ਜੀ ਨੇ ਬਿਲਕੁਲ ਠੀਕ ਕਿਹਾ ਹੈ, ਅਸੀਂ ਕਿਹਾ ਕਿ ਅਸੀਂ ਡੈਲੀਗੇਸ਼ਨ ਲੈ ਕੇ ਆਉਣਾ ਹੈ, ਉਹ ਕਹਿੰਦੇ ਕੋਈ ਗੱਲ ਨਹੀਂ, ਡੈਲੀਗੇਸ਼ਨ ਮੇਰੇ ਘਰੇ ਆ ਜਾਵੇ, ਇਨ੍ਹਾਂ ਦਾ ਸ਼ੁਕਰੀਆ। ਪਰ ਜਿਹੜੀ ਗੱਲ ਹੋ ਰਹੀ ਹੈ, ਉਹ ਇਹ ਹੋ ਰਹੀ ਹੈ ਕਿ ਜਿਹੜੇ ਐਮ.ਐਲ.ਏ. ਜਿੱਤੇ ਹੋਏ ਹਨ, ਉਨ੍ਹਾਂ ਨੂੰ ਮੀਟਿੰਗ ਵਿਚ ਬੁਲਾਉਣ ਦੀ ਬਜਾਏ, ਜਿਸ ਨੂੰ ਲੋਕਾਂ ਨੇ ਨਕਾਰਿਆ ਹੈ, ਜਿਹੜਾ ਹਾਰਿਆ ਹੋਇਆ ਹੈ, ਉਸ ਨੂੰ ਮੀਟਿੰਗ ਵਿਚ ਕਿਉਂ ਬੁਲਾਇਆ? ਇਹ ਜਿਹੜੀ ਪਰੰਪਰਾ ਹੈ, ਇਹ ਗਲਤ ਹੈ।

**ਮਾਨਯੋਗ ਸਪੀਕਰ :** ਠੀਕ ਹੈ ਜੀ। ਤੁਸੀਂ ਬੈਠੋ। ਪ੍ਰੋਫ਼ੈਸਰ ਸਾਹਿਬ, ਤੁਹਾਡਾ ਟਾਈਮ ਹੋ ਗਿਆ ਹੈ।

**ਪ੍ਰੋਫੈਸਰ ਬਲਜਿੰਦਰ ਕੌਰ :** ਸਪੀਕਰ ਸਾਹਿਬ, ਮੇਰੇ ਸਮੇਂ ਵਿਚ ਤਿੰਨ ਪੁਆਇੰਟ ਆਫ ਆਰਡਰ ਹੋ ਗਏ ਹਨ, Kindly exceed my time. ਤਿੰਨ ਪੁਆਇੰਟ ਆਫ ਆਰਡਰ ਹੋ ਗਏ ਹਨ।

**ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ) :** ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ। (ਵਿਘਨ) ਭੈਣ ਜੀ, ਇੱਕ ਮਿੰਟ ਤੁਸੀਂ ਬੈਠੋ ਜੀ। ਸਪੀਕਰ ਸਾਹਿਬ, ਮੈਂ ਲੁਧਿਆਣੇ ਵਿੱਚ ਗਿਆ। ਸਾਡਾ ਪੰਜਾਬ ਲੈਵਲ ਦਾ ਆਈ.ਟੀ.ਆਈ. ਦਾ ਫੰਕਸ਼ਨ ਸੀ, ਮੈਂ ਸਾਰੇ ਲੁਧਿਆਣੇ ਦੇ ਐਮ.ਐਲ.ਏ. ਸਾਹਿਬਾਨ, ਜਿਸ ਵਿਚ ਅਕਾਲੀ ਦਲ ਦੇ ਵੀ ਅਤੇ ਆਮ ਆਦਮੀ ਪਾਰਟੀ ਦੇ ਵੀ ਹਨ, ਇਨ੍ਹਾਂ ਨੂੰ ਪਰਸਨਲੀ ਕਾਲ ਕਰਕੇ ਬੁਲਾਇਆ ਔਰ ਇਨ੍ਹਾਂ ਦੇ ਐਮ.ਐਲ.ਏਜ਼ ਨੇ ਵੀ ਗਰੇਸ ਦਿਖਾਈ ਔਰ ਉਹ ਮੇਰੇ ਪ੍ਰੋਗਰਾਮ ਵਿਚ ਆਏ। ਅਸੀਂ ਤਾਂ ਫਰਕ ਹੀ ਨਹੀਂ ਰੱਖਦੇ। ਅਸੀਂ ਇਨ੍ਹਾਂ ਨੂੰ ਬੁਲਾਇਆ ਔਰ ਇਹ ਆਏ ਹਨ (ਰੂਲਿੰਗ ਪਾਰਟੀ ਵੱਲੋਂ ਥੰਪਿੰਗ) ਸਾਡੇ ਵਿਚ ਤਾਂ ਕੋਈ ਫਰਕ ਹੀ ਨਹੀਂ ਹੈ।

**ਮਾਨਯੋਗ ਸਪੀਕਰ :** ਤੁਸੀਂ ਪਲੀਜ਼ ਬੈਠੋ।

**ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਮੰਤਰੀ :** ਇਸ ਕਰਕੇ ਬੇ-ਬੁਨਿਆਦ ਗੱਲ ਨਹੀਂ ਕਰਨੀ ਚਾਹੀਦੀ ।

**ਮਾਨਯੋਗ ਸਪੀਕਰ :** ਬਲਜਿੰਦਰ ਕੌਰ ਜੀ, ਹੁਣ ਤੁਸੀਂ ਬੈਠੋ।

**ਪ੍ਰੋਫੈਸਰ ਬਲਜਿੰਦਰ ਕੌਰ :** ਸਪੀਕਰ ਸਾਹਿਬ, ਕਾਈਂਡਲੀ ਮੇਰਾ ਟਾਈਮ ਐਕਸੀਡ ਕੀਤਾ ਜਾਵੇ ਕਿਉਂਕਿ ਮੇਰੇ ਬੋਲਦੇ ਹੋਏ 3-4 ਪੁਆਇੰਟ ਆਫ ਆਰਡਰ ਹੋ ਗਏ ਸਨ। That is not my fault, I think so.

**ਮਾਨਯੋਗ ਸਪੀਕਰ :** ਨਹੀਂ ਜੀ, ਅਸੀਂ ਉਹ ਟਾਈਮ ਵਿਚੋਂ ਕੱਢ ਦਿੰਦੇ ਹਾਂ।

**Professor Baljinder Kaur :** Just give two minutes. ਮੈਂ ਹੁਣੇ ਵਾਈਂਡ ਅੱਪ ਕਰਨ ਲੱਗੀ ਹਾਂ।

**Mr. Speaker :** Only one minute.

**ਪ੍ਰੋਫੈਸਰ ਬਲਜਿੰਦਰ ਕੌਰ :** ਮੈਂ ਹਲਕਾ ਸੁਨਾਮ ਦੀ ਗੱਲ ਕਰ ਰਹੀ ਸੀ, ਜਿੱਥੇ ਬਕਾਇਦਾ ਐਸ.ਡੀ.ਐਮ., ਡੀ.ਸੀ. ਵੱਲੋਂ ਬਿਠਾ ਕੇ ਫੈਸਿਲੀਟੇਟ ਕੀਤਾ ਜਾਂਦਾ ਹੈ। ਮੈਨੂੰ ਇਹ ਦੱਸਿਆ ਜਾਵੇ ਕਿ ਕਿਹੜੀ ਅਥਾਰਟੀ ਵਿੱਚ ਅਤੇ ਕਿਸ ਕੈਪੇਸਿਟੀ ਵਿੱਚ ਇਹ ਕੀਤਾ ਜਾਂਦਾ ਹੈ। ਜੇਕਰ ਮੈਂ ਆਪਣੇ ਹਲਕੇ ਤਲਵੰਡੀ ਸਾਬੋ ਦੀ ਗੱਲ ਕਰਾਂ, ਜਿੱਥੇ ਸਾਡੇ ਮੁੱਖ ਮੰਤਰੀ ਸਾਹਿਬ 1985 ਵਿੱਚ ਖੁਦ ਉਥੋਂ ਇਲੈਕਸ਼ਨ ਫਾਈਟ ਕਰਕੇ ਆਏ ਸੀ। ਉਥੇ ਵੀ ਇਸ ਤਰੀਕੇ ਨਾਲ ** ** ਕੀਤੀ ਜਾ ਰਹੀ ਹੈ, ਟਰੱਕ ਯੂਨੀਅਨ ਤੇ ਨਜਾਇਜ਼ ਕਬਜ਼ੇ ਤਾਂ ਕੀਤੇ ਹੋਏ ਹੀ ਹਨ..

**Mr. Speaker :** Please wind up. ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਜੀ।

**Professor Baljinder Kaur :** Just a single line. ਉਥੇ ਇਹ ਸ਼ੋਅ ਕੀਤਾ ਜਾ ਰਿਹਾ ਹੈ ਕਿ 55 ਲੱਖ ਦੀ ਅਮਾਊਂਟ ਪਾਰਕ ਦਾ ਉਦਘਾਟਨ ਕਰਨ ਲਈ ਮੁੱਖ ਮੰਤਰੀ ਸਾਹਿਬ ਦੀ ਪ੍ਰਵਾਨਗੀ ਨਾਲ ਉਥੇ ਪਹੁੰਚ ਰਹੀ ਹੈ ਅਤੇ ਬਠਿੰਡਾ ਅਥਾਰਟੀ ਦਾ ਜਿਹੜਾ ਡਿਪਾਰਟਮੈਂਟ ਹੈ, ਬਕਾਇਦਾ ਉਨ੍ਹਾਂ ਨੂੰ ਫੈਸਿਲੀਟੇਟ ਕਰ ਰਿਹਾ ਹੈ।

**ਮਾਨਯੋਗ ਸਪੀਕਰ :** ** ** ਐਕਸਪੰਜ ਕਰ ਦਿੱਤਾ ਜਾਵੇ।

**ਪ੍ਰੋਫੈਸਰ ਬਲਜਿੰਦਰ ਕੌਰ :** ਉਨ੍ਹਾਂ ਅਫਸਰਾਂ ਤੇ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ ਅਤੇ ਇਸ ਪ੍ਰਥਾ ਨੂੰ ਕਿਰਪਾ ਕਰਕੇ ਬੰਦ ਕੀਤਾ ਜਾਵੇ ਤਾਂ ਕਿ ਅਸੀਂ ਇਸ ਪੰਜਾਬ ਦੀ ਬੈਟਰਮੈਂਟ ਲਈ, ਅਤੇ ਪੰਜਾਬੀਅਤ ਦੀ ਬੈਟਰਮੈਂਟ ਲਈ ਕੋਈ ਕੰਮ ਕਰ ਸਕੀਏ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ (ਗਿੱਦੜਬਾਹਾ) :** ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਰਾਜਪਾਲ ਜੀ ਦੁਆਰਾ ਦਿੱਤੇ ਭਾਸ਼ਣ ਤੇ ਖੜ੍ਹੇ ਹੋ ਕੇ ਧੰਨਵਾਦ ਕਰਨ ਲਈ ਮੌਕਾ ਦਿੱਤਾ ਹੈ ਨਾਲ ਹੀ ਅੱਜ ਮੈਂ ਸਮੁੱਚੇ ਪੰਜਾਬ ਦੇ ਲੋਕਾਂ ਨੂੰ, ਗਰੀਬਾਂ ਨੂੰ, ਕਾਮਿਆਂ ਨੂੰ, ਕਿਸਾਨਾਂ ਨੂੰ ਵਧਾਈ ਦੇਣੀ ਚਾਹੁੰਦਾ ਹਾਂ ਅਤੇ ਧੰਨਵਾਦ ਕਰਨਾ ਚਾਹੁੰਦਾ ਹਾਂ, ਜਿਨ੍ਹਾਂ ਨੇ ਸਾਲ 1992 ਤੋਂ 26 ਸਾਲਾਂ ਬਾਅਦ ਹੁਣ ਦੋ-ਤਿਹਾਈ ਬਹੁਮਤ ਨਾਲ ਕਾਂਗਰਸ ਪਾਰਟੀ ਨੂੰ ਮੁੜ ਸੱਤਾ ਵਿੱਚ ਵਾਪਸ ਲਿਆਉਣ ਦਾ ਮੌਕਾ ਦਿੱਤਾ ਹੈ। (ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ) ਮੈਂ ਮੁੱਖ ਮੰਤਰੀ, ਪੰਜਾਬ, ਕੈਪਟਨ ਅਮਰਿੰਦਰ ਸਿੰਘ ਸਾਹਿਬ ਨੂੰ ਵਧਾਈ ਦੇਣੀ ਚਾਹੁੰਦਾ ਹਾਂ, ਜਿਨ੍ਹਾਂ ਤੇ ਪੂਰੇ ਪੰਜਾਬ ਦੇ ਲੋਕਾਂ ਨੇ ਵਿਸ਼ਵਾਸ ਕਰਕੇ ਉਨ੍ਹਾਂ ਦੀ ਯੋਗ ਅਗਵਾਈ ਹੇਠ ਇਹ ਫਤਵਾ ਦਿੱਤਾ ਹੈ। ਅਸੀਂ ਸਾਰੇ ਦੇ ਸਾਰੇ ਪੰਜਾਬ ਦੇ ਲੋਕਾਂ ਦੇ ਰਿਣੀ ਰਹਾਂਗੇ। ਕੈਪਟਨ ਅਮਰਿੰਦਰ ਸਿੰਘ ਨੇ ਜੋ ਕਿਹਾ ਹੈ,

** Expunged as ordered by the Chair.

[ ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ]

ਉਹ ਹਮੇਸ਼ਾ ਕੀਤਾ ਹੈ। ਇਹ ਕਹਿਣੀ ਅਤੇ ਕਥਨੀ ਦੇ ਪੱਕੇ ਹਨ। ਜ਼ਿਆਦਾ ਤਰੀਫ ਕਰਾਂਗਾ ਤਾਂ ਇਸ ਤਰ੍ਹਾਂ ਲੱਗੇਗਾ ਕਿ ਮੈਂ ਮੁੱਖ ਮੰਤਰੀ ਅਮਰਿੰਦਰ ਸਿੰਘ ਜੀ ਦੀ ਜ਼ਿਆਦਾ ਤਾਰੀਫ ਕਰ ਰਿਹਾ ਹਾਂ। ਲੇਕਿਨ ਕਈ ਵਾਰ ਜਦੋਂ ਮੈਂ ਕੈਪਟਨ ਅਮਰਿੰਦਰ ਸਿੰਘ ਜੀ ਦੀ ਫੋਟੋ ਵੇਖਦਾ ਸੀ, ਬੱਬਰ ਸ਼ੇਰ ਨਾਲ ਕੈਪਟਨ ਸਾਹਿਬ ਦੀ ਫੋਟੋ ਦੀ ਤੁਲਨਾ ਹੁੰਦੀ ਸੀ। ਅਕਸਰ ਕਈ ਵਾਰ ਬਜ਼ਾਰਾਂ ਵਿੱਚ ਫਲੈਕਸ ਬੋਰਡ ਲੱਗੇ ਵੇਖੇ ਹਨ। ਮੈਂ ਹੈਰਾਨ ਹੁੰਦਾ ਸੀ ਕਿ ਬੰਦੇ ਨੇ ਫੋਟੋ ਲਾਉਣੀ ਸੀ ਤਾਂ ਬੱਬਰ ਸ਼ੇਰ ਦੀ ਫੋਟੋ ਨਾਲ ਕਿਉਂ ਤੁਲਨਾ ਕੀਤੀ। ਮੈਂ ਕਈ ਵਾਰ ਇਹ ਜਾਣਨ ਦੀ ਕੋਸ਼ਿਸ਼ ਕੀਤੀ ਪਰ ਅੱਜ ਮੈਂ ਮਹਿਸੂਸ ਕਰਦਾ ਹਾਂ ਕਿ ਪੰਜਾਬ ਦੇ ਲੋਕ ਬੜੇ ਅਣਖੀਲੇ, ਗੈਰਤਮੰਦ ਅਤੇ ਸਮਝਦਾਰ ਹਨ। ਕੋਈ ਕਿਸੇ ਦੇ ਮਗਰ ਇਵੇਂ ਹੀ ਨਹੀਂ ਹੋ ਜਾਂਦਾ। ਉਨ੍ਹਾਂ ਦੀ ਬੱਬਰ ਸ਼ੇਰ ਨਾਲ ਤੁਲਨਾ ਇਸ ਵਾਸਤੇ ਹੈ, ਬੱਬਰ ਸ਼ੇਰ ਇਸ ਕਰਕੇ ਕਿਹਾ ਜਾਂਦਾ ਹੈ ਕਿਉਂਕਿ ਉਹ ਹਮੇਸ਼ਾ ਬੱਬਰ ਸ਼ੇਰ ਦੀ ਤਰ੍ਹਾਂ, ਚਾਹੇ ਉਹ ਪੰਜਾਬ ਦੇ ਪਾਣੀਆਂ ਦਾ ਮੁੱਦਾ ਸੀ, ਜਦੋਂ ਅਸੀਂ ਛੋਟੇ ਹੁੰਦੇ ਸੀ ਤਾਂ 1984 ਦੀ ਕੋਈ ਗੱਲ ਕਰਦਾ ਸੀ, ਕੋਈ ਹੋਰ ਸਮੇਂ ਦੀ ਗੱਲ ਕਰਦਾ ਸੀ, ਹਮੇਸ਼ਾ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਕੁਰਸੀ ਦੀ ਪਰਵਾਹ ਨਾ ਕਰਦਿਆਂ, ਚਾਹੇ ਐਗਰੀਕਲਚਰ ਮਨਿਸਟਰ ਦਾ ਪਦ ਛੱਡਿਆ, ਹਮੇਸ਼ਾ ਪੰਜਾਬ ਦੇ ਹਿਤਾਂ ਵਾਸਤੇ, ਪੰਜਾਬ ਦੇ ਲੋਕਾਂ ਵਾਸਤੇ, ਸਾਰਾ ਕੁਝ ਤਿਆਗ ਕਰਕੇ ਲੜਾਈ ਲੜੀ। ਮੈਂ ਪੰਜਾਬ ਦੀ ਜਨਤਾ ਦਾ ਧੰਨਵਾਦੀ ਹਾਂ, ਜਿਨ੍ਹਾਂ ਨੇ ਸਾਨੂੰ ਇੰਨਾ ਵੱਡਾ ਮਾਣ ਬਖਸ਼ਿਆ ਹੈ। ਸੁਖਬੀਰ ਸਿੰਘ ਬਾਦਲ ਸਾਹਿਬ...... ਅੱਜ ਇੰਨਾ ਰੌਲਾ ਕਿਉਂ ਪੈ ਰਿਹਾ ਹੈ? ਅਸੀਂ ਵੀ ਉਥੇ ਬੈਂਚਾਂ ਤੇ ਬੈਠ ਕੇ ਲੜਾਈ ਲੜਦੇ ਰਹੇ ਹਾਂ। ਉਨ੍ਹਾਂ ਬੈਂਚਾਂ ਤੇ ਜਦੋਂ ਸੀ, ਅਸੀਂ ਵੀ ਨਾਅਰੇ ਲਗਾਉਂਦੇ ਰਹੇ ਹਾਂ। ਮਾਰਸ਼ਲ ਸਾਨੂੰ ਰੋਕਦੇ ਰਹੇ। ਆਪੋਜ਼ੀਸ਼ਨ ਦਾ ਇਹ ਹੱਕ ਹੈ। ਲੇਕਿਨ ਹੁਣ ਤਾਂ ਪੁਜ਼ੀਸ਼ਨ ਇਹ ਹੈ ਕਿ ਅਜੇ ਕੁਐਸਚਨ ਆਵਰ ਹੋਇਆ ਨਹੀਂ, ਜ਼ੀਰੋ ਆਵਰ ਹੋਇਆ ਨਹੀਂ, ਪਹਿਲਾਂ ਹੀ ਕਾਗਜ਼ ਚੁੱਕ ਕੇ ਕਿਹਾ ਗਿਆ ਕਿ ਇਕ ਸੁਸਾਈਡ ਕੇਸ ਹੈ, ਸ਼ਰਧਾਂਜਲੀ ਦੇ ਦਿਉ। ਤੁਸੀਂ ਲੋਕਾਂ ਦਾ ਮਜ਼ਾਕ ਬਣਾ ਰਹੇ ਹੋ। ਪਿਛਲੇ 10 ਸਾਲਾਂ ਵਿਚ 7000 ਕਿਸਾਨਾਂ ਦੀਆਂ ਮੌਤਾਂ ਹੋਈਆਂ ਹਨ ਅਤੇ ਸੁਖਬੀਰ ਬਾਦਲ ਕਹਿੰਦੇ, ਮੈਂ ਉਧਰ ਉਸ ਕੁਰਸੀ ਤੇ ਬੈਠਾ ਹੁੰਦਾ ਸੀ, (ਇਸ਼ਾਰਾ ਕਰਕੇ ਦੱਸਦੇ ਹੋਏ) ਉਨ੍ਹਾਂ ਨੇ ਐਂ (ਪੋਜ਼ ਬਣਾ ਕੇ ਦੱਸਦੇ ਹੋਏ) ਚੌੜੇ ਹੋ ਕੇ ਆਉਣਾ। (ਵਿਘਨ) (ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ਅਤੇ ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਸਰਦਾਰ ਸੁਖਬੀਰ ਸਿੰਘ ਬਾਦਲ ਦਾ ਨਾਮ ਐਕਸਪੰਜ ਕਰਵਾਉਣ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਸਰਦਾਰ ਸੁਖਬੀਰ ਸਿੰਘ ਬਾਦਲ ਇਸ ਸਦਨ ਦੇ ਮੈਂਬਰ ਹਨ। ਉਹ ਜਵਾਬ ਦੇ ਸਕਦੇ ਹਨ। ਉਨ੍ਹਾਂ ਦਾ ਨਾਮ ਲਿਆ ਜਾ ਸਕਦਾ ਹੈ। ਪਲੀਜ਼, ਬੈਠੋ।

(ਵਿਘਨ...... ਸ਼ੋਰ) ਪਲੀਜ਼ ਬੈਠ ਜਾਵੋ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਚਲੋ, ਮੈਂ ਉਨ੍ਹਾਂ ਦੇ ਰਾਜ ਵਿੱਚ ਕਹਿ ਸਕਦਾ ਹਾਂ....(ਵਿਘਨ....ਸ਼ੋਰ)

-----

## RULING BY THE SPEAKER

**ਮਾਨਯੋਗ ਸਪੀਕਰ :** ਸਰਦਾਰ ਸੁਖਬੀਰ ਸਿੰਘ ਬਾਦਲ ਇਸ ਸਦਨ ਦੇ ਮੈਂਬਰ ਹਨ। ਉਹ ਇਸ ਗੱਲ ਦਾ ਜਵਾਬ ਦੇ ਸਕਦੇ ਹਨ, ਬਾਅਦ ਵਿੱਚ ਵੀ ਦੇ ਸਕਦੇ ਹਨ। ਇਸ ਕਰਕੇ ਉਨ੍ਹਾਂ ਦਾ ਨਾਮ ਲਿਆ ਜਾ ਸਕਦਾ ਹੈ। (ਥੰਪਿੰਗ)

-----

## MOTION OF THANKS AND DISCUSSION ON GOVERNOR'S ADDRESS *(Resumption)*

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਚਲੋ, ਮੈਂ ਕਹਿ ਦਿੰਦਾ ਹਾਂ ਕਿ ਮਾਨਯੋਗ ਸਾਬਕਾ ਡਿਪਟੀ ਮੁੱਖ ਮੰਤਰੀ ਸਾਹਿਬ ਜਦੋਂ ਆਉਂਦੇ ਸੀ, ਮੈਂ ਜਦੋਂ ਸਵਾਲ ਪੁੱਛਿਆ ਤਾਂ ਮੈਨੂੰ ਕਹਿੰਦੇ, (ਛਾਤੀ ਥਪਥਪਾ ਕੇ ਦਿਖਾਉਂਦੇ ਹੋਏ) ਅਸੀਂ 25 ਸਾਲ ਰਾਜ ਕਰਨਾ ਹੈ, ਕਾਕਾ ਬਹਿ ਜਾ। ਮੈਂ ਫਿਰ ਨਮੋਸ਼ ਹੋ ਕੇ ਬਹਿ ਗਿਆ। ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ, ਮੈਂ ਮਹਾਰਾਜਾ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਜੇ ਮੁੱਖ ਮੰਤਰੀ ਬਣੇ ਹਨ ਤਾਂ ਕਿਰਪਾ ਕਰ ਦੇਣ। ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਵਾਲਿਆਂ ਨੇ ਇੱਕ ਬਿੱਲਾ ਲਗਾਇਆ ਸੀ, ਬਿੱਲਾ, ਬਾਘੜਬਿੱਲਾ ਦੁੱਧ ਪੀਣ ਵਾਲਾ ਨਹੀਂ, ਉਸ ਬਿੱਲੇ ਤੇ ਲਿਖਿਆ ਹੋਇਆ ਸੀ, Proud to be Akali. ਸਪੀਕਰ ਸਾਹਿਬ, ਇੱਕ ਮਾਨਯੋਗ ਮੈਂਬਰ ਸਾਹਿਬ ਨੂੰ ਤੁਹਾਡੀ ਕੁਰਸੀ ਤੇ ਚੇਅਰਮੈਨ ਬਣਾ ਕੇ ਬਿਠਾ ਦਿੱਤਾ ਗਿਆ। ਅਸੀਂ ਆਖਿਆ ਕਿ ਇਹ ਕੁਰਸੀ ਸੰਵਿਧਾਨਿਕ ਕੁਰਸੀ ਹੈ, ਇਸ ਬਿੱਲੇ ਨੂੰ ਲਾਹ ਦਿਉ। ਕਹਿੰਦੇ, ਨਾਂਹ, ਮੇਰਾ ਬਿੱਲਾ ਨਹੀਂ ਲਹੂਗਾ। ਅੱਜ ਬਿੱਲਾ ਕਿੱਥੇ ਹੈ? (ਵਿਘਨ.....ਸ਼ੋਰ) ਹੁਣ ਅਸੀਂ ਬਿੱਲਾ ਲੁਕੋ ਦਿੱਤਾ। ਕਿਰਪਾ ਕਰਕੇ ਸਾਨੂੰ ਕੰਮ ਕਰਨ ਦਿਉ। ਅਮਨ ਜੀ ਨੇ ਇਥੇ ਕਿਹਾ ਹੈ ਕਿ 92 ਦਿਨ ਸਰਕਾਰ ਬਣੀ ਨੂੰ ਹੋ ਗਏ ਹਨ। ਅਮਨ ਜੀ, ਮੈਂ ਤੁਹਾਨੂੰ ਵੀ ਕਹਿਣਾ ਚਾਹੁੰਦਾ ਹਾਂ ਕਿ ਸਦਕੇ ਜਾਈਏ ਕੈਪਟਨ ਅਮਰਿੰਦਰ ਸਿੰਘ ਜੀ ਦੇ, (ਥੰਪਿੰਗ) ਅਸੀਂ ਫੋਟੋ ਲਾਉਂਦੇ ਸੀ, ਪੰਜਾਬ ਦੀਆਂ ਬੁੱਢੀਆਂ ਮਾਵਾਂ ਨੇ, ਪੰਜਾਬ ਦੇ ਬਜ਼ੁਰਗਾਂ ਨੇ, ਪੰਜਾਬ ਦੇ ਅੰਗਹੀਣਾਂ ਨੇ ਅਤੇ ਪੰਜਾਬ ਦੇ ਝੁੱਗੀ ਵਿੱਚ ਰਹਿਣ ਵਾਲੇ ਵਸਨੀਕਾਂ ਨੇ, ਜਦੋਂ ਵਾਅਦਿਆਂ ਦੀ ਫੋਟੋ ਦਿਖਾਉਂਦੇ ਸੀ....(ਵਿਘਨ...... ਸ਼ੋਰ) ਪਹਿਲਾਂ ਸੁਣ ਲਵੋ।

**ਸ਼੍ਰੀ ਅਮਨ ਅਰੋੜਾ :** ਮੇਰਾ ਪੁਆਇੰਟ ਆਫ ਆਰਡਰ ਹੈ....

**ਮਾਨਯੋਗ ਸਪੀਕਰ :** ਅਮਨ ਜੀ, ਪਲੀਜ਼, ਬੈਠੋ। ਪੁਆਇੰਟ ਆਫ ਆਰਡਰ ਨਹੀਂ। ਇੰਟਰੱਪਟ ਨਾ ਕਰੋ। (ਵਿਘਨ.......ਸ਼ੋਰ)

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਇਥੇ ਫੋਟੋ ਵਿਖਾਉਂਦੇ ਸੀ, ਜਿਸ ਨੂੰ ਕਹਿ ਦਿੰਦੇ ਸੀ, ਕਰਜ਼ਾ ਕੁਰਕੀ ਖਤਮ, (ਵਿਘਨ) ਇਹ ਤਾਂ ਨਾਅਰਾ ਲਗਾਉਂਦੇ ਸੀ, 'ਚਾਹੁੰਦਾ ਹੈ ਪੰਜਾਬ, ਕਿਸਾਨ ਕਰਜ਼ਾ ਮੁਆਫ'। ਇਹ ਮੈਂ ਕਹਿੰਦਾ ਹਾਂ, ਸਰਕਾਰ ਕਹਿੰਦੀ ਹੈ। ਗਰੀਬ ਲੋਕਾਂ ਨੇ ਫੋਟੋਆਂ ਨੂੰ ਦਿਲਾਂ ਨਾਲ ਲਗਾ ਲਗਾ ਕੇ ਰੱਖਿਆ, ਤੇ ਹੁਣ ਜਿਹੜੇ 30,000-30,000 ਤੇ ਜਿੱਤੇ ਮੈਂਬਰਜ਼ ਸਦਨ ਵਿੱਚ ਬੈਠੇ ਹਨ, ਲੋਕਾਂ ਨੇ ਕੈਪਟਨ ਸਾਹਿਬ ਦੀ ਫੋਟੋ ਤੇ ਵਿਸ਼ਵਾਸ ਕਰਕੇ ਵੋਟਾਂ ਪਾਈਆਂ, ਸਾਡੇ ਤੇ ਵਿਸ਼ਵਾਸ ਕੀਤਾ ਹੈ। ਜਿੰਨੇ ਵਾਅਦੇ ਹਨ, ਉਹ ਅਸੀਂ ਪੂਰੇ ਕਰ ਰਹੇ ਹਾਂ। (ਥੰਪਿੰਗ) ਕਰਜ਼ਾ ਕੁਰਕੀ ਖਤਮ, ਫਸਲ ਦੀ ਪੂਰੀ ਰਕਮ। ਕੱਲ੍ਹ ਨੂੰ ਨਾ ਲੈ ਕੇ ਆਇਓ, ਤੁਹਾਡੇ ਖਿਲਾਫ ਪ੍ਰੈਸ ਵਾਲਿਆਂ ਨੇ ਲਿਖ ਦੇਣਾ ਹੈ। ਕਰਜ਼ਾ ਕੁਰਕੀ ਖਤਮ, ਫਸਲ ਦੀ ਪੂਰੀ ਰਕਮ, ਤਿੰਨ ਵਾਰੀ ਕਹਿ ਦਿੱਤਾ ਹੈ, ਹੁਣ ਵਾਰੀ ਵਾਰੀ ਨਾ ਪੁੱਛਿਓ। ਹੋਰ ਕੰਮ ਵੀ ਸ਼ੁਰੂ ਕਰ ਦੇਣਗੇ, ਕੈਪਟਨ ਸਾਹਿਬ। ਮੇਰੇ ਭਰਾਵਾਂ ਨੇ ਸਾਨੂੰ ਬੜਾ ਡਰਾਇਆ। ਇਕ ਨਾਅਰਾ ਲਗਾ ਦਿੱਤਾ, ਕੇਜਰੀਵਾਲ ਕੇਜਰੀਵਾਲ, ਸਾਰਾ ਪੰਜਾਬ ਤੇਰੇ ਨਾਲ।(ਵਿਘਨ......ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ।)

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ।

**ਮਾਨਯੋਗ ਸਪੀਕਰ :** ਪਲੀਜ਼, ਬੈਠੋ।

**ਮਾਨਯੋਗ ਸਪੀਕਰ :** ਰਾਜਾ ਜੀ, ਜਿਹੜਾ ਵਿਅਕਤੀ ਸਦਨ ਦਾ ਮੈਂਬਰ ਨਹੀਂ, ਉਸ ਦਾ ਨਾਮ ਨਾ ਲਓ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ) :** ਨਾਅਰਾ ਨਾਮ ਨਹੀਂ ਹੈ ਜੀ। (ਵਿਘਨ.....ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ, ਜਿਸ ਕਾਰਨ ਸਦਨ ਵਿਚ ਕਾਫੀ ਸ਼ੋਰ ਸੀ।)

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਜੇਕਰ ਇਤਰਾਜ਼ ਹੈ ਤਾਂ ਮੈਂ ਆਪਣੇ ਸ਼ਬਦ ਵਾਪਸ ਲੈਂਦਾ ਹਾਂ। (ਵਿਘਨ...ਸ਼ੋਰ)

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਸਪੀਕਰ ਸਾਹਿਬ...... (ਵਿਘਨ..ਸ਼ੋਰ)

**ਮਾਨਯੋਗ ਸਪੀਕਰ :** ਫੂਲਕਾ ਸਾਹਿਬ ਦੀ ਗੱਲ ਸੁਣ ਲਈਏ, ਤੁਸੀਂ ਬਾਕੀ ਸਾਰੇ ਬੈਠੋ।

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ** **

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ ਸਰਦਾਰ ਬਲਵਿੰਦਰ ਸਿੰਘ ਬੈਂਸ ਆਪਣੀ ਸੀਟ ਦੇ ਹੇਠਾਂ ਧਰਨੇ ਤੇ ਬੈਠੇ ਹੋਏ ਚੇਅਰ ਦੀ ਸ਼ਾਨ ਦੇ ਖਿਲਾਫ** ਨਾਅਰੇ ਲਗਾ ਰਹੇ ਸਨ ਜਿਹੜੇ ਕਿ ਚੇਅਰ ਦੀ ਆਗਿਆ ਮੁਤਾਬਕ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ :** ਤੁਸੀਂ ਆਪਣਾ ਪੁਆਇੰਟ ਆਫ ਆਰਡਰ ਦੱਸੋ?

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਸਪੀਕਰ ਸਾਹਿਬ, ਇਥੇ ਕੋਈ ਭਾਸ਼ਣ ਨਹੀਂ ਹੋ ਰਿਹਾ, ਇਥੇ ਗਵਰਨਰ ਐਡਰੈਸ ਤੇ ਬਹਿਸ ਹੋ ਰਹੀ ਹੈ।ਇਹ ਦੱਸਣ ਕਿ ਗਵਰਨਰ ਐਡਰੈਸ ਦੇ ਕਿਹੜੇ ਪੈਰ੍ਹੇ ਤੇ ਇਹ ਲਿਖਿਆ ਹੈ। ਗਵਰਨਰ ਐਡਰੈਸ ਤੇ ਇਨ੍ਹਾਂ ਨੇ ਭਾਸ਼ਣ ਦਿੱਤਾ ਹੈ। ਇਹ ਬਹਿਸ ਨਹੀਂ ਹੈ। ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਨ੍ਹਾਂ ਨੂੰ ਭਾਸ਼ਣ ਦੇਣ ਤੋਂ ਰੋਕਿਆ ਜਾਵੇ।

**ਮਾਨਯੋਗ ਸਪੀਕਰ :** ਤੁਹਾਡੀ ਗੱਲ ਆ ਗਈ, ਤੁਸੀਂ ਬੈਠੋ।

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਇਹ ਚਾਰ-ਚਾਰ ਵਾਰ ਜਿੱਤ ਕੇ ਆਏ ਹਨ ਪਰ ਇਨ੍ਹਾਂ ਨੂੰ ਇਹ ਨਹੀਂ ਪਤਾ ਕਿ ਬਹਿਸ ਕੀ ਹੁੰਦੀ ਹੈ। ਸਾਡੇ ਪਹਿਲੀ ਵਾਰ ਮੈਂਬਰ ਜਿੱਤ ਕੇ ਆਏ ਹਨ ਤੇ ਇਨ੍ਹਾਂ ਨੂੰ ਸਭ ਪਤਾ ਹੈ।

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ) :** ਸਪੀਕਰ ਸਾਹਿਬ, ਲੀਡਰ ਆਫ ਦਿ ਆਪੋਜ਼ੀਸ਼ਨ ਬੜੇ ਜੋਸ਼ ਨਾਲ ਬੋਲ ਰਹੇ ਸੀ। ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੋ ਰਾਜਾ ਜੀ ਕਹਿ ਰਹੇ ਸੀ, ਇਨ੍ਹਾਂ ਦੇ ਦਿੱਲੀ ਦੇ ਡਿਪਟੀ ਚੀਫ ਮਨਿਸਟਰ ਤੇ ਹੁਣੇ ਕੁਝ ਮਿੰਟ ਪਹਿਲਾਂ ਸੀ.ਬੀ.ਆਈ. ਦੀ ਰੇਡ ਪਈ ਹੈ। Just for information. ਬੜੇ ਅਫਸੋਸ ਦੀ ਗੱਲ ਹੈ। (ਟਰੇਜ਼ਰੀ ਬੈਂਚਿਜ਼ ਵਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ)

**ਮਾਨਯੋਗ ਸਪੀਕਰ :** ਵੜਿੰਗ ਜੀ, ਤੁਸੀਂ ਬੋਲੋ, ਬਾਕੀ ਬੈਠੋ। (ਵਿਘਨ..ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ, ਜਿਸ ਕਾਰਨ ਸਦਨ ਵਿਚ ਕਾਫੀ ਸ਼ੋਰ ਸੀ।)

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਲੀਡਰ ਆਫ ਦਿ ਆਪੋਜ਼ੀਸ਼ਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਗਵਰਨਰ ਐਡਰੈਸ ਤੇ ਹੀ ਬੋਲਾਂਗਾ

---

** Expunged/Not recorded as ordered by the Hon'ble Speaker.

[ ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ]

ਪਰ ਪਹਿਲਾਂ ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੀਆਂ ਤਿੰਨਾਂ ਪਾਰਟੀਆਂ ਦੀ ਕੀ ਕਾਰਗੁਜ਼ਾਰੀ ਹੈ ਅਤੇ ਕਿਹੜੇ ਵਾਅਦੇ ਅਸੀਂ ਕੀਤੇ ਹਨ। ਸੱਚੇ ਤੇ ਸੁੱਚੇ ਜਿਹੜੇ ਕਦੇ ਝੂਠ ਨਹੀਂ ਬੋਲਦੇ, ਇਨਕਲਾਬੀ। ਮੈਂ ਵੋਟ ਪਾਉਣ ਗਿਆ, ਸਾਡੇ ਸਾਰੇ ਪੋਲਿੰਗ ਏਜੰਟ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਪੱਗ ਬੰਨ੍ਹ ਕੇ ਬੈਠੇ ਸਨ। ਸਪੀਕਰ ਸਾਹਿਬ ਪੱਗ ਬੰਨਣੀ ਬੜੀ ਅਸਾਨ ਹੈ ਲੇਕਿਨ ਪੱਗ ਬੰਨ੍ਹ ਕੇ ਭਗਤ ਸਿੰਘ ਨਹੀਂ ਬਣਿਆ ਜਾ ਸਕਦਾ। (ਵਿਘਨ..ਸ਼ੋਰ) ਮੈਨੂੰ ਆਪਣੀ ਗੱਲ ਪੂਰੀ ਕਰ ਲੈਣ ਦਿਓ। ਰਾਜਾ ਵੜਿੰਗ ਪੱਗ ਬੰਨ੍ਹ ਕੇ ਭਗਤ ਸਿੰਘ ਨਹੀਂ ਬਣ ਸਕਦਾ। ਪੱਗ ਬੰਨ੍ਹ ਕੇ ਉਨ੍ਹਾਂ ਦੇ ਪਦਚਿੰਨ੍ਹਾਂ ਤੇ ਚੱਲਣ ਦੀ ਕੋਸ਼ਿਸ਼ ਕਰ ਸਕਦਾ ਹਾਂ ਪਰ ਭਗਤ ਸਿੰਘ ਨਹੀਂ ਬਣ ਸਕਦਾ। ਸਿਆਸੀ ਬੰਦਾ ਭਗਤ ਸਿੰਘ ਨਹੀਂ ਬਣ ਸਕਦਾ। ਭਗਤ ਸਿੰਘ ਦੀ ਮਾਂ ਨੇ ਭਗਤ ਸਿੰਘ ਜੰਮਿਆ ਸੀ। ਮੈਂ ਸਾਰੇ ਸਦਨ ਦੇ ਮੈਂਬਰਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਸ ਦੀ ਮਾਂ ਨੇ ਕਿਹਾ ਸੀ ਕਿ ਭਗਤ ਸਿੰਘ ਛੱਡ ਇਹ ਇਨਕਲਾਬ ਦੀ ਲਹਿਰ, ਛੱਡ ਇਹ ਗਦਰ ਦੀ ਲਹਿਰ, ਇਸ ਵਿਚ ਕੁਝ ਨਹੀਂ ਪਿਆ, ਪੁੱਤ ਛੱਡ ਇਹ ਸਾਰੀਆਂ ਗੱਲਾਂ। (ਵਿਘਨ..ਸ਼ੋਰ) ਭਗਤ ਸਿੰਘ ਕਦੇ ਝੂਠ ਨਹੀਂ ਸੀ ਬੋਲਦਾ। ਭਗਤ ਸਿੰਘ ਨੇ ਕਿਹਾ ਕਿ ਮਾਂ ਮੇਰਾ ਵਿਆਹ ਫਾਂਸੀ ਦੇ ਫੰਦੇ ਨਾਲ ਹੋ ਚੁੱਕਿਆ ਹੈ। ਇਸ ਕਰਕੇ ਭਗਤ ਸਿੰਘ ਵਾਲੀ ਪੱਗ ਬੰਨ੍ਹ ਕੇ ਕਿਰਪਾ ਕਰਕੇ ਮੇਰੇ ਸੋਹਣੇ ਪੰਜਾਬ ਦੇ ਸੋਹਣੇ ਲੋਕਾਂ ਨੂੰ, ਗੈਰਤਮੰਦ ਪੰਜਾਬੀਆਂ ਨੂੰ ਗੁੰਮਰਾਹ ਨਾ ਕਰੋ। ਇੱਕ ਪੋਸਟਰ ਲਗਾ ਦਿੱਤਾ ਗਿਆ ਜਿਹੜਾ "ਸਰਵੇ ਪੋਸਟਰ" ਕਰਕੇ ਸੀ। ਇਨ੍ਹਾਂ ਨੇ ਉਸ ਦੇ ਥੱਲੇ ਫੋਟੋ ਲਾਈ ਤੇ ਲਿਖਿਆ 100 ਸੀਟ ਝਾੜੂ ਵਾਲਿਆਂ ਦੀ ਤੇ 10 ਕਾਂਗਰਸ ਦੀਆਂ ਤੇ 7 ਅਕਾਲੀ ਦਲ ਦੀਆਂ। ਕੀ ਇਹ ਸੱਚ ਸੀ? ਦੱਸੋ? ਅੱਜ ਤੁਸੀਂ ਇੱਥੇ ਮੁਆਫੀ ਮੰਗੋ। (ਵਿਘਨ......ਸ਼ੋਰ)

**ਸ਼੍ਰੀ ਅਮਨ ਅਰੋੜਾ :** ਸਰ, ਪੁਆਇੰਟ ਆਫ ਆਰਡਰ।

**ਸ਼੍ਰੀ ਕੰਵਰ ਸੰਧੂ :** ਸਪੀਕਰ ਸਾਹਿਬ , ਪੁਆਇੰਟ ਆਫ ਆਰਡਰ। (ਵਿਘਨ.....ਸ਼ੋਰ)

**ਮਾਨਯੋਗ ਸਪੀਕਰ:** ਹਾਂ ਜੀ, ਸਰਦਾਰ ਕੰਵਰ ਸੰਧੂ ਜੀ।

**ਸ਼੍ਰੀ ਕੰਵਰ ਸੰਧੂ :** ** **

**ਮਾਨਯੋਗ ਸਪੀਕਰ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਪਲੀਜ਼ ਬੈਠੋ। (ਵਿਘਨ.....ਸ਼ੋਰ)

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸਪੀਕਰ ਸਾਹਿਬ, ਮੈਂ ਕਿਸੇ ਵਿਅਕਤੀ ਵਿਸ਼ੇਸ਼ ਨੂੰ ਪੱਗ ਦਾ ਟਾਰਗੈਟ ਨਹੀਂ ਕੀਤਾ। ਕੱਲ੍ਹ ਸਰਦਾਰ ਦਰਸ਼ਨ ਸਿੰਘ ਬਰਾੜ ਨੇ ਵੀ ਇਹੀ ਰੰਗ ਬੰਨ੍ਹਿਆ ਸੀ। ਮੈਂ ਇਨ੍ਹਾਂ ਨੂੰ ਨਹੀਂ ਕਹਿ ਰਿਹਾ। ਮੈਂ ਆਪਣੇ ਆਪ ਨੂੰ ਵੀ ਕਹਿੰਦਾ ਹਾਂ, ਮੈਂ ਵੀ ਕਦੇ ਕਦੇ ਬਸੰਤੀ ਰੰਗ ਬੰਨ੍ਹਦਾ ਹਾਂ। ਪਰ ਕਈ ਵਾਰ ਅਖਬਾਰਾਂ ਵਿੱਚ ਖਬਰਾਂ

** Expunged as ordered by the Chair.

ਲੱਗੀਆਂ। ਪਾਰਟੀ ਨੇ ਤਾੜੀਆਂ ਵੀ ਮਾਰੀਆਂ। ਮੈਂ ਨਾਂ ਨਹੀਂ ਲੈਣਾ ਚਾਹੁੰਦਾ, ਨਹੀਂ ਤਾਂ ਫਿਰ ਇਹ ਚੀਕਾਂ ਮਾਰਨਗੇ। ਭਗਤ ਸਿੰਘ ਦੀ ਪੱਗ ਬੰਨ੍ਹ ਕੇ ਬੋਤਲ ਖੋਲ੍ਹ ਦਿਓ।(ਵਿਘਨ.......ਸ਼ੋਰ) ਹਾਏ ਓਏ ਮੇਰਿਆ ਰੱਬਾ। ਮੈਂ ਕਿਸੇ ਦਾ ਨਾਂ ਨਹੀਂ ਲਿਆ। ਹੁਣ ਜੇ ਆਪ ਹੀ ਰੌਲਾ ਪਾ ਲੈਣ ਤਾਂ ਕੀ ਕਰ ਸਕਦੇ ਹਾਂ। ਚਲੋ, ਛੱਡੋ ਜੀ ਛੱਡੋ। (ਵਿਘਨ.......ਸ਼ੋਰ)

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਸਪੀਕਰ ਸਾਹਿਬ, ਕੀ ਇਹ ਗਵਰਨਰ ਸਾਹਿਬ ਦਾ ਐਡਰੈਸ ਹੈ? (ਵਿਘਨ......ਸ਼ੋਰ)

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸਪੀਕਰ ਸਾਹਿਬ, ਮੈਂ ਵਧਾਈ ਦੇਣਾ ਚਾਹੁੰਦਾ ਹਾਂ। (ਵਿਘਨ) ਦੂਜੇ ਸਫੇ ਤੇ ਗਵਰਨਰ ਐਡਰੈਸ ਵਿੱਚ ਲਿਖਿਆ ਹੈ "ਮੇਰੀ ਸਰਕਾਰ ਰਾਜ ਪ੍ਰਬੰਧ ਵਿੱਚ ਵੀ.ਵੀ.ਆਈ.ਪੀ ਕਲਚਰ ਨੂੰ ਖਤਮ ਕਰਨ ਲਈ ਵਚਨਬੱਧ ਰਹੇਗੀ।" ਵੀ.ਵੀ.ਆਈ.ਪੀ. ਕਲਚਰ ਵਿੱਚ ਨੌਜਵਾਨ ਮੁੰਡੇ ਪੁਲਿਸ ਮੁਲਾਜ਼ਮ ਸੜਕਾਂ ਤੇ 12-12 ਘੰਟੇ ਖੜ੍ਹੇ ਰਹਿੰਦੇ ਸਨ। ਮੇਰੇ ਹਲਕੇ ਵਿੱਚ ਸੰਗਤ ਦਰਸ਼ਨ ਹੁੰਦਾ ਸੀ। ਸਵੇਰੇ 4 ਵਜੇ ਰੂਟ ਤੇ ਖੜ੍ਹੇ ਹੁੰਦੇ ਸਨ। ਸਦਕੇ ਜਾਈਏ ਸਾਡੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੇ, ਜਿਨ੍ਹਾਂ ਨੇ 1300 ਮੁਲਾਜ਼ਮ ਆਪਣੀ ਸਿਕਿਓਰਿਟੀ ਦਾ ਵਾਪਸ ਭੇਜ ਦਿੱਤਾ। ਬੜੇ ਲੋਕਾਂ ਨੇ ਚਿੱਠੀ ਲਿਖੀ ਕਿ ਕੈਪਟਨ ਅਮਰਿੰਦਰ ਸਿੰਘ ਜੀ ਨੂੰ ਜਾਨ ਦਾ ਖਤਰਾ ਹੈ। ਜੈੱਡ ਪਲੱਸ ਸਿਕਿਓਰਿਟੀ ਲੈ ਲਓ। ਜੇ ਇਨ੍ਹਾਂ ਨੂੰ (ਵਿਰੋਧੀ ਧਿਰ ਵੱਲ ਇਸ਼ਾਰਾ) ਕਿਸੇ ਨੇ ਲਿਖੀ ਹੁੰਦੀ ਤਾਂ ਇਨ੍ਹਾਂ ਨੇ ਕਹਿਣਾ ਸੀ ਕਿ ਛੇਤੀ ਲਿਆ ਦਿਓ ਪਰ ਕੈਪਟਨ ਅਮਰਿੰਦਰ ਸਿੰਘ ਜੀ ਨੇ ਕਿਹਾ ਮੇਰੇ ਕੋਲ ਪੰਜਾਬ ਪੁਲਿਸ ਰਹੇਗੀ, ਮੈਂ ਤਾਂ ਇੱਕਲਾ ਹੀ ਬਹੁਤ ਹਾਂ। ਮੈਨੂੰ ਕੋਈ ਜੈੱਡ ਪਲੱਸ ਤੇ ਐਨ.ਐਸ.ਜੀ. ਦੀ ਲੋੜ ਨਹੀਂ ਹੈ। ਇਹ ਮੇਰੇ ਪੰਜਾਬ ਦੇ ਹਿੱਤਾਂ ਦੀ ਗੱਲ ਕਰਦੇ ਹਨ। ਵੀ.ਆਈ.ਪੀ ਕਲਚਰ ਖਤਮ ਕਰਨ ਦਾ ਮਤਲਬ ਇਹ ਹੈ ਕਿ ਆਮ ਲੋਕਾਂ ਨੂੰ ਮੈਂ ਅੱਗੇ ਲੈ ਕੇ ਜਾਵਾਂਗਾ। ਉਨ੍ਹਾਂ ਦੀ ਗੱਲ ਸੁਣੀ ਜਾਵੇ ਅਤੇ ਸਾਰੇ ਉਸੇ ਤਰ੍ਹਾਂ ਵਤੀਰਾ ਕਰਨ। ਵੱਡੀ ਗੱਲ ਕੀ ਹੋਈ, ਤੁਹਾਨੂੰ ਕਿਸੇ ਨੇ ਵਧਾਈ ਨਹੀਂ ਦਿੱਤੀ। ਕੈਪਟਨ ਸਾਹਿਬ, ਹਿੰਦੁਸਤਾਨ ਦਾ ਇੱਕ ਵਿਅਕਤੀ ਦੁਨੀਆਂ ਵਿੱਚ ਤੋਰਾ-ਫੇਰਾ ਕਰਕੇ ਆਪਣਾ ਭਾਸ਼ਣ ਦੇ ਰਿਹਾ ਹੈ, ਜਿਨ੍ਹਾਂ ਦਾ ਮੈਂ ਨਾਮ ਨਹੀਂ ਲਵਾਂਗਾ, ਫਿਰ ਰੌਲਾ ਪੈ ਜਾਣਾ ਹੈ।ਜਿਹੜਾ ਕਹਿੰਦਾ ਹੈ ਕਿ ਭਾਇਓ और बहनो, भाइओ और बहनो, कैप्टन अमरिंदर सिंह ने जो कहा है, देश के अंदर हम उन के पीछे चलेंगे और वी.आई.पी. कल्चर हम भी खत्म करेंगे. (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਕੈਪਟਨ ਅਮਰਿੰਦਰ ਸਿੰਘ ਦੀ ਸੋਚ ਤੇ ਮੈਂ ਵਧਾਈ ਦੇਣੀ ਚਾਹੁੰਦਾ ਹਾਂ। (ਵਿਘਨ........ਸ਼ੋਰ)

**ਸ਼੍ਰੀ ਅਮਨ ਅਰੋੜਾ :** ਇਹ ਆਮ ਆਦਮੀ ਪਾਰਟੀ ਦੀ ਪਹਿਲ ਹੈ। ਇਹ ਕਰੈਡਿਟ ਲੈਣਾ ਚਾਹੁੰਦੇ ਹਨ। (ਵਿਘਨ.......ਸ਼ੋਰ)

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸਪੀਕਰ ਸਾਹਿਬ, ਕਿਸੇ ਨੇ 92 ਦਿਨਾਂ ਦੀ ਗੱਲ ਕੀਤੀ। ਇੰਡਸਟਰੀ ਪਾਲਿਸੀ ਦੀ ਗੱਲ ਕੀਤੀ। ਕਿਸੇ ਨੇ ਕਰਜ਼ਾ ਕੁਰਕੀ ਦੇ ਵਾਅਦੇ ਦੀ ਗੱਲ ਕੀਤੀ। ਅੱਜ 92 ਦਿਨ ਹੋਏ ਹਨ। ਤੁਸੀਂ ਪੜ੍ਹੇ ਲਿਖੇ ਬੰਦੇ ਹੋ, ਕਹਿੰਦੇ ਹੋ ਕਿ ਸਦਨ ਦੀ ਸਹੁੰ ਖਾਧੀ ਹੈ। ਤੁਹਾਨੂੰ ਲੋਕ ਵੇਖ ਰਹੇ ਹਨ। ਜ਼ਰੂਰੀ ਨਹੀਂ ਕਿ ਇੱਥੇ ਹੰਗਾਮਾ ਕਰਨ ਨਾਲ ਇੱਧਰਲੇ ਲੋਕਾਂ ਨੂੰ, ਉਧਰਲੇ ਲੋਕਾਂ ਨੂੰ, ਉਤਲੇ ਲੋਕਾਂ ਨੂੰ ਇੰਪਰੈਸ ਕਰਨਾ ਹੈ। ਹਰ ਬੰਦੇ ਨੂੰ ਪਤਾ ਹੈ ਕਿ ਬਜਟ ਪੇਸ਼ ਹੋਵੇਗਾ। ਇਹ ਆਮ ਮਾਂ ਨੂੰ ਵੀ ਪਤਾ ਹੈ ਜਿਹੜੀ ਮਨਰੇਗਾ ਦਾ ਕੰਮ ਕਰਦੀ ਹੈ। ਉਸ ਮਾਂ ਤੋਂ ਜੇਕਰ ਮੁੰਡਾ ਸਾਈਕਲ ਮੰਗ ਲਵੇ ਤਾਂ ਉਹ ਕਹਿੰਦੀ ਹੈ ਕਿ ਮਨਰੇਗਾ ਦੇ ਪੈਸੇ ਨਹੀਂ ਆਏ, ਹਿਸਾਬ ਹੋ ਜਾਣਦੇ, ਫਿਰ ਤੈਨੂੰ ਸਾਈਕਲ ਲੈ ਕੇ ਦੇਵਾਂਗੀ। ਹਾਲੇ ਮਹੀਨਾ ਖੜ੍ਹ ਜਾਹ।

ਸਪੀਕਰ ਸਾਹਿਬ, 10 ਸਾਲਾਂ ਦੇ ਕਰਜ਼ੇ ਦਾ ਭੰਬਲਭੂਸਾ ਪਿਆ ਹੈ। ਐਫ.ਐਮ. ਸਾਹਿਬ ਜਿਹੜੀ ਫਾਈਲ ਚੁੱਕਦੇ ਹਨ, ਫਲਾਨੇ ਦਾ ਕਰਜ਼ਾ, ਫਲਾਣੇ ਦਾ ਕਰਜ਼ਾ ਵਾਅਦੇ ਵੀ ਪੂਰੇ ਕਰਾਂਗੇ, ਲੇਕਿਨ ਬਜਟ ਪੇਸ਼ ਹੋ ਲੈਣ ਦਿਉ। ਉਸ ਤੋਂ ਪਹਿਲਾਂ ਜਿਹੜਾ ਵਿਅਕਤੀ ਐਸੀ ਗੱਲ ਕਰਦਾ ਹੈ, ਉਸ ਨੂੰ ਪਬਲਿਕ ਅਤੇ ਅਫ਼ਸਰ ਦੇਖਦੇ ਹਨ ਅਤੇ ਮਜ਼ਾਕ ਉਡਾਉਂਦੇ ਹਨ ਕਿ ਇਹ ਕੀ ਗੱਲਾਂ ਕਰਦੇ ਹਨ। ਬਜਟ ਪੇਸ਼ ਹੋ ਲੈਣ ਦਿਉ, ਫਿਰ ਤੁਸੀਂ ਲੜਾਈ ਲੜਿਉ। ਖਜ਼ਾਨਾ ਆਉਂਦਿਆਂ ਸਾਰ ਖਾਲੀ ਮਿਲਿਆ ਹੈ। ਕੈਪਟਨ ਅਮਰਿੰਦਰ ਸਿੰਘ ਬੱਬਰ ਸ਼ੇਰ ਹੈ, ਜਾਦੂਗਰ ਤਾਂ ਨਹੀਂ ਕਿ ਆਉਂਦਿਆਂ ਸਾਰ ਅਲਾਦੀਨ ਦੇ ਚਿਰਾਗ ਨੂੰ ਕਹਿ ਦੇਵੇ ਕਿ ਛੂ-ਮੰਤਰ, ਕਲੀ ਕਲੰਤਰ...... ਸਾਲ 2006 ਅਤੇ 2007 ਦੇ ਕਰਜ਼ੇ ਬਾਰੇ ਇਸ ਵਿੱਚ ਲਿਖਿਆ ਹੈ। ਆਪੋਜ਼ੀਸ਼ਨ ਵਾਲਿਓ ਪੜ੍ਹ ਲਉ ਬਈ, ਇਹ ਮੈਂ ਰਾਜਪਾਲ ਦੇ ਭਾਸ਼ਣ ਵਿੱਚੋਂ ਕਹਿ ਰਿਹਾ ਹਾਂ, ਫਿਰ ਆਖੋਗੇ ਕਿ ਉਧਰ ਕਿਉਂ ਜਾਂਦਾ ਹੈ। ਇਸ ਵਿੱਚ ਲਿਖਿਆ ਹੈ ਕਿ 2006-07 ਵਿੱਚ 48,344 ਕਰੋੜ ਰੁਪਏ ਦਾ ਪੰਜਾਬ ਦੇ ਸਿਰ ਕਰਜ਼ਾ ਸੀ। ਸਪੀਕਰ ਸਾਹਿਬ, 2016-17 ਵਿੱਚ, ਜਿਹੜੇ ਕਹਿੰਦੇ ਹਨ ਕਿ ਚਾਹੁੰਦਾ ਹੈ ਪੰਜਾਬ, ਚਾਹੁੰਦਾ ਹੈ ਕਿਸਾਨ....... ਕਰਜ਼ਾ ਮੁਕਤੀ..... ਕਰਜ਼ਾ ਕਿੰਨਾ ਹੋਇਆ, 1,82,537 ਕਰੋੜ ਰੁਪਏ। (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਕੱਲ੍ਹ ਜਦੋਂ ਐਫ.ਐਮ. ਸਾਹਿਬ ਬਜਟ ਪੇਸ਼ ਕਰਨਗੇ, ਜਦੋਂ ਪਲੋਸ ਪਲੋਸ ਕੇ ਸੁੱਟਣਗੇ, ਉਦੋਂ ਤੁਹਾਨੂੰ ਪਤਾ ਲੱਗੇ ਗਾ ਕਿ ਕੀਤਾ ਕੀ ਹੈ। (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ ਕਰਦੇ ਹੋਏ) ਯਾਰ, ਤੁਸੀਂ ਸਾਨੂੰ ਮੌਕਾ ਤਾਂ ਦਿਉ। ਤੁਸੀਂ 10 ਸਾਲ ਸਰਕਾਰ ਚਲਾਈ ਹੈ। ਇੰਨੇ ਸੂਝਵਾਨ, ਪੜ੍ਹੇ-ਲਿਖੇ ਬੰਦੇ ਬੈਠੇ ਹੋ। ਖਜ਼ਾਨਾ ਅਤੇ ਸਰਕਾਰਾਂ ਚਲਾਉਣ ਲੱਗਿਆਂ ਨੇ ਕਮਾਲਾਂ ਹੀ ਕਰ ਦਿੱਤੀਆਂ। ਕਮ-ਜ਼-ਕਮ ਤੁਸੀਂ ਸਬਰ ਤਾਂ ਰੱਖੋ। ਮੇਰੇ ਕੋਲ ਅਖਬਾਰਾਂ ਦੀਆਂ ਕਟਿੰਗਾਂ ਹਨ, ਇੱਥੇ ਪ੍ਰੈਸ ਵਾਲੇ ਵੀ ਬੈਠੇ ਹਨ। ਓਲਡ ਏਜ਼ ਹਾਊਸ, ਬਜ਼ੁਰਗਾਂ ਦੇ ਰਹਿਣ ਵਾਲੇ ਘਰ, ਉਸ ਤੋਂ ਲੈ ਕੇ ਸਾਰੇ ਦੇ ਸਾਰੇ ਅਦਾਰੇ ਗਿਰਵੀ ਰੱਖੇ ਹੋਏ ਹਨ, ਇਹ ਸਾਰੇ ਪੱਤਰਕਾਰਾਂ ਨੂੰ ਪਤਾ ਹੈ, ਉਹ ਕਿਵੇਂ ਛੁਡਾਉਣੇ ਹਨ। ਇਹ ਕੋਈ ਕੁਰਸੀ ਨਹੀਂ, ਇਹ

ਕੰਡਿਆਂ ਦਾ ਤਾਜ ਹੈ, ਜਿਸ ਤੇ ਮੁੱਖ ਮੰਤਰੀ ਸਾਹਿਬ ਬੈਠੇ ਹਨ। ਇਹ ਕਿਵੇਂ ਨਿਭਾਉਣਾ ਹੈ, ਇਹ ਉਨ੍ਹਾਂ ਨੂੰ ਪਤਾ ਹੈ ਕਿ ਇਹ ਕਿਵੇਂ ਨਿਭਾਉਣਗੇ। ਮੈਂ ਨਾਂ ਫਿਰ ਨਹੀਂ ਲੈਣਾ, ਮੈਂ ਕਿਹਾ ਸਾਬਕਾ ਖਜ਼ਾਨਾ ਮੰਤਰੀ ਸਾਹਿਬ ਵਿਚਾਰੇ ਹਨ, ਚੰਗੇ ਬੰਦੇ ਹਨ, sophisticated ਹਨ, ਸਿਆਣੇ ਹਨ, ਲਾ-ਲਾ, ਲਾ-ਲਾ ਨਹੀਂ ਕਰਦੇ। ਇੱਥੇ ਵੀ ਦੇਖਿਆ ਹੋਣਾ ਇਹ ਨਾਅਰੇ ਉਵੇਂ ਨਹੀਂ ਮਾਰਦੇ, ਜਿਵੇਂ ਦੂਜੇ ਮਾਰਦੇ ਹਨ।

"ਪੰਜਾਬ ਕੋ ਤੋ ਹਮਨੇ ਹੀ ਲੂਟਾ, ਗੈਰੋਂ ਮੇਂ ਕਿਆ ਦਮ ਥਾ,

ਹਮਨੇ ਰੇਤ ਕੀ ਖੱਡੋਂ ਮੇਂ ਖੂਬ ਕਮਾਇਆ, ਇਸ ਲਿਏ ਰੈਵੇਨਿਊ ਕਮ ਥਾ।"

(ਹਾਸਾ) (ਥੰਪਿੰਗ)।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਪਰਮਿੰਦਰ ਸਿੰਘ ਢੀਂਡਸਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।

**ਮਾਨਯੋਗ ਸਪੀਕਰ :** ਤੁਸੀਂ ਇਕੱਠਾ ਹੀ ਬੋਲ ਲੈਣਾ ਜੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਖਜ਼ਾਨਾ ਮੰਤਰੀ ਸਾਹਿਬ, ਮੈਂ ਇੰਨਾ ਪਿਆਰ ਦਿੱਤਾ ਹੈ, ਕ੍ਰਿਪਾ ਕਰਕੇ ਮੈਨੂੰ ਦੋ ਮਿੰਟ ਬੋਲ ਲੈਣ ਦਿਓ। ਨਹੀਂ ਤਾਂ ਮੇਰੀ ਵਿੱਚੋਂ ਲੈਅ ਟੁੱਟ ਜਾਵੇਗੀ। ਮੈਂ ਤੁਹਾਡੇ ਖਿਲਾਫ ਕਦੇ ਨਹੀਂ ਗਿਆ ਤੇ ਜੇ ਇੱਧਰੋਂ ਕੋਈ ਬੋਲੇਗਾ ਤਾਂ ਮੈਂ ਉਸ ਨੂੰ ਵੀ ਨੱਪ ਲਵਾਂਗਾ। ਦੋ ਮਿੰਟ ਬੈਠੋ। 15 ਦਿਨਾਂ ਤੋਂ ਕੋਈ ਅਖਬਾਰ ਇੱਧਰ ਨੂੰ ਲੈ ਕੇ ਤੁਰਿਆ ਫਿਰਦਾ ਹੈ ਤੇ ਕੋਈ ਉਧਰ ਨੂੰ ਲੈ ਕੇ ਤੁਰਿਆ ਫਿਰਦਾ ਹੈ। ਪ੍ਰੈਸ ਵਾਲੇ ਦੇਖ ਰਹੇ ਹਨ। ਅੱਜ ਮੇਰਾ ਭਾਈ ਇੱਥੇ ਬੈਠਾ ਨਹੀਂ, ਜਿਹੜਾ ਅਖਬਾਰ ਉੱਤੇ ਚੁੱਕ ਕੇ ਬੋਲਦਾ ਹੁੰਦਾ ਹੈ। 15 ਦਿਨਾਂ ਤੋਂ ਹੰਗਾਮਾ ਲੱਗਿਆ ਪਿਆ ਹੈ। ਇਹ ਕਹਿੰਦੇ ਹਨ, "ਰੇਤੇ ਦੀਆਂ ਖੱਡਾਂ ਵਿੱਚ ਧਾਂਦਲੀ, ਸਰਦਾਰ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਲੋਕਾਂ ਲਈ ਕੀਤਾ ਪੱਖਪਾਤ, ਕੈਪਟਨ ਅਮਰਿੰਦਰ ਸਿੰਘ ਨੇ ਸਰਕਾਰ ਦੇ ਨੁਮਾਇੰਦਿਆਂ ਦੀ ਕੀਤੀ ਹਮਾਇਤ।" ਪ੍ਰੰਤੂ ਮੈਂ ਕਹਿੰਦਾ ਹਾਂ, ਬਿਲਕੁਲ ਹੀ ਨਹੀਂ ਕੀਤੀ। ਅਸੀਂ ਸਾਰੇ ਕੈਪਟਨ ਅਮਰਿੰਦਰ ਸਿੰਘ ਜੀ ਨਾਲ ਅੰਦਰੋਂ-ਅੰਦਰੀਂ ਨਾਰਾਜ਼ ਹਾਂ। ਐਵੇਂ ਨਹੀਂ ਨਾਰਾਜ਼, ਸਾਨੂੰ ਸਭ ਕੁਝ ਇਨ੍ਹਾਂ ਕਰਕੇ ਹੀ ਮਿਲਿਆ ਹੈ। ਮੇਰੇ ਵਰਗੇ ਕਈਆਂ ਨੇ ਕਿਹਾ ਕਿ ਕੈਪਟਨ ਸਾਹਿਬ 10 ਸਾਲਾਂ ਵਿੱਚ ਰੇਤੇ ਦੀਆਂ ਖੱਡਾਂ ਦੀ ਅਦਾਇਗੀ ਦਾ ਜੋ ਸਟਾਈਲ ਸੀ, ਟੈਂਡਰ ਦਾ ਜੋ ਸਟਾਈਲ ਸੀ, ਪਹਿਲਾਂ ਵੀ ਤਾਂ ਟੈਂਡਰ ਹੁੰਦੇ ਸੀ, ਤੁਸੀਂ ਨਵਾਂ ਸਿਸਟਮ ਕਿਉਂ ਬਣਾ ਰਹੇ ਹੋ? ਸਾਨੂੰ ਜੋ ਆਦਤ ਹੈ 5%, 7% ਮਹਿਕਮੇ ਵੱਲੋਂ ਵਧਾ ਕੇ ਦੇ ਦਿਓ। ਸਾਡਾ ਵੀ ਕੰਮ ਖਰਾਬ ਹੋਇਆ ਪਿਆ ਹੈ। ਮੇਰੇ ਵਰਗੇ ਬੜੇ ਗਏ ਕੈਪਟਨ ਸਾਹਿਬ ਕੋਲ, ਮੈਂ ਆਪਣੀ ਗੱਲ ਕਰਦਾ ਹਾਂ। ਕੈਪਟਨ ਸਾਹਿਬ ਕਹਿੰਦੇ ਚਾਹ ਪੀ ਬੇਟਾ, ਬਿਸਕੁਟ ਖਾਓ ਤੇ ਖੂਬੀ ਰਾਮ ਨੂੰ ਕਿਹਾ ਕਿ ਇੱਧਰੋਂ ਇਨ੍ਹਾਂ ਨੂੰ ਬਾਹਰ ਨੂੰ ਭੇਜ ਦਿਓ। ਮੈਂ ਦੱਸਣਾ ਚਾਹੁੰਦਾ ਹਾਂ ਕਿ ਪਹਿਲਾਂ ਮਾਇਨਿੰਗ ਕਿਵੇਂ ਹੁੰਦੀ ਸੀ? ਬੋਲੀ ਹੁੰਦੀ ਸੀ, ਜ਼ਿਲ੍ਹੇ ਦਾ ਐਸ.ਐਸ.ਪੀ. ਧਾਰਾ 307, 364 ਤੇ 25,

54, 59 ਨਾਲ ਪਰਚਾ ਕੱਟ ਕੇ ਨਾਲ ਲੈ ਕੇ ਜਾਂਦਾ ਸੀ ਤੇ ਨਾਮ, ਪਿਓ ਦਾ ਨਾਂ ਤੇ ਪਿੰਡ ਦਾ ਨਾਂ ਖਾਲੀ ਛੱਡ ਕੇ ਜਾਂਦਾ ਸੀ ਤੇ ਜਿਹੜਾ ਮੇਰੇ ਵਰਗਾ ਜਾਂਦਾ ਸੀ ਤੇ ਬੋਲੀ ਦੇਣ ਲੱਗਦਾ ਸੀ ਤਾਂ ਉਸ ਨੂੰ ਉਹ ਪਰਚਾ ਦਿਖਾ ਦਿੰਦੇ ਸਨ ਕਿ ਇੱਥੇ ਤੇਰਾ ਨਾਂ ਭਰ ਦਿੰਦੇ ਹਾਂ (ਟਰੇਜ਼ਰੀ ਬੈਚਿਜ਼ ਵੱਲੋਂ ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਤੇ ਮੇਰੇ ਵਰਗਾ ਤਾਂ ਐਂਵੇਂ ਹੀ ਮੁੜ ਆਉਂਦਾ ਸੀ ਕਿ ਛੱਡੋ। ਇਨ੍ਹਾਂ ਨੇ ਤਾਂ ਕਮਾਲਾਂ ਕਰ ਦਿੱਤੀਆਂ। ਸਾਲ 2011 ਤੋਂ 2017 ਤੱਕ 6 ਸਾਲਾਂ ਵਾਸਤੇ ਪੰਜਾਬ ਸਰਕਾਰ ਨੇ ਖੱਡਾਂ ਦਿੱਤੀਆਂ। ਜਿਹੜੇ ਕਹਿੰਦੇ ਹਨ ਕਿ ਕਰਜ਼ਾ ਹੁਣੇ ਮਾਫ ਕਰੋ, 90 ਦਿਨਾਂ ਵਿੱਚ ਹੀ ਕਰੋ, ਨਹੀਂ ਤਾਂ ਅਸੀਂ ਨਹੀਂ ਜਾਂਦੇ ਇੱਥੋਂ, ਇਨ੍ਹਾਂ ਨੇ 6 ਸਾਲਾਂ ਵਾਸਤੇ ਖੱਡਾਂ ਦਿੱਤੀਆਂ, ਤੇ ਕਰੋੜ, ਦੋ ਕਰੋੜ ਦਾ ਤਾਂ ਫਰਕ ਹੋ ਸਕਦਾ ਹੈ ਕਿਉਂਕਿ ਮੈਂ ਕੋਈ ਇਕਨਾਮਿਕਸ ਦਾ ਸਟੂਡੈਂਟ ਨਹੀਂ ਹਾਂ, ਤੁਸੀਂ ਪਤਾ ਕਰ ਲਓ ਜੇ ਮੈਂ ਗਲਤ ਹੋਇਆ ਤਾਂ ਕੱਲ੍ਹ ਨੂੰ ਮੈਂ ਮਾਫੀ ਮੰਗ ਲਵਾਂਗਾ। 280 ਕਰੋੜ 6 ਸਾਲਾਂ ਦਾ ਰੈਵੇਨਿਊ ਆਇਆ। ਮੈਂ ਪਿਛਲੇ ਚਾਰ ਸਾਲ ਨਾਲ ਨਹੀਂ ਲਾਉਂਦਾ। ਹੁਣ ਕਹਿੰਦੇ ਹਨ ਕਿ ਕੈਪਟਨ ਸਾਹਿਬ ਨੇ ਹੇਰਾਫੇਰੀ ਕਰਕੇ ਸਾਰਾ ਕੰਮ ਚਹੇਤਿਆਂ ਨੂੰ ਦੇ ਦਿੱਤਾ। 500 ਕਰੋੜ ਰੁਪਏ ਸਲਾਨਾ ਹੁਣ ਰੇਤੇ ਦੀਆਂ ਖੱਡਾਂ ਦਿੱਤੀਆਂ ਹਨ ਜਦ ਕਿ ਇਨ੍ਹਾਂ ਦੇ ਸਮੇਂ 280 ਕਰੋੜ ਰੁਪਏ ਛੇ ਸਾਲਾਂ ਦਾ ਰੈਵੇਨਿਊ ਆਇਆ ਸੀ (ਥੰਪਿੰਗ) ਤੇ 500 ਕਰੋੜ ਵਿੱਚੋਂ 300 ਕਰੋੜ ਰੁਪਿਆ ਜਮ੍ਹਾਂ ਵੀ ਹੋ ਗਿਆ ਹੈ।

**ਸ਼੍ਰੀ ਐਨ. ਕੇ. ਸ਼ਰਮਾ:** (ਬੈਠੇ-ਬੈਠੇ) ਟਰਾਲੀ ਦਾ ਰੇਟ ਵੀ ਦੱਸ ਦਿਓ।

**ਮਾਨਯੋਗ ਸਪੀਕਰ :** ਐਨ.ਕੇ. ਸ਼ਰਮਾ ਜੀ, ਪਲੀਜ਼।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਅਗਲੀ ਗੱਲ ਨਾ ਕਰੋ ਐਨ.ਕੇ.ਸਾਹਿਬ, ਉਹ ਵੀ ਦੱਸ ਦਿਆਂਗੇ। ਹੁਣੇ ਮੈਂ ਸਮਝਾਇਆ ਵੀ...... (ਵਿਘਨ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਕੁਲਜੀਤ ਸਿੰਘ ਨਾਗਰਾ ਆਪਣੀ ਸੀਟ ਤੇ ਬੈਠੇ-ਬੈਠੇ ਬਿਨਾਂ ਇਜਾਜ਼ਤ ਬੋਲ ਰਹੇ ਸਨ। )

**ਮਾਨਯੋਗ ਸਪੀਕਰ :** ਪਲੀਜ਼ ਨਾਗਰਾ ਜੀ, ਇਸ ਤਰ੍ਹਾਂ ਨਾ ਕਰੋ, ਉਨ੍ਹਾਂ ਨੂੰ ਬੋਲਣ ਦਿਓ ਜੀ। (ਵਿਘਨ)

**ਸ਼੍ਰੀ ਪਵਨ ਕੁਮਾਰ ਟੀਨੂ (ਬੈਠੇ-ਬੈਠੇ) :** ਟਰਾਲੀ ਦਾ ਰੇਟ ਵੀ ਦਿਓ ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਟਰਾਲੀ ਕਿਵੇਂ ਸਸਤੀ ਕਰਨੀ ਹੈ, ਉਹ ਮੈਂ ਮਹਾਰਾਜਾ ਸਾਹਿਬ ਨੂੰ ਦੱਸਦਾ ਹਾਂ। ਲਿਸਟ ਉਨ੍ਹਾਂ ਨੇ ਮੰਗਵਾ ਲਈ ਹੈ ਤੇ ਫਾਰਮੂਲਾ ਮੈਂ ਦੱਸ ਦਿੰਦਾ ਹਾਂ। ਟਰਾਲੀ ਕਿਵੇਂ ਸਸਤੀ ਹੋਵੇਗੀ, ਸੁਣ ਲਓ।

**ਮਾਨਯੋਗ ਸਪੀਕਰ :** ਕੁਮੈਂਟਰੀ ਨਾ ਕਰੋ ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸਪੀਕਰ ਸਾਹਿਬ, ਯਾਨੀ ਕਿ ਜੇ ਟੋਟਲ ਲਗਾਈਏ, ਛੇ ਸਾਲਾਂ ਦਾ, 2500-2600 ਕਰੋੜ ਰੁਪਿਆ ਬਣਦਾ ਹੈ । ਜੇ ਅੱਜ ਦਾ ਹਿਸਾਬ ਲਗਾਈਏ, 2600 ਕਰੋੜ ਰੁਪਿਆ ਛੇ ਸਾਲਾਂ ਦਾ ਨਿਕਲਦਾ ਹੈ। ਕੈਪਟਨ ਸਾਹਿਬ, ਤੁਸੀਂ ਲਿਸਟ ਮੰਗਵਾਈ ਹੈ ਤੇ ਚਾਰ ਸਾਲ ਮਗਰਲੇ ਦਸ ਸਾਲ ਹੋ ਗਏ। ਹੁਣ ਕੁਲਤਾਰ ਖੁਸ਼ (ਮਾਨਯੋਗ ਮੈਂਬਰ ਸਰਦਾਰ ਕੁਲਤਾਰ ਸਿੰਘ ਸੰਧਵਾਂ ਵੱਲ ਇਸ਼ਾਰਾ), ਸ਼ਾਬਾਸ਼। ਹੁਣ ਤਾਂ ਮਾਰ ਦੇ ਹੱਥ। (ਥੰਪਿੰਗ) 2600 ਕਰੋੜ ਰੁਪਿਆ ਛੇ ਸਾਲਾਂ ਦਾ ਤੇ ਮਗਰਲੇ ਚਾਰ ਸਾਲਾਂ ਦਾ 2000 ਕਰੋੜ ਰੁਪਿਆ ਲਗਾ ਲਿਆ ਜਾਵੇ, ਭਾਵ ਕਿ 4600 ਕਰੋੜ ਰੁਪਿਆ, ਜਿਹੜਾ ਬਕਾਇਆ ਪਿਆ ਹੈ, ਜੇ ਕੈਪਟਨ ਸਾਹਿਬ, ਤੁਸੀਂ ਕਢਵਾ ਲਓ ਤਾਂ ਮੈਂ ਟਰਾਲੀ 300 ਰੁਪਏ ਦੀ ਕਰ ਦਿਆਂਗਾ। ਇੱਕ ਗੱਲ, ਕੈਪਟਨ ਸਾਹਿਬ, ਤੁਸੀਂ ਚੰਗੇ ਇਨਸਾਨ ਹੋ, ਪਰ ਜ਼ਿਆਦਾ ਹੀ ਚੰਗੇ ਹੋ। ਤੁਸੀਂ ਕੋਈ ਗੱਲ ਦਿਲ ਵਿੱਚ ਨਹੀਂ ਰੱਖਦੇ। ਸਭ ਕੁਝ ਉਤੇ ਹੀ ਕੰਮ ਕਰ ਦਿੰਦੇ ਹੋ। ਇਸ ਦਾ ਕਈ ਵਾਰ ਸਾਰੇ ਨਜਾਇਜ਼ ਫਾਇਦਾ ਉਠਾਉਂਦੇ ਹਨ। ਸਾਡੇ ਤਾਂ ਖਾਹਮਖਾਹ ਹੀ ਨਾਂ ਆ ਗਏ। ਨਾ ਖੱਡ ਪੁੱਟੀ, ਨਾ ਰੇਤਾ ਵੇਚਿਆ। ਪੈਸਾ ਇਕੱਠਾ ਕਰਕੇ ਦਿੱਤਾ। ਚੈੱਕ ਦੇ ਦਿੱਤੇ। ਇੱਕ ਨੰਬਰ ਵਿੱਚ ਪੈਸਾ ਦੇਣਾ ਹੈ। ਚੈੱਕ ਦੇ ਥਰੂ ਲੈਣਾ ਹੈ। ਡਰਾਫਟ ਬਣ ਕੇ ਆਉਣਾ ਹੈ। ਕਿਸੇ ਨੂੰ ਕਿਸੇ ਦਾ ਪੈਸਾ ਟਰਾਂਸਫਰ ਹੋ ਗਿਆ ਤਾਂ ਇਹ ਕੰਮ ਪੰਜਾਬ ਸਰਕਾਰ, ਕੈਪਟਨ ਅਮਰਿੰਦਰ ਸਿੰਘ ਦਾ ਨਹੀਂ ਹੈ । ਸਰਕਾਰ ਦਾ ਕੰਮ ਹੈ ਕਿ ਖੱਡਾਂ ਵਿੱਚ ਹੇਰਾਫੇਰੀ ਨਾ ਹੋਵੇ ਤੇ ਪੈਸਾ ਖਜ਼ਾਨੇ ਵਿੱਚ ਪੂਰਾ ਆਵੇ ਤੇ ਮਾਲੀਆ ਇੰਨਾ ਹੋਵੇ ਕਿ ਸਾਰੇ ਵਾਅਦੇ ਪੂਰੇ ਹੋ ਜਾਣ। (ਥੰਪਿੰਗ) ਇਹ ਕੈਪਟਨ ਸਾਹਿਬ ਦਾ ਕੰਮ ਹੈ, ਜਿਹੜਾ ਉਨ੍ਹਾਂ ਨੇ ਪੂਰਾ ਕੀਤਾ। ਅੱਗੇ ਸੁਣ ਲਓ। ਇਹ ਈ.ਡੀ. ਦਾ ਕੰਮ ਹੈ, ਇਨਕਮ ਟੈਕਸ ਡਿਪਾਰਟਮੈਂਟ ਦਾ ਕੰਮ ਹੈ, ਜੁਡੀਸ਼ੀਅਰੀ ਦਾ ਕੰਮ ਹੈ। ਉਹ ਹੋ ਰਿਹਾ ਹੈ। ਇਲਜ਼ਾਮਾਂ ਦੀ ਗੱਲ ਕਰੀਏ। ਇਹ ਕਹਿੰਦੇ ਹਨ ਕਿ ਇਲਜ਼ਾਮ ਲੱਗ ਗਿਆ, ਹੁਣੇ ਅਸਤੀਫਾ ਦਿਓ। ਮਾਫ ਕਰਨਾ, ਇਹ ਫਿਰ ਰੌਲਾ ਪਾਉਣਗੇ। ਇਲਜ਼ਾਮ ਹੀ ਲੱਗਿਆ ਹੈ, ਸਿੱਧ ਤਾਂ ਨਹੀਂ ਹੋਇਆ। **ਤੇ ਵੀ ਉਨ੍ਹਾਂ ਦੇ ਕੈਬਨਿਟ ਮੰਤਰੀ ਨੇ ਹੀ ਦੋ ਕਰੋੜ ਰੁਪਏ ਦਾ ਇਲਜ਼ਾਮ ਲਗਾਇਆ ਪਰ ਹਾਲੇ ਸਿੱਧ ਨਹੀਂ ਹੋਇਆ। (ਸ਼ੇਮ ਸ਼ੇਮ ਦੀਆਂ ਅਵਾਜ਼ਾਂ)

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਇਹ ਐਕਸਪੰਜ ਕਰੋ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸੌਰੀ ਮੰਗ ਲੈਂਦਾ ਹਾਂ ।

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਸਪੀਕਰ ਸਾਹਿਬ, ਦੂਸਰੀ ਵਾਰ ਵਾਰਨਿੰਗ ਦੇ ਬਾਵਜੂਦ ਉਹ ਫਿਰ ਕਹਿ ਰਹੇ ਹਨ। ਜੋ ਸਦਨ ਦਾ ਮੈਂਬਰ ਨਹੀਂ ਹਨ, ਉਨ੍ਹਾਂ ਦੇ ਨਾਂ ਵਾਰ ਵਾਰ ਲਏ ਜਾ ਰਹੇ ਹਨ ।

---

** Expunged as ordered by the Chair.

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸਪੀਕਰ ਸਾਹਿਬ, ਮੈਂ ਮਾਫੀ ਮੰਗ ਲੈਂਦਾ ਹਾਂ ।

**ਮਾਨਯੋਗ ਸਪੀਕਰ :** ਫੂਲਕਾ ਜੀ, ਇਸ ਕੇਸ ਵਿੱਚ ਸ਼੍ਰੀ ਕੇਜਰੀਵਾਲ ਸਾਹਿਬ ਦੇ ਖਿਲਾਫ ਇਲਜ਼ਾਮ ਤਾਂ ਕੋਈ ਨਹੀਂ ਲਗਾਇਆ। ਜੇ ਇਲਜ਼ਾਮ ਹੋਵੇ, ਫਿਰ ਹੈ ।

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਸਪੀਕਰ ਸਾਹਿਬ, ਇਹ ਇਲਜ਼ਾਮ ਨਹੀਂ ਤਾਂ ਹੋਰ ਕੀ ਹੈ? ਸਰ, ਫਿਰ ਤਾਂ ਅਸੀਂ ਵੀ ਕਹਾਂਗੇ ਕਿ ਇਨ੍ਹਾਂ ਦੇ ਵੇਲੇ ਸੀ.ਏ.ਜੀ. ਦਾ ਸਕੈਮ ਹੋਇਆ। (ਵਿਘਨ......ਸ਼ੋਰ) ਉਥੇ ਤਾਂ ਕੇਸ ਵੀ ਚੱਲ ਰਹੇ ਹਨ। (ਵਿਘਨ......ਸ਼ੋਰ)

**ਮਾਨਯੋਗ ਸਪੀਕਰ :** ਰਾਜਾ ਜੀ, ਪਲੀਜ਼ ਵਾਰ ਵਾਰ ਨਾਂ ਨਾ ਲਓ। ਜਿਹੜਾ ਹਾਊਸ ਦਾ ਮੈਂਬਰ ਨਹੀਂ ਹੈ, ਉਨ੍ਹਾਂ ਦਾ ਵਾਰ ਵਾਰ ਨਾਂ ਨਾ ਲਓ। ਆਪਣੀ ਗੱਲ ਕਰੋ ਜੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸਪੀਕਰ ਸਾਹਿਬ, ਮੈਂ ਸਦਨ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਮੈਂ ਨਾਂ ਨਹੀਂ ਲੈਂਦਾ। ਮੈਂ ਇਹ ਨਹੀਂ ਕਿਹਾ ਕਿ ਉਨ੍ਹਾਂ ਨੇ ਕੁਝ ਕੀਤਾ ਹੈ। ਮੈਂ ਨਾਂ ਫਿਰ ਨਹੀਂ ਲੈਂਦਾ। ਮੈਂ ਕਿਹਾ ਕਿ ਇਲਜ਼ਾਮ ਲਗਾਇਆ ਹੈ, ਸਿੱਧ ਨਹੀਂ ਹੋਏ। ਪ੍ਰੈਸ ਬੈਠੀ ਹੈ। ਨਾ ਸਾਡੇ ਤੇ ਅਤੇ ਨਾ ਹੀ ਇਨ੍ਹਾਂ ਤੇ। ਬਰਾਬਰ ਦਾ ਕੰਮ ਹੈ। ਇੱਕ ਸ਼ੇਅਰ ਮੈਨੂੰ ਯਾਦ ਆ ਗਿਆ ਹੈ :

ਆਪ ਕਤਲ ਕਰੇਂ ਤੋ ਮਾਮਲਾ ਐਕਸੀਡੈਂਟ ਕਾ ਬਤਾਤੇ ਹੈਂ ।

(ਇਸ ਸਮੇਂ ਮਾਨਯੋਗ ਮੈਂਬਰ ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਖਾਂਸੀ ਆ ਗਈ ।)

ਮੈਨੂੰ ਖੰਘ ਆ ਗਈ ਹੈ, ਖਾਂਸੀ ਆ ਗਈ ਹੈ ।

ਭਾਈਓ (ਖੰਘਦੇ ਹੋਏ), ਖੰਘ ਆ ਗਈ, ਖਾਂਸੀ, ਮਫਲਰ –

ਆਪ ਕਤਲ ਕਰੇਂ ਤੋ ਮਾਮਲਾ ਐਕਸੀਡੈਂਟ ਕਾ ਬਤਾਤੇ ਹੈਂ

ਹਮ ਨਿਯਮ ਕਾ ਪਾਲਣ ਕਰੇਂ ਤੋਂ ਸਜ਼ਾ ਮੌਤ ਸੁਣਾਤੇ ਹੈਂ

ਹੁਣੇ ਸਸਪੈਂਡ ਕਰੋ, ਹੁਣੇ ਮੰਤਰੀ ਅਸਤੀਫਾ ਦੇਵੇ, ਹੁਣੇ ਮੁੱਖ ਮੰਤਰੀ ਜਲਦੀ ਸੈਕ ਕਰੇ ਅਤੇ ਫਿਰ ਹੌਲੀ ਹੌਲੀ ਸਾਰਿਆਂ ਨੂੰ ਕਰਾਵਾਂਗੇ। ਫਿਰ ਅਸੀਂ ਕਹਾਂਗੇ ਕਿ ਸਿੱਟ ਲਿਆ। ਯਾਰੋ, ਐਂ ਤਾਂ ਨਾ ਕਰੋ। ਜਾਂ ਤਾਂ ਬਰਾਬਰ ਦੀ ਗੱਲ ਕਰੋ। ਇਧਰੋਂ ਕਰਾ ਦਿੰਦੇ ਹਾਂ ਕੰਮ, ਉਧਰੋਂ ਵੀ ਕਰਾ ਦਿਓ। ਮੈਂ ਨਾਮ ਫਿਰ ਨਹੀਂ ਲਿਆ। ਇਧਰੋਂ ਕਰਾ ਦਿੰਦੇ ਹਾਂ ਕੰਮ, ਫਿਰ ਉਧਰੋਂ ਵੀ ਕਰਾ ਦਿਓ। ਅਜੇ ਗੁਨਾਹ ਸਾਬਤ ਨਹੀਂ ਹੋਏ। ਕਾਨੂੰਨ ਕਹਿੰਦਾ ਹੈ ਕਿ ਜਿੰਨਾ ਚਿਰ ਚਾਰਜਸ਼ੀਟ ਫਾਈਨਲ ਨਹੀਂ ਹੁੰਦੀ, ਦੇਸ਼ ਦਾ ਸੰਵਿਧਾਨ ਕਹਿੰਦਾ ਹੈ, ਉਨਾਂ ਚਿਰ ਕਿਸੇ ਨੂੰ ਗੁਨਾਹਗਾਰ ਨਹੀਂ ਮੰਨਦੇ। ਇਥੇ ਮੇਰੇ ਸੱਜਣ ਹੈ ਨਹੀਂ, ਮੈਂ ਕਹਿਣਾ ਸੀ, ਜਿਹੜੇ ਬਾਹਰ ਚਲੇ ਗਏ ਹਨ। ਮੈਂ ਉਨ੍ਹਾਂ ਦਾ ਨਾਮ ਲੈ ਸਕਦਾ ਹਾਂ ਕਿ ਨਹੀਂ?

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਉਨ੍ਹਾਂ ਨੂੰ ਵਾਪਸ ਬੁਲਾ ਲਵੋ ....(ਵਿਘਨ)...

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਲਓ ਫਿਰ ਹੁਣ ਹੋਰ ਗੱਲ ਚਲਾ ਲਈ। ਸਰ, ਮੈਂ ਨਾਮ ਨਹੀਂ ਲੈਂਦਾ ...(ਵਿਘਨ)... ਨਾਮ ਨਹੀਂ ਲੈਂਦਾ .....(ਵਿਘਨ).... ਮੈਂ ਨਾਮ ਨਹੀਂ ਲੈਂਦਾ ....(ਵਿਘਨ)... ਮੈਂ ਨਾਮ ਲਿਆ ਹੀ ਨਹੀਂ। ਮੈਂ ਨਾਮ ਨਹੀਂ ਲਿਆ .....(ਵਿਘਨ).... ਮੈਂ ਨਾਮ ਨਹੀਂ ਲਿਆ .....(ਵਿਘਨ).... ਮੈਂ ਨਾਮ ਨਹੀਂ ਲਿਆ। ਮੈਂ ਨਾਮ ਨਹੀਂ ਲਿਆ, ਸਰ।

**ਸ਼੍ਰੀ ਪਵਨ ਕੁਮਾਰ ਟੀਨੂ :** ਸਪੀਕਰ ਸਾਹਿਬ ....

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਟੀਨੂ ਸਾਹਿਬ, ਤੁਸੀਂ ਬਹਿ ਜਾਓ। ਮੇਰੀ ਉਧਰ (ਆਮ ਆਦਮੀ ਪਾਰਟੀ ਵੱਲ ਇਸ਼ਾਰਾ) ਗੱਲ ਹੈ ਯਾਰ।

**ਮਾਨਯੋਗ ਸਪੀਕਰ :** ਟੀਨੂ ਜੀ।

**ਸ਼੍ਰੀ ਪਵਨ ਕੁਮਾਰ ਟੀਨੂ :** ਸਪੀਕਰ ਸਾਹਿਬ, ਥੈਂਕ ਯੂ। ਦੇਖੋ ਅਕਾਲੀ ਦਲ ਵੱਲੋਂ ਸਿਰਫ ਇੱਕ ਬੁਲਾਰਾ ਅਜੇ ਬੋਲਿਆ ਹੈ।

**ਮਾਨਯੋਗ ਸਪੀਕਰ :** ਬੋਲਣਗੇ।

**ਸ਼੍ਰੀ ਪਵਨ ਕੁਮਾਰ ਟੀਨੂ :** ਜਾਂ ਤਾਂ ਟਾਈਮ ਵਧਾ ਦਿਓ।

**ਮਾਨਯੋਗ ਸਪੀਕਰ :** ਨਾ ਨਾ, ਟਾਈਮ ਜਿੰਨਾ ਜਿੰਨਾ ਤੁਹਾਡਾ ਹੈ, ਉਨਾ ਹੀ ਦੇਵਾਂਗੇ।

**ਸ਼੍ਰੀ ਪਵਨ ਕੁਮਾਰ ਟੀਨੂ :** ਅੱਜ ਦਾ ਟਾਈਮ ਸਾਨੂੰ ਫਿਰ Monday ਨੂੰ ਦਿਓ ਜੀ।

**ਮਾਨਯੋਗ ਸਪੀਕਰ :** ਟਾਈਮ 3.00 ਵਜੇ ਤੱਕ ਹੈ, ਟੀਨੂ ਜੀ।

**ਸ਼੍ਰੀ ਪਵਨ ਕੁਮਾਰ ਟੀਨੂ :** ਭਾਵੇਂ ਰਾਤ ਤੱਕ ਕਰ ਲਓ ਜੀ।

**ਮਾਨਯੋਗ ਸਪੀਕਰ :** ਟੀਨੂ ਜੀ, ਟਾਈਮ 3.00 ਵਜੇ ਤੱਕ ਹੈ। ਟਾਈਮ ਪਹਿਲਾਂ ਵੱਧ ਚੁੱਕਿਆ ਹੈ।

(ਇਸ ਸਮੇਂ ਵੀ ਸਰਦਾਰ ਬਲਵਿੰਦਰ ਸਿੰਘ ਬੈਂਸ, ਮੈਂਬਰ, ਲੋਕ ਇਨਸਾਫ਼ ਪਾਰਟੀ ਆਪਣੀ ਸੀਟ ਦੇ ਕੋਲ ਧਰਨੇ ਤੇ ਬੈਠੇ ਹੋਏ ਸਨ।)

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਵਧਾ ਦਿਆਂਗੇ ਜੀ, ਕਹਿ ਦਿਓ। ਸਪੀਕਰ ਸਾਹਿਬ, ਇੰਨੇ ਵਧੀਆ ਤਰੀਕੇ ਨਾਲ ਸਾਡੇ ਮਹਾਰਾਜਾ ਸਾਹਿਬ ਨੇ ਕੰਮ ਕੀਤਾ ਹੈ। ਮੈਂ ਨਾਲ ਹੀ ਸਾਡੇ ਅਫਸਰ ਸਾਹਿਬਾਨ ਨੂੰ ਵਧਾਈ ਦੇਣੀ ਚਾਹੁੰਦਾ ਹਾਂ। ਕਿਸੇ ਨੇ ਪੁੱਛਿਆ, ਨਹੀਂ ਪੁੱਛਿਆ, ਉਨ੍ਹਾਂ ਨੇ ਇਮਾਨਦਾਰੀ ਨਾਲ ਸਾਡੀ ਮਾਈਨਿੰਗ ਪਾਲਿਸੀ ਤੇ ਪੰਜਾਬ ਦਾ ਮਾਲੀਆ ਇਕੱਠਾ ਕੀਤਾ। ਇਲਜ਼ਾਮਾਂ ਦੀ ਗੱਲ ਸੀ, ਮੈਂ ਆਪਣੀ ਗੱਲ ਕਰਦਾ ਹਾਂ। ਇਲਜ਼ਾਮ ਲਗਦੇ ਹਨ, ਮੇਰੇ ਤੇ ਇਸ ਸਦਨ ਵਿੱਚ ਇਲਜ਼ਾਮ ਲੱਗੇ ਸੀ, ਉਤੇ ਪ੍ਰੈਸ ਬੈਠੀ ਹੈ।

ਡਰੱਗਜ਼ ਤੇ। ਮੇਰੇ ਤੇ ਹੀ ਨਹੀਂ, ਮੇਰੇ ਇੱਕ ਸੱਜਣ ਤੇ ਵੀ ਇਲਜ਼ਾਮ ਲਗਾਇਆ ਗਿਆ ਸੀ। ਮੇਰੇ ਕਿਸੇ ਸੱਜਣ ਤੇ ਵੀ ਲਗਾਇਆ ਗਿਆ ਸੀ। ਬਿਆਨ ਹੋ ਗਏ, ਗੱਲਾਂ ਹੋ ਗਈਆਂ। ਉਨ੍ਹਾਂ ਤੇ ਇਲਜ਼ਾਮ ਲਗਾਇਆ ਗਿਆ ਪਰ ਇਲਜ਼ਾਮ ਸਿੱਧ ਨਹੀਂ ਹੋਏ। ਕਿਸੇ ਨੇ ਨਹੀਂ ਕਿਹਾ ਕਿ ਇਹ ਬੰਦਾ ਕਲਪਰਿਟ ਹੈ ਜਾਂ ਇਹ ਹੈ ਕਿਉਂਕਿ ਕੇਸ ਦੀ ਡੂੰਘਾਈ ਵਿੱਚ ਜਾਣਾ ਸੀ। ਸੋ, ਇਸ ਕਰਕੇ ਅਜੇ ਤੱਕ ਕੋਈ ਇਲਜ਼ਾਮ ਸਿੱਧ ਨਹੀਂ ਹੋਏ। ਪਰ ਮੈਂ ਪਹਿਲਾਂ ਦੇ ਆਲ੍ਹਾ ਅਫਸਰਾਂ ਨੂੰ ਸ਼ਾਬਾਸ਼ ਦੇਣਾ ਚਾਹੁੰਦਾ ਹਾਂ ਅਤੇ ਪੁਰਾਣੀ ਸਰਕਾਰ ਨੂੰ ਵੀ ਮੈਂ ਸ਼ਾਬਾਸ਼ ਦੇਣੀ ਚਾਹੁੰਦਾ ਹਾਂ। ਮੁੱਖ ਮੰਤਰੀ ਸਾਹਿਬ ਨੂੰ ਕਹਾਂਗਾ ਕਿ ਇਨ੍ਹਾਂ ਨੂੰ ਸਨਮਾਨਿਤ ਵੀ ਕਰੋ। ਉਹ ਅਫਸਰ ਆਪਾਂ ਦੇਖੀਏ ਕਰਦੇ ਕਿਵੇਂ ਸੀ। ਦਸ ਕਰੋੜ ਰੁਪਿਆ ਤਕਰੀਬਨ ਮਾਈਨਿੰਗ ਵਿਚੋਂ ਇੱਕ ਦਿਨ ਦਾ ਇਕੱਠਾ ਹੁੰਦਾ ਸੀ। ਇਹ ਐਸੇ ਅਹਿਲਕਾਰ ਸੀ, ਤੁਸੀਂ ਵੀ ਸਾਰੇ ਮੇਰੇ ਭਰਾ, ਮੈਂਬਰ ਸਾਹਿਬਾਨ ਸੁਣ ਲਵੋ। ਐਸੇ ਵਫਾਦਾਰ ਸਿਪਾਹੀ ਸੀ, ਕੰਨੋ-ਕੰਨ ਖਬਰ ਨਹੀਂ ਹੋਣ ਦਿੱਤੀ ਕਿ ਕੌਣ ਪੈਸਾ ਇਕੱਠਾ ਕਰਦਾ ਹੈ ਅਤੇ ਸ਼ਾਮ ਨੂੰ 6.30 ਵਜੇ, ਉਹ ਦਸ ਕਰੋੜ ਰੁਪਿਆ ਇਕੱਠਾ ਹੁੰਦਾ ਸੀ, ਸਾਢੇ ਨੌਂ ਕਰੋੜ ਰੁਪਿਆ ਕਿੱਥੇ ਜਾਂਦਾ ਹੈ, ਕੰਨੋ-ਕੰਨ ਖਬਰ ਨਹੀਂ ਹੁੰਦੀ ਸੀ। ਸਾਡੇ ਵਾਲੇ ਨੇ ਨਾ ਪੁੱਟਿਆ, ਨਾ ਵੇਚਿਆ, ਨਾ ਅਜੇ ਪੋਕਲੇਨ ਲਾਈ, ਰੌਲਾ ਪਹਿਲਾਂ ਹੀ ਪੈ ਗਿਆ ਕਿ ਖਾ ਗਏ ਰੇਤਾ, ਖਾ ਗਏ ਰੇਤਾ। ਦੱਸੋ, ਯਾਰ ਕਿਹੜੇ ਵੇਲੇ ਪੁੱਟਿਆ ਹੈ। ਅੱਛਾ ਦੂਜੀ ਗੱਲ, ਵਫਾਦਾਰ ....(ਵਿਘਨ)...

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲਣ ਲੱਗੇ ਤਾਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਉਸ ਨੂੰ ਬੈਠ ਜਾਣ ਲਈ ਕਹਿਣ ਲੱਗ ਪਏ ਅਤੇ ਸਦਨ ਵਿੱਚ ਬਹੁਤ ਸ਼ੋਰ ਪੈਦਾ ਹੋ ਗਿਆ।)

**ਮਾਨਯੋਗ ਸਪੀਕਰ :** ਬੈਠੋ ਸਾਰੇ .....(ਵਿਘਨ) ... ਵੜਿੰਗ ਜੀ ਬੋਲੋ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸਪੀਕਰ ਸਾਹਿਬ, ਉਹ ਮੇਰਾ ਭਰਾ ਹੈ ਮੁਕਤਸਰ ਦਾ ....(ਵਿਘਨ)... ਦੇਖੋ ਨਾ ਮੈਂ ਫਾਲਤੂ ਗੱਲ ਕੀਤੀ ਹੈ ਅਤੇ ਨਾ ਮੈਂ ਕਰਨੀ ਹੈ। ਨਾ ਮੈਂ ਕਿਸੇ ਦਾ ਨਾਮ ਲਿਆ ਹੈ ਅਤੇ ਨਾ ਮੈਂ ਲੈਣਾ ਹੈ। ਮੈਂ ਨਾਮ ਹੀ ਨਹੀਂ ਲਿਆ, ਐਵੇਂ ਨਾ ਉਠੋ। ਸਰ, ਕੀ ਹੋਇਆ, ਸਾਢੇ ਨੌਂ ਕਰੋੜ ਰੁਪਿਆ ਦਸ ਵਿਚੋਂ, ਹੁਣ ਤੁਸੀਂ ਕਹੋਗੇ ਕਿ ਇਹ ਪਤੰਦਰ ਚੰਗਾ ਬੰਦਾ ਹੈ, ਕਹਿੰਦਾ ਦਸ ਕਰੋੜ ਇਕੱਠਾ ਹੋਇਆ ਪਰ ਸਾਢੇ ਨੌਂ ਕਰੋੜ ਦੀ ਗੱਲ ਕਿਉਂ ਕਰਦਾ ਹੈ ਕਿ 6.30 ਵਜੇ ਪਹੁੰਚਦਾ ਸੀ, ਫਿਰ 50 ਕਿੱਥੇ ਜਾਂਦਾ ਸੀ। ਪੰਜਾਹ ਚੰਗੇ ਸਿਪਾਹੀ, ਵਫਾਦਾਰ ਰੱਖ ਲੈਂਦੇ ਸੀ। ਸਾਡੇ ਵਾਲਿਆਂ ਨੂੰ ਤਾਂ ਪਤਾ ਹੀ ਨਹੀਂ ਕੁਛ। ਉਹ ਚੰਗੇ ਬੰਦੇ ਸੀ, ਉਹ ਦਿਨ ਦਾ ਪੰਜਾਹ ਆਪਣੇ ਕੋਲ ਰੱਖ ਲੈਂਦੇ ਸੀ। ਉਹ ਪੰਜਾਹ ਨਹੀਂ, ਹੁੰਦਾ 1.00 ਸੀ ਪਰ ਉਹ ਦਸਦੇ 10 ਸੀ, ਪੰਜਾਹ ਉਤੋਂ ਉਤੋਂ ਅਤੇ ਪੰਜਾਹ ਇਮਾਨਦਾਰੀ ਨਾਲ ਰੱਖ ਲੈਂਦੇ ਸੀ ਤੇ ਉਹ ਕਹਿੰਦੇ ਸੀ ਕਿ ਜੇਕਰ ਫੜ੍ਹੇ ਗਏ ਤਾਂ, ਕੱਲ੍ਹ ਨੂੰ ਕੈਪਟਨ ਅਮਰਿੰਦਰ ਸਿੰਘ ਦਾ ਕਿਹੜਾ ਪਤਾ ਹੈ, ਪਤਾ ਹੈ ਕੋਈ, ਕਿਸ ਵੇਲੇ ਮੂਡ ਆ ਗਿਆ...

(ਅਵਾਜ਼ : ਉਹ ਲਿਸਟ ਆ ਗਈ ਹੈ।)

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਜੇ ਮੂਡ ਆ ਗਿਆ। ਇਹ ਤਾਂ ਕਹਿੰਦੇ ਹਨ ਕਿ ਮੈਂ ਹੁਣ 74-75 ਸਾਲ ਦੀ ਉਮਰ ਵਿਚ ਹਾਂ। ਮੈਂ ਪੰਜਾਬ ਨੂੰ ਅਗਾਂਹ ਵਧਾਉਣ ਲਈ ਕੰਮ ਕਰਨਾ ਹੈ। ਲੋਕ ਕਹਿਣਗੇ ਤੇ ਪਹਿਲਾਂ ਵੀ ਇਹ ਕਹਿੰਦੇ ਸਨ, ਇਸ ਕਰਕੇ ਇਨ੍ਹਾਂ ਨੇ ਇਹ ਖੂੰਡਾ ਵੀ ਛੱਡ ਦਿੱਤਾ ਤਾਂ ਹੀ ਇਹ ਸਾਰੀਆਂ ਦਿੱਕਤਾਂ ਆਈ ਜਾਂਦੀਆਂ ਹਨ। (ਹਾਸਾ) ਉਹ ਖੂੰਡਾ ਇਨ੍ਹਾਂ ਨੇ ਪਤਾ ਨਹੀਂ ਕਿੱਥੇ ਲੁਕੋ ਦਿੱਤਾ, ਇਹ ਉਹ ਖੂੰਡਾ ਕੱਢ ਨਹੀਂ ਰਹੇ ਕਿਉਂਕਿ ਇਹ ਹੁਣ ਇਸ ਕਰਕੇ ਨਹੀਂ ਕੱਢ ਰਹੇ ਅਤੇ ਇਹ ਕਹਿੰਦੇ ਹਨ ਕਿ ਮੈਂ ਹੁਣ ਪਾਜ਼ੇਟਿਵ ਐਨਰਜੀ ਵਾਸਤੇ, ਕੰਮ ਕਰਨ ਵਾਸਤੇ, ਪੰਜਾਬ ਦੇ ਭਵਿੱਖ ਵਾਸਤੇ ਸਮਾਂ ਲਗਾਉਣਾ ਹੈ, ਮੈਂ ਕੋਈ ਸਮਾਂ ਜ਼ਾਇਆ ਨਹੀਂ ਕਰਨ ਦੇਣਾ ਚਾਹੁੰਦਾ। ਇਹ ਉਹ ਸਾਰਾ ਮਾਲੀਆ ਇਕੱਠਾ ਕਰਕੇ, ਜਿਸ ਦੇ ਹੋਟਲ ਪੈ ਗਏ, ਜਿਸ ਦੇ ਹੋਟਲ ਦੀ ਸਰਦਾਰ ਸਿੱਧੂ ਸਾਹਿਬ ਗੱਲ ਕਰਦੇ ਹਨ, ਪੰਜ ਲੱਖ ਰੁਪਿਆ ਇੱਕ ਰਾਤ (ਉਚੀ ਹੇਕ ਲਗਾ ) ਪੰਜ ਲੱਖ ਰੁਪਿਆ ਇੱਕ ਰਾਤ ਦਾ ਕਿਰਾਇਆ ਹੈ ਜਨਾਬ। 30 ਕਰੋੜ ਰੁਪਏ ਦੀ ਸੜਕ ਉਥੇ ਕੱਢੀ ਹੈ, ਮੈਂ ਉਥੇ ਪਰਦਰਸ਼ਨ ਕਰਕੇ ਆਇਆ ਹਾਂ ਤੇ ਮੈਂ ਕਿਹਾ ਕਿ ਮੈਂ ਸੜਕ ਤੇ ਜਾਣਾ ਤੇ ਮੇਰੇ ਤੇ ਡਾਂਗਾਂ ਫੇਰੀਆਂ ਤੇ ਸਰਦਾਰ ਜਗਮੋਹਨ ਸਿੰਘ ਕੰਗ ਵਿਚਾਰੇ ਨਾਲ ਸੀ, ਉਥੇ ਉਸ ਹੋਟਲ ਵਿਚ ਜਾਣਾ ਸੀ ....

**ਸਥਾਨਕ ਸਰਕਾਰ ਮੰਤਰੀ (ਬੈਠੇ-ਬੈਠੇ) :** ਪੰਜਾਬ ਦੇ ਦੁੱਖਾਂ ਤੇ ਸੱਟ ਹੈ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸੋ, ਇਹ ਹਾਲਾਤ ਪੰਜਾਬ ਦੇ ਵਿੱਚ ਸਨ। (ਵਿਘਨ) ਕੋਈ ਗੱਲ ਨਹੀਂ, ਜੇ ਫੜ੍ਹਿਆ ਗਿਆ। ਮੇਰੇ ਪੰਜਾਬ ਵਿਚ ਮੇਰੇ ਪੰਜਾਬ ਦੇ ਲੋਕ ਸੀ। ਪਰਮਾਤਮਾ ਕਿਰਪਾ ਕਰੇ ਕਿ ਇਸ ਸੋਹਣੇ ਪੰਜਾਬ ਨੂੰ, ਜਿਸ ਪੰਜਾਬ ਨੂੰ ਸੋਨੇ ਦੀ ਚਿੜੀ ਕਿਹਾ ਜਾਂਦਾ ਸੀ, ਪੰਜਾਬ ਦੇ ਲੋਕਾਂ ਦੇ ਉਤੇ ਮਾਣ ਹੁੰਦਾ ਸੀ, ਦੇਸ਼ਾਂ ਵਿਦੇਸ਼ਾਂ ਵਿੱਚ ਬੈਠੇ ਲੋਕ ਪੰਜਾਬ ਦੀ ਗੱਲ ਕਰਦੇ ਸਨ, ਪੰਜਾਬ ਦੀਆਂ ਚਰਚਾਵਾਂ ਹੁੰਦੀਆਂ ਸਨ, ਉਹ ਪੰਜਾਬ ਅੱਜ ਪਿੱਛੇ ਚਲਿਆ ਗਿਆ ਹੈ। ਮੈਨੂੰ ਆਲ ਇੰਡੀਆ ਯੂਥ ਕਾਂਗਰਸ ਪਾਰਟੀ ਦਾ ਪ੍ਰਧਾਨ ਹੋਣ ਦੇ ਨਾਤੇ ਤਾਮਿਲਨਾਡੂ, ਚੇਨਈ, ਅੰਡੇਮਾਨ, ਨਿਕੋਬਾਰ, ਮਨੀਪੁਰ, ਮਿਜ਼ੋਰਮ, ਮੇਘਾਲਿਆ ਜਾਣ ਦਾ ਮੌਕਾ ਮਿਲਿਆ ਹੈ। ਅੱਜ 18ਵੇਂ ਨੰਬਰ ਤੇ ਤਾਂ ਸੂਬਾ ਆ ਗਿਆ ਹੈ, ਇਹ ਕੋਈ ਛੋਟੀ ਗੱਲ ਹੈ? ਪਰ ਹਰ ਬੰਦੇ ਨੇ, ਚਾਹੇ ਕਿਸੇ ਨੂੰ ਹਿੰਦੀ ਬੋਲਣੀ ਆਉਂਦੀ ਸੀ, ਚਾਹੇ ਅੰਗਰੇਜ਼ੀ, ਚਾਹੇ ਤਾਮਿਲ ਬੋਲਦਾ ਸੀ, ਚਾਹੇ ਕੰਨੜ ਬੋਲਦਾ ਸੀ ਪਰ ਜਦੋਂ ਜਹਾਜ਼ ਵਿਚੋਂ ਉਤਰਦੇ ਸੀ ਤਾਂ ਹਰ ਬੰਦਾ ਇੱਕ ਹੀ ਸਵਾਲ ਕਰਦਾ ਸੀ, ਜੇ ਕੋਈ ਅਣਜਾਣ ਬੰਦਾ ਮਿਲਦਾ ਸੀ ਤਾਂ ਉਹ ਕਹਿੰਦਾ ਸੀ ਕਿ ਪੰਜਾਬ ਨੂੰ ਕੀ ਹੋ ਗਿਆ, ਪੰਜਾਬ ਵਿੱਚ ਨਸ਼ੇ ਦਾ ਕਾਰੋਬਾਰ, ਪੰਜਾਬ ਦੇ ਨੌਜਵਾਨਾਂ ਨੂੰ ਕੀ ਹੋ ਗਿਆ। ਇਹ ਚਰਚਾਵਾਂ ਚਲੀਆਂ। ਸਾਡੇ ਛੋਟੇ ਵੀਰ ਨੇ ਠੀਕ ਕਿਹਾ ਤੇ ਸਮੈਕ ਦੀ ਗੱਲ ਕੀਤੀ। ਛੋਟਾ ਵੀਰ ਕਹਿੰਦਾ ਕਿ ਹੈਰੋਇਨ ਦਾ 2 ਲੱਖ 32 ਹਜ਼ਾਰ ਲੋਕ ਸੇਵਨ ਕਰਦੇ ਹਨ, ਇਹ ਪੱਚੀ ਕਿਲੋ ਫੜ੍ਹੀ ਗਈ ਹੈ। ਜ਼ਰੂਰੀ ਨਹੀਂ ਕਿ ਤੁਸੀਂ 2 ਲੱਖ 32

[ ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ]

ਹਜ਼ਾਰ is equal to ਕਰੀ ਜਾਵੇ ਕਿ ਉਹ ਇੰਨੀ ਕਨਜ਼ੰਪਸ਼ਨ ਕਰਦੇ ਹਨ, ਅੱਜ ਵੀ ਉਹੀ ਲਗਾਈ ਜਾਵੇ, ਇਹ ਜ਼ਰੂਰੀ ਨਹੀਂ ਹੈ। ਮੈਂ ਅੱਜ ਕਰਦਾ ਸੀ, ਮੈਨੂੰ ਅੱਜ ਰਾਤ ਨੂੰ ਨੀਂਦ ਨਹੀਂ ਆ ਰਹੀ, ਮੰਨ ਲਵੋ ਕਿ ਮੈਂ ਮੰਜੇ ਤੇ ਪਿਆ ਹਾਂ। (ਹਾਸਾ) ਇਸ ਦਾ ਮਤਲਬ ਇਹ ਨਹੀਂ ਹੈ ਕਿ ਹੈਰੋਇਨ ਉਤਨੀ ਹੀ ਆ ਰਹੀ ਹੈ। ਇਸ ਦਾ ਮਤਲਬ ਇਹ ਨਹੀਂ ਕਿ ਉਨੀ ਹੀ ਹੈਰੋਇਨ ਅੱਜ ਪੰਜਾਬ ਵਿੱਚ ਆ ਰਹੀ ਹੈ, ਉਹ ਛੱਡ ਕੇ ਭੱਜ ਗਏ ਹਨ। ਤੁਹਾਨੂੰ ਆਖਿਆ ਹੈ ਕਿ ਜਦੋਂ ਸ਼ੇਰ ਦਹਾੜਦਾ ਹੈ, ਬੱਬਰ ਸ਼ੇਰ ਦਹਾੜ ਮਾਰਦਾ ਹੈ ਤੇ ਜਦੋਂ ਕਦੇ ਜੰਗਲ ਵਿੱਚ ਜਾਉ ਤੇ ਉਥੇ ਸ਼ੇਰ ਵੇਖੋ ਤਾਂ ਪੰਜਾ ਮਾਰ ਕੇ ਵੱਡੇ ਵੱਡੇ ਜਿਹੜੇ ਕਾਰਵਾਂ ਹੁੰਦੇ ਹਨ, ਉਨ੍ਹਾਂ ਨੂੰ ਪਲਟਾ ਦਿੰਦਾ ਹੈ ..

**ਮਾਨਯੋਗ ਸਪੀਕਰ :** ਰਾਜਾ ਜੀ, ਰਾਜਾ ਜੀ, 7 ਮਿੰਟ ਰਹਿ ਗਏ ਹਨ ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਜਦੋਂ ਸ਼ੇਰ ਦਹਾੜਦਾ ਹੈ ਤਾਂ ਨਿੱਕੇ ਨਿੱਕੇ ਇਧਰ ਉਧਰ ਦੇ ਜਿਹੜੇ ਪੰਛੀ ਤੇ ਜਾਨਵਰ ਹੁੰਦੇ ਹਨ, ਉਹ ਪਿੰਜਰਿਆਂ ਵਿੱਚ ਵੜ ਜਾਂਦੇ ਹਨ। ਜਿਹੜਾ ਕੋਕੀਨ ਦਾ ਕਾਰੋਬਾਰ ਕਰਨ ਵਾਲੇ ਇਹ ਲੋਕ ਸਨ, ਉਹ ਸ਼ੇਰ ਦੀ ਦਹਾੜ ਤੋਂ ਭੈਅ ਮੰਨ ਕੇ, ਡਰਦੇ ਅੱਜ ਖੁੱਡਾਂ ਵਿਚ ਵੜ ਗਏ ਹਨ। ਅਜੇ 90 ਦਿਨ ਹੋਏ ਹਨ, ਕਿੰਨਾ ਵੱਡਾ ਕੰਮ ਕੀਤਾ ਹੈ, ਦਸ ਸਾਲਾਂ ਵਿੱਚ ਕੋਈ ਪੁਲਿਸ ਮੁਲਾਜ਼ਮ ਫੜ੍ਹਿਆ ਹੈ? ਇਨ੍ਹਾਂ ਨੇ ਬਾਰਡਰ ਸਕਿਉਰਿਟੀ ਫੋਰਸਿਜ਼ ਦੇ ਉਤੇ ਜਾ ਕੇ ਧਰਨਾ ਲਗਾ ਦਿੱਤਾ ਤੇ ਲੋਕਾਂ ਨੂੰ ਮੂਰਖ ਬਣਾ ਦਿੱਤਾ ਤੇ ਕਹਿੰਦੇ ਕਿ ਬਾਰਡਰ ਤੋਂ ਆਉਂਦਾ ਹੈ। ਬਾਰਡਰ ਤਾਂ ਹੋਰ ਵੀ ਕਈ ਸੂਬਿਆਂ ਵਿਚ ਲਗਦਾ ਹੈ। ਉਥੇ ਹੀ ਧਰਨਾ ਲਗਾ ਦਿੱਤਾ ਤੇ ਲੋਕਾਂ ਨੂੰ ਕਹਿ ਦਿੱਤਾ ਕਿ ਇਹ ਬਾਰਡਰ ਤੋਂ ਆਉਂਦਾ ਤਾਂ ਲੋਕ ਵਿਚਾਰੇ ਕਹਿੰਦੇ ਕਿ ਇਨ੍ਹਾਂ ਦਾ ਤਾਂ ਕਸੂਰ ਹੀ ਕੋਈ ਨਹੀਂ ਹੈ। ਅੱਜ ਪੰਜਾਬ ਦੇ ਅੰਦਰ, ਅਜੇ ਮੈਂ ਇਹ ਨਹੀਂ ਕਹਿੰਦਾ ਕਿ ਸੌ ਦਾ ਸੌ ਪਰਸੈਂਟ, ਮੈਂ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਕਰਦਾ ਕਿ ਸੌ ਦਾ ਸੌ ਪਰਸੈਂਟ ਖਤਮ ਹੋ ਗਿਆ ਹੈ ਪਰ ਸਾਡੇ ਪੰਜਾਬ ਦੇ ਵਿੱਚ ਮਹਾਰਾਜਾ ਅਮਰਿੰਦਰ ਸਿੰਘ ਜੀ ਦੀ ਅਗਵਾਈ ਵਿੱਚ ਇਹ ਸਰਕਾਰ ਵਚਨਬੱਧ ਹੈ। ਜਿਹੜਾ ਬੰਦਾ ਸਿੱਖੀ ਦੇ ਪਿਛੇ ਕੁਰਸੀਆਂ ਛੱਡ ਸਕਦਾ ਹੈ, ਤਿਆਗ ਸਕਦਾ ਹੈ, ਸਭ ਕੁਝ ਛੱਡ ਕੇ ਆ ਸਕਦਾ ਹੈ, ਪਾਰਟੀ ਤੋਂ ਵੱਖ ਖੜ੍ਹਾ ਹੋ ਕੇ ਬਿਆਨ ਦੇ ਸਕਦਾ ਹੈ, ਕੀ ਉਹ ਗੁਟਕਾ ਸਾਹਿਬ ਦੀ ਸਹੁੰ ਖਾ ਕੇ ਪੰਜਾਬ ਵਿੱਚ ਨਸ਼ਾ ਚਲਣ ਦੇਵੇਗਾ? (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਉਹ ਮਰ ਜਾਵੇਗਾ, ਮੁੱਖ ਮੰਤਰੀ ਦੀ ਕੁਰਸੀ ਛੱਡ ਦੇਵੇਗਾ ਲੇਕਿਨ ਪੰਜਾਬ ਦੇ ਅੰਦਰ ਕਿਸੇ ਨੂੰ ਨਸ਼ਾ ਵੇਚਣ ਦੀ ਇਜਾਜ਼ਤ ਨਹੀਂ ਦੇਵੇਗਾ। ਸਪੀਕਰ ਸਾਹਿਬ, ਜਿਹੜੇ ਹਾਲਾਤ ਮੈਂ ਉਦੋਂ ਦੇਖੇ, ਅੱਜ ਉਹ ਨਹੀਂ ਹਨ। ਮਾਂ ਆਪਣੇ ਬੱਚੇ ਨੂੰ ਜਨਮ ਦਿੰਦੀ ਹੈ ਤਾਂ ਨੌ ਮਹੀਨੇ ਆਪਣੇ ਢਿੱਡ ਵਿੱਚ ਰੱਖਦੀ ਹੈ। ਜਦੋਂ ਮੈਂ ਨਸ਼ੇ ਦੀ ਗੱਲ ਕਰਦਾ ਹਾਂ ਤਾਂ ਇਹ ਮੇਰੇ ਭਰਾ ਹੱਸਣ ਲੱਗ ਜਾਂਦੇ ਹਨ। This is not the matter, ਤੁਸੀਂ ਹੱਸੋ ਪਰ ਇਹ ਕੋਈ ਹੱਸਣ ਵਾਲੀ ਗੱਲ ਨਹੀਂ ਹੈ, ਇਹ ਰੋਣ ਵਾਲੀ ਗੱਲ ਹੈ। ਮਾਂ ਨੌਂ ਮਹੀਨੇ ਆਪਣੇ

ਪੇਟ ਵਿੱਚ ਬੱਚਾ ਰੱਖਦੀ ਹੈ, ਨਿੱਤ ਮਰਦੀ ਹੈ, ਨਿੱਤ ਜਿਊਂਦੀ ਹੈ। ਨੌਂ ਮਹੀਨੇ ਮਰਦੀ-ਜਿਊਂਦੀ ਰਹਿੰਦੀ ਹੈ ਅਤੇ ਜਦੋਂ ਨੌ ਮਹੀਨਿਆਂ ਬਾਅਦ ਆਪਣੇ ਬੱਚੇ ਦਾ ਮੂੰਹ ਵੇਖਦੀ ਹੈ, ਜਨਮ ਦਿੰਦੀ ਹੈ, ਉਸ ਦੀ ਸਾਰੀ ਥਕਾਨ ਉਤਰ ਜਾਂਦੀ ਹੈ, ਫੇਰ ਉਹ ਮਾਂ ਆਪਣੀ ਛਾਤੀ ਦਾ ਦੁੱਧ ਪਿਆਉਂਦੀ ਹੈ, ਫੇਰ ਉਸ ਦੇ ਵਾਲਾਂ ਵਿੱਚ ਹੱਥ ਫੇਰਦੀ ਹੈ, ਫੇਰ ਅਰਦਾਸਾਂ ਕਰਦੀ ਹੈ, ਸੁੱਖਣਾ ਸੁਖਦੀ ਹੈ ਕਿ ਮੇਰਾ ਪੁੱਤ, ਚੰਨ ਵੱਡਾ ਹੋਵੇਗਾ, ਇਸ ਦੀ ਮੈਂ ਬਰਾਤ ਜਾਵਾਂਗੀ ਅਤੇ ਮੇਰਾ ਪੁੱਤ ਅੰਤਿਮ ਸਮੇਂ ਮੇਰੀ ਅਰਥੀ ਦਾ ਸਹਾਰਾ ਬਣੇਗਾ। ਜਦੋਂ ਉਹ ਮਾਂ ਨਸ਼ੇ ਦੀ ਲੱਤ ਵਿੱਚ ਮੋਏ ਆਪਣੇ ਪੁੱਤ ਨੂੰ ਤੁਰ ਕੇ ਆਪਣੇ ਹੱਥੀਂ ਸ਼ਮਸ਼ਾਨ ਵੱਲ ਛੱਡ ਕੇ ਆਉਂਦੀ ਹੈ ਤੇ ਉਸ ਤੇ ਕੀ ਬੀਤਦੀ ਹੋਵੇਗੀ। ਇਹ ਆਮ ਆਦਮੀ ਪਾਰਟੀ, ਅਕਾਲੀ-ਭਾਜਪਾ ਜਾਂ ਕਾਂਗਰਸ ਦੀ ਗੱਲ ਨਹੀਂ ਹੈ, ਇਹ ਪੰਜਾਬ ਦੀਆਂ ਸਮੁੱਚੀਆਂ ਮਾਵਾਂ ਦੀ ਗੱਲ ਹੈ। 117 ਲੋਕਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਪੰਜਾਬ ਨੂੰ ਨਸ਼ਾ ਮੁਕਤ ਪੰਜਾਬ ਬਣਾਉਣਾ ਹੈ। (ਥੰਪਿੰਗ) ਪੰਜਾਬ ਦੀ ਮਾਂ ਦੀ ਕੁੱਖ ਸੰਭਾਲਣਾ ਸਾਡੀ ਜ਼ਿੰਮੇਵਾਰੀ ਹੈ, ਕਿਸੇ ਇਕ ਤੇ ਇਲਜ਼ਾਮ ਨਹੀਂ। ਜੇ ਤੁਹਾਨੂੰ ਲਗਦਾ ਹੈ ਕਿ ਕੋਈ ਕੁਤਾਹੀ ਹੋ ਰਹੀ ਹੈ ਤਾਂ ਕੈਪਟਨ ਅਮਰਿੰਦਰ ਸਿੰਘ ਕੋਲ ਜਾਓ, ਉਹ ਕਿਸੇ ਨੂੰ ਨਾਂਹ ਨਹੀਂ ਕਰਦਾ। ਜਾਓ ਤੇ ਦੱਸੋ ਕਿ ਫਲਾਣਾ ਅਫਸਰ, ਫਲਾਣੀ ਥਾਂ ਤੇ ਅਜਿਹਾ ਕਰ ਰਿਹਾ ਹੈ। ਸਾਰੀਆਂ ਗੱਲਾਂ ਦਾ ਤਾਂ ਆਪਾਂ ਜਿਹੜੇ ਘਰ ਵਿੱਚ ਰਹਿੰਦੇ ਹਾਂ, ਸਾਡੀ ਮਾਂ ਜਿਸ ਨੇ ਸਾਨੂੰ ਜੰਮਿਆ ਹੈ, ਪਿਓ ਜਿਸ ਨੇ ਜੰਮਿਆ ਹੁੰਦਾ ਹੈ, ਸਾਰੀਆਂ ਗੱਲਾਂ ਦਾ ਤਾਂ ਉਨ੍ਹਾਂ ਨੂੰ ਵੀ ਪਤਾ ਨਹੀਂ ਲਗਦਾ। ਜੇ ਕੋਈ ਰਹਿ ਵੀ ਗਿਆ, ਕਿਤੇ ਕੁਤਾਹੀ ਹੋ ਰਹੀ ਹੈ ਤਾਂ ਜਾਓ ਕੈਪਟਨ ਅਮਰਿੰਦਰ ਸਿੰਘ ਕੋਲ ਲਿਖ ਕੇ ਦਿਓ। ਜਦੋਂ ਟਾਈਮ ਮੰਗੋਗੇ ਦਿੰਦੇ ਹਨ, ਤੁਸੀਂ ਦੱਸੋ ਕਿ ਫਲਾਣਾ ਅਫਸਰ, ਫਲਾਣੇ ਜ਼ਿਲ੍ਹੇ ਵਿੱਚ ਜਾਂ ਫਲਾਣੇ ਕਸਬੇ ਵਿੱਚ ਅਜਿਹਾ ਕੰਮ ਕਰ ਰਿਹਾ ਹੈ। ਜੇ ਉਸ ਤੇ ਕਾਰਵਾਈ ਨਾ ਹੋਵੇ ਤਾਂ ਫੇਰ ਇਸ ਸਦਨ ਵਿੱਚ ਡਰਨ ਦੀ ਲੋੜ ਨਹੀਂ, ਸਭ ਦੇ ਸਾਹਮਣੇ ਕੈਪਟਨ ਅਮਰਿੰਦਰ ਸਿੰਘ ਨੂੰ ਕਹੋ ਕਿ ਮੈਂ ਤੁਹਾਨੂੰ ਕਹਿ ਕੇ ਆਇਆ ਸੀ ਪਰ ਉਸ ਤੇ ਅਮਲ ਨਹੀਂ ਹੋਇਆ। ਦੇਖਿਓ ਫੇਰ ਨਾਲ ਦੇ ਨਾਲ ਭੜਾਕੇ ਪੈਂਦੇ, ਛੋਟੇ ਵੀਰ ਜੇ ਕਿਤੇ ਤੁਹਾਨੂੰ ਕੋਈ ਕੁਤਾਹੀ ਲਗਦੀ ਹੈ ਤਾਂ ਸਾਰੀਆਂ ਗੱਲਾਂ ਆ ਕੇ ਰਾਜਾ ਸਾਹਿਬ ਨੂੰ ਜ਼ਰੂਰ ਦੱਸਿਓ। ਸਮਾਂ ਘੱਟ ਰਹਿ ਗਿਆ ਹੈ...

**ਮਾਨਯੋਗ ਸਪੀਕਰ :** ਟਾਈਮ 3 ਮਿੰਟ ਦਾ ਬਾਕੀ ਹੈ। ਪਲੀਜ਼ ਵਾਈਂਡ ਅੱਪ ਕਰੋ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ) (ਬੈਠੇ-ਬੈਠੇ) :** ਪਾਰਟੀ ਦਾ ਟਾਈਮ ਹੈ ਜੀ, ਹੋਰ ਦੇ ਦਿਓ।

**ਮਾਨਯੋਗ ਸਪੀਕਰ :** ਮੈਂ ਪਾਰਟੀ ਦੇ ਟਾਈਮ ਦੀ ਹੀ ਗੱਲ ਕਰ ਰਿਹਾ ਹਾਂ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਮਹਾਰਾਜਾ ਰਣਜੀਤ ਸਿੰਘ ਦਾ ਰਾਜ ਮੰਨਣਾ ਕਿਸੇ ਨੇ ਨਹੀਂ, ਭਾਵੇਂ ਸਟਿੱਕਰ ਲਾਈ ਜਾਓ। ਹੁਣ ਸਹੀ ਮਾਅਨਿਆਂ ਵਿੱਚ ਮਹਾਰਾਜਾ ਰਣਜੀਤ

[ ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ]

ਸਿੰਘ ਦਾ ਰਾਜ ਹੈ। ਅਸੀਂ ਤਾਂ ਰੋਜ਼ ਕਹਿੰਦੇ ਹਾਂ, ਚੀਕਾਂ ਮਾਰਦੇ ਹਾਂ। ਨਿੱਕੀਆਂ ਨਿੱਕੀਆਂ ਗੱਲਾਂ ਹਨ, ਮੈਂ ਪ੍ਰੈਸ ਨੂੰ ਕੀ ਦੱਸਾਂ ਜਾਂ ਅੱਜ ਮੈਂ ਇਸ ਸਦਨ ਵਿੱਚ ਕੀ ਦੱਸਾਂ? ਅਸੀਂ ਲੜਦੇ ਰਹੇ ਹਾਂ ਅਕਾਲੀ ਦਲ ਦੇ ਉਨ੍ਹਾਂ ਬੰਦਿਆਂ ਨਾਲ। ਕੈਪਟਨ ਅਮਰਿੰਦਰ ਸਿੰਘ ਕਿਸੇ ਨਾਲ ਕਿਵੇਂ ਪੱਖਪਾਤ ਕਰ ਸਕਦੇ ਹਨ? ਤੁਸੀਂ ਕਹੋਗੇ (ਸ਼੍ਰੋਮਣੀ ਅਕਾਲੀ ਦਲ ਦੇ ਬੈਂਚਿਜ਼ ਵੱਲ ਇਸ਼ਾਰਾ) ਕਿ ਫੇਰ ਉਸ ਬੰਦੇ ਦਾ ਨਾਂ ਲੈ ਲਿਆ। ਬਾਦਲ ਹਲਕੇ ਵਿੱਚ ਇਕ ਬਹੁਤ ਵੱਡਾ ਨਾਮੀ ਬੰਦਾ ਹੈ। ਜਿਸ ਦਾ ਅਕਸਰ ਕੈਪਟਨ ਸਾਹਿਬ ਸਟੇਜਾਂ ਤੇ ਨਾਂ ਲੈਂਦੇ ਸੀ ਅਤੇ ਹਰ ਬੰਦੇ ਨੂੰ ਉਸ ਦਾ ਪਤਾ ਹੈ। (ਵਿਘਨ...) ਮੈਂ ਕਿਸੇ ਦਾ ਨਾਂ ਨਹੀਂ ਲੈਂਦਾ, ਕੋਲਿਆਂਵਾਲੀ ਹੈ ਕਿ ਕਿਹੜਾ ਹੈ? ਉਸ ਬੰਦੇ ਦਾ ਇਨ੍ਹਾਂ ਨੂੰ ਪਤਾ ਹੈ (ਸ਼੍ਰੋਮਣੀ ਅਕਾਲੀ ਦਲ ਦੇ ਬੈਂਚਿਜ਼ ਵੱਲ ਇਸ਼ਾਰਾ) ਕਿ ਕੀ ਕੰਮ ਹੈ, ਕੀ ਧੰਦਾ ਹੈ, ਕੌਣ ਹੈ, ਕਿਥੋਂ ਦਾ ਹੈ, ਕੀ ਜਬਰ-ਜ਼ੁਲਮ ਕਮਾਇਆ ਹੈ, ਜਨਾਬ ਉਹ ਦੁੱਧ ਵੇਚਦਾ ਸੀ। ਹੁਣ ਸੱਤ ਕਿੱਲ੍ਹਿਆਂ ਵਿੱਚ ਕੋਠੀ ਹੈ ਅਤੇ ਹੈਲੀਕਾਪਟਰ ਵਿਚੇ ਹੀ ਉਤਰਦਾ ਹੈ, ਗੰਨਮੈਨ ਪਤਾ ਨਹੀਂ ਚਾਰ ਹਨ ਕਿ ਪੰਜ। ਕੈਪਟਨ ਸਾਹਿਬ ਉਥੋਂ ਚੋਣ ਲੜੇ ਹਨ। ਕਹਿੰਦੇ, ਰਲਿਆ ਹੋਇਆ ਹੈ, ਅਕਾਲੀ-ਕਾਂਗਰਸ ਰਲੀ ਹੋਈ ਹੈ। ਕੱਲ੍ਹ ਇੱਥੇ ਕਿਹੜਾ ਕਹਿੰਦਾ ਸੀ-ਦੋਵੇਂ ਚੋਰ, ਦੋਵੇਂ ਚੋਰ। ਕਹਿੰਦੇ, ਕੈਪਟਨ ਅਮਰਿੰਦਰ ਸਿੰਘ ਰਲਿਆ ਹੋਇਆ ਹੈ। ਜੇ ਇਹ ਸਰਦਾਰ ਰਲਿਆ ਹੋਇਆ ਹੁੰਦਾ, ਤੁਹਾਡੇ ਵਿਚੋਂ ਕੋਈ ਵੀ ਉਥੇ ਲੜਨ ਨਹੀਂ ਗਿਆ, ਕੈਪਟਨ ਅਮਰਿੰਦਰ ਸਿੰਘ ਲੰਬੀ ਵਿੱਚ ਜਾ ਕੇ ਲੜਿਆ ਹੈ। ਅਸੀਂ ਕਿਹਾ ਕਿ ਉਸ ਬੰਦੇ ਤੋਂ ਗੰਨਮੈਨ ਵਾਪਸ ਲਓ। ਪੁਲਿਸ ਨੇ ਕਹਿ ਦਿੱਤਾ ਕਿ ਇਸ ਦੀ ਜਾਨ ਨੂੰ ਖਤਰਾ ਹੈ। ਸਾਡੇ ਵਰਗਿਆਂ ਨੇ ਕਿਹਾ ਕਿ ਜੇ ਜਾਨ ਨੂੰ ਖਤਰਾ ਹੈ ਤਾਂ ਰਹਿਣ ਦਿਓ। ਨਾ ਐਮ.ਐਲ.ਏ., ਨਾ ਐਕਸ ਐਮ.ਐਲ.ਏ., ਦੋ ਜਿਪਸੀਆਂ ਚਲਦੀਆਂ ਸੀ, ਪੁਲਿਸ ਅਫਸਰਾਂ ਨੇ ਕਿਹਾ ਕਿ ਇਸ ਦੀ ਜਾਨ ਨੂੰ ਖਤਰਾ ਹੈ। ਅਸੀਂ ਕਿਹਾ ਕਿ ਜੇ ਖਤਰਾ ਹੈ ਤਾਂ ਆਪ ਨਿਬੜੇ, ਸਾਡੀ ਜਾਨ ਨੂੰ ਕਿਹੜਾ ਨਹੀਂ ਸੀ। ਕਿਸੇ ਨੂੰ ਕੀ ਪਤਾ? ਪਰ ਕੈਪਟਨ ਸਾਹਿਬ ਕਹਿੰਦੇ, ਨਹੀਂ, ਮੈਂ ਇਹੋ ਜਿਹਾ ਕੰਮ ਨਹੀਂ ਕਰਨਾ, ਜੇ ਜਾਨ ਨੂੰ ਖਤਰਾ ਹੈ ਤਾਂ ਉਸ ਦੇ ਗੰਨਮੈਨ ਰਹਿਣ ਦਿਓ। ਇਹੋ ਜਿਹੇ ਕੈਪਟਨ ਅਮਰਿੰਦਰ ਸਿੰਘ ਹਨ, ਇਹ ਨਹੀਂ ਕਿ ਪਿਆਰ ਕਰਦੇ ਹਨ। ਜਿਸ ਦਿਨ ਕਿਤੇ ਜਾੜ੍ਹ ਥੱਲੇ ਆ ਗਿਆ ਤਾਂ ਠੋਕ ਦੇਣਗੇ। ਪਰ ਅਜਿਹਾ ਨਹੀਂ। ਇਸ ਤਰ੍ਹਾਂ ਦੀ ਸੋਚ ਦੇ ਮਾਲਕ ਹਨ...(ਵਿਘਨ, ਸ਼ੋਰ) ਕੋਹਾੜ ਸਾਹਿਬ, ਤੁਸੀਂ ਜਿਹੜੇ ਕੰਮ ਕੀਤੇ ਹਨ, ਟਾਈਮਜ਼ ਆਫ ਇੰਡੀਆ ਵਿੱਚ ਖਬਰ ਛਪੀ ਸੀ ਕਿ ਕੋਹਾੜ ਸਾਹਿਬ ਦੇ ਉਨੇ ਗੇੜੇ ਨਹੀਂ ਲੱਗੇ ਜਿੰਨੇ ਦਾ ਤੇਲ ਪਵਾ ਲਿਆ ਸੀ। ਮੈਂ ਹਿਸਾਬ ਕਿਤਾਬ ਕੱਢਿਆ ਹੈ। ਇਹ ਰਾਤ ਨੂੰ ਸੁੱਤੇ ਪਏ ਵੀ ਕਾਰਾਂ ਚਲਾਈ ਗਏ, ਤੇਲ ਦੇ ਪੈਸੇ ਲੈਣ ਦੇ ਮਾਰੇ। (ਥੰਪਿੰਗ) (ਵਿਘਨ.....ਸ਼ੋਰ) ਟਾਈਮਜ਼ ਆਫ ਇੰਡੀਆ ਵਿੱਚ ਛਪਿਆ ਹੈ। (ਵਿਘਨ) ਸੁਣ ਲਵੋ। ਲਾਸਟ ਵਿੱਚ ਦੱਸਣ ਲੱਗਿਆ ਹਾਂ....

**ਮਾਨਯੋਗ ਸਪੀਕਰ :** ਬੈਠ ਜਾਵੋ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਲਾਸਟ ਵਿੱਚ ਬੇਨਤੀ ਹੈ ਜੀ। ਭਾਈ ਮੇਰਿਓ, ਚੈੱਕ ਕਰ ਲਵੋ। ਐਵੇਂ ਰੌਲਾ ਨਾ ਪਾਈ ਜਾਵੋ। ਕੈਪਟਨ ਸਾਹਿਬ ਕੋਲ ਪਟਾਰੀ ਹੈ। ਮੈਨੂੰ ਇਨ੍ਹਾਂ ਦਾ ਸਟਾਈਲ ਪਤਾ ਹੈ, ਜਦੋਂ ਥੋੜ੍ਹਾ ਜਿਹਾ ਹੱਸਣ, ਪਰਸੋਂ ਬਜਟ ਭਾਸ਼ਣ ਦੇ ਮੌਕੇ ਤੇ ਦੇਖਿਓ, ਧੂੜਾਂ ਪਾਉਣਗੇ। ਤੁਹਾਨੂੰ ਤਾਂ ਥਾਂ ਨਹੀਂ ਥਿਆਉਣਾ। ਤਿੰਨ ਮਹੀਨੇ ਬਾਅਦ ਬਜਟ ਆਉਣਾ ਹੈ। (ਵਿਘਨ) ਤੁਸੀਂ ਪੈਨਸ਼ਨ 10 ਸਾਲਾਂ ਵਿੱਚ ਢਾਈ ਸੌ ਰੁਪਿਆ ਮਹੀਨਾ ਵਧਾਈ ਸੀ...(ਵਿਘਨ)

**ਮਾਨਯੋਗ ਸਪੀਕਰ :** ਬੈਠੋ ਜੀ। ਬੈਠੋ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸਪੀਕਰ ਸਾਹਿਬ, ਲਾਸਟ ਪੁਆਇੰਟ ਹੈ ਜੀ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਇਕੱਲਾ ਵਾਅਦਾ ਹੀ ਨਹੀਂ ਕਰਦੇ। ਕਰਜ਼ਾ ਤਾਂ ਮੁਆਫ ਕਰਨਾ ਹੀ ਹੈ, ਇਕ ਆਪਣੀ ਗੱਡੀ, ਆਪਣਾ ਰੋਜ਼ਗਾਰ ਪ੍ਰੋਗਰਾਮ ਵੀ ਸਾਡਾ ਹੈ। ਅਸੀਂ ਸਭ ਕੁਝ ਕਰਨਾ ਹੈ, ਤੁਹਾਡੇ ਰੌਲਾ ਪਾਉਣ ਨਾਲ ਨਹੀਂ ਕਰਨਾ। ਹਰਾ ਟ੍ਰੈਕਟਰ ਸਕੀਮ ਵੀ ਲੈ ਕੇ ਆਉਣੀ ਹੈ, ਯਾਰੀ ਇੰਟਰਪ੍ਰਾਈਜ਼ਿਜ਼ ਸਕੀਮ ਵੀ ਲੋਕਾਂ ਨੂੰ ਦੇਣੀ ਹੈ। ਭੱਤੇ ਵੀ ਦੇਣੇ ਹਨ। ਸੋ, ਚਿੰਤਾ ਨਾ ਕਰੋ। ਜੋ ਵੀ ਕੈਪਟਨ ਅਮਰਿੰਦਰ ਸਿੰਘ ਦਾ ਵਾਅਦਾ ਹੈ, ਉਹ ਪੂਰਾ ਹੋਵੇਗਾ। (ਵਿਘਨ......ਸ਼ੋਰ) ਮੈਂ ਇਸ ਦੇ ਨਾਲ ਹੀ ਰਾਜਪਾਲ ਜੀ ਦੇ ਭਾਸ਼ਣ ਤੇ ਧੰਨਵਾਦ ਕਰਦਾ ਹਾਂ। (ਥੰਪਿੰਗ)

**ਮਾਨਯੋਗ ਸਪੀਕਰ :** ਰੁਪਿੰਦਰ ਕੌਰ ਰੂਬੀ ਜੀ। ਤੁਹਾਡੇ ਤਿੰਨ ਮਿੰਟ ਹਨ।

**ਮਿਸ ਰੁਪਿੰਦਰ ਕੌਰ ਰੂਬੀ (ਬਠਿੰਡਾ ਦਿਹਾਤੀ, ਐਸ.ਸੀ) :** ਧੰਨਵਾਦ ਜੀ। ਮਾਨਯੋਗ ਸਪੀਕਰ ਸਾਹਿਬ, ਮੈਂ ਗਵਰਨਰ ਐਡਰੈਸ ਦਾ ਪੁਆਇੰਟ ਨੰਬਰ 10 ਪੜ੍ਹਦੀ ਹਾਂ, ਜਿਸ ਵਿਚ ਯੂਥ ਨੂੰ ਮੋਬਾਈਲ ਫੋਨ ਦੇਣ ਦੀ ਗੱਲ ਕੀਤੀ ਗਈ ਹੈ। ਮੈਂ ਇਹ ਸੋਚਣ ਲਈ ਮਜ਼ਬੂਰ ਹੋ ਜਾਂਦੀ ਹਾਂ ਕਿ ਕਦੋਂ ਤੱਕ ਇਹ ਪੁਲੀਟੀਕਲ ਪਾਰਟੀਜ਼ ਸਾਨੂੰ ਯੂਥ ਨੂੰ ਸਿਰਫ ਵੋਟਾਂ ਪ੍ਰਾਪਤ ਕਰਨ ਲਈ ਐਸੀਆਂ ਸਕੀਮਾਂ ਰਾਹੀਂ ਗੁੰਮਰਾਹ ਕਰਦੀਆਂ ਰਹਿਣਗੀਆਂ। ਪਹਿਲਾਂ, ਪਿਛਲੀ ਸਰਕਾਰ ਨੇ ਯੂਥ ਨੂੰ ਲੈਪਟਾਪ ਦੇਣ ਦਾ ਵਾਅਦਾ ਕਰਕੇ ਗੁੰਮਰਾਹ ਕੀਤਾ ਅਤੇ ਐਤਕੀਂ ਯੂਥ ਨੂੰ ਸਮਾਰਟ ਫੋਨ ਦੇਣ ਦਾ ਵਾਅਦਾ ਕਰਕੇ ਗੁੰਮਰਾਹ ਕੀਤਾ ਹੈ। (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਕੁਲਜੀਤ ਸਿੰਘ ਨਾਗਰਾ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਮਿਸ ਰੁਪਿੰਦਰ ਕੌਰ ਰੂਬੀ :** ਸਰ, ਮੈਨੂੰ ਆਪਣੀ ਗੱਲ ਪੂਰੀ ਕਰ ਲੈਣ ਦਿਉ। ਅਸੀਂ ਤੁਹਾਡੀ ਗੱਲ ਤੇ ਹੀ ਆ ਰਹੇ ਹਾਂ।

**ਮਾਨਯੋਗ ਸਪੀਕਰ :** ਨਾਗਰਾ ਜੀ, ਮੈਂਬਰ ਸਾਹਿਬਾ ਪਹਿਲੀ ਦਫ਼ਾ ਸਦਨ ਵਿੱਚ ਬੋਲ ਰਹੇ

ਹਨ। ਇਨ੍ਹਾਂ ਨੂੰ ਬੋਲ ਲੈਣ ਦਿਉ। ਪਲੀਜ਼, ਬੋਲ ਲੈਣ ਦਿਉ।

**ਮਿਸ ਰੁਪਿੰਦਰ ਕੌਰ ਰੂਬੀ :** ਸਪੀਕਰ ਸਾਹਿਬ, ਇਹ ਇੱਕ ਸਕੀਮ ਨਹੀਂ, ਇਕ ਬਹੁਤ ਵੱਡਾ ਸਕੈਮ ਹੈ। (ਵਿਘਨ.....ਸ਼ੋਰ) ਜਿਸ ਦੇ ਰਾਹੀਂ ਯੂਥ ਦਾ ਡਾਟਾ ਕੁਲੈਕਟ ਕੀਤਾ ਗਿਆ ਅਤੇ ਉਸੇ ਡਾਟੇ ਦਾ ਵੋਟਾਂ ਪ੍ਰਾਪਤ ਕਰਨ ਲਈ ਇਸਤੇਮਾਲ ਕੀਤਾ ਗਿਆ। ਸਾਡੇ ਭੋਲੇ-ਭਾਲੇ ਯੂਥ ਨੂੰ ਵਰਤਿਆ ਗਿਆ। (ਵਿਘਨ.....ਸ਼ੋਰ) let me explain. ਸਪੀਕਰ ਸਾਹਿਬ, ਜੇ ਇਨ੍ਹਾਂ ਦੀ ਵੈਬਸਾਈਟ ਤੇ ਜਾਈਏ, ਕੈਪਟਨ ਸਮਾਰਟ ਕੁਨੈਕਟ.ਕਾਮ (captainsmartconnect.com) ਤੇ ਜਦੋਂ ਅਸੀਂ ਜਾਂਦੇ ਹਾਂ ਤਾਂ ਉਸ ਵੈਬਸਾਈਟ ਦੀ ਸਪੈਸੀਫਿਕੇਸ਼ਨਜ਼ ਦੇ ਅਕਾਰਡਿੰਗ ਜੋ ਲਿਖਿਆ ਗਿਆ ਹੈ, ਜਿਵੇਂ ਕਿ 16 ਐਮ.ਬੀ. ਰੀਅਰ ਕੈਮਰਾ, 5 ਐਮ.ਬੀ. ਸੈਲਫੀ ਕੈਮਰਾ, 3ਜੀ ਐਂਡ 4ਜੀ ਡਾਟਾ, 5 ਇੰਚ ਡਿਸਪਲੇਅ ਸਕਰੀਨ, ਇਨ੍ਹਾਂ ਸਪੈਸੀਫਿਕੇਸ਼ਨਜ਼ ਦੇ ਅਕਾਰਡਿੰਗ ਜੇ ਆਪਾਂ ਘੱਟੋ ਘੱਟ ਇਸ ਫੋਨ ਦੀ ਕੀਮਤ ਲਗਾਈਏ ਤਾਂ ਰਕਮ 4000 ਰੁਪਏ ਦੇ ਕਰੀਬ ਪਹੁੰਚ ਜਾਂਦੀ ਹੈ। ਇਸ ਮੁਤਾਬਕ 50 ਲੱਖ ਫੋਨਾਂ ਦੀ ਤਕਰੀਬਨ ਕੀਮਤ ਜਿਹੜੀ ਹੈ, ਉਹ 2000 ਕਰੋੜ ਰੁਪਏ ਦੇ ਕਰੀਬ ਪਹੁੰਚ ਜਾਵੇਗੀ। ਕਾਂਗਰਸ ਪਾਰਟੀ ਨੇ ਇਹ ਵਾਅਦਾ ਕੀਤਾ ਸੀ ਕਿ ਜਦੋਂ ਸਰਕਾਰ ਆ ਜਾਵੇਗੀ ਤਾਂ ਅਸੀਂ ਤਿੰਨ ਮਹੀਨਿਆਂ ਦੇ ਅੰਦਰ ਇਨ੍ਹਾਂ ਫੋਨਾਂ ਦੀ ਵੰਡ ਸ਼ੁਰੂ ਕਰ ਦੇਵਾਂਗੇ। ਜਿਵੇਂ ਕਿ ਅਸੀਂ ਸਾਰੇ ਹੀ ਜਾਣਦੇ ਹਾਂ ਕਿ ਸਰਕਾਰ ਦੇ ਤਿੰਨ ਮਹੀਨੇ ਪੂਰੇ ਹੋ ਚੁੱਕੇ ਹਨ। ਕੀ ਸਰਕਾਰ ਹੁਣ ਇਸ ਵਾਅਦੇ ਨੂੰ ਪੂਰਾ ਕਰਨ ਲਈ ਤਿਆਰ ਹੈ? ਕੀ ਸਰਕਾਰ ਇਹ ਖਰਚਾ ਕਰਨ ਲਈ ਤਿਆਰ ਹੈ? ਕਿਉਂਕਿ ਇਸੇ ਹੀ ਗਵਰਨਰ ਐਡਰੈਸ ਦੇ ਪੁਆਇੰਟ ਨੰਬਰ 13 ਅਤੇ 16 ਤੇ ਲਿਖਤੀ ਰੂਪ ਵਿੱਚ ਲਿਖਿਆ ਹੋਇਆ ਹੈ ਕਿ ਸਰਕਾਰੀ ਖਾਤੇ ਖਾਲੀ ਹਨ। ਸਰਕਾਰ ਇਸ ਵੇਲੇ ਕਿਸੇ ਵੀ ਤਰ੍ਹਾਂ ਦਾ ਕੋਈ ਵੀ ਫਾਲਤੂ ਖਰਚ ਝੱਲਣ ਦੀ ਹਾਲਤ ਵਿਚ ਨਹੀਂ ਹੈ। ਹੁਣ ਸਰਕਾਰ ਸਮਝਾਵੇ ਕਿ ਇਸ ਵਾਅਦੇ ਨੂੰ ਕਿਵੇਂ ਅਤੇ ਕਿਸ ਤਰ੍ਹਾਂ ਪੂਰਾ ਕੀਤਾ ਜਾਵੇਗਾ? (ਵਿਘਨ...ਸ਼ੋਰ) ਅਸੀਂ ਮਨ੍ਹਾ ਨਹੀਂ ਕਰ ਰਹੇ ਕਿ ਸਮਾਰਟ ਫੋਨ ਨਾ ਦਿਓ। (ਵਿਘਨ...ਸ਼ੋਰ)

**ਮਾਨਯੋਗ ਸਪੀਕਰ :** ਪਲੀਜ਼ ਵਾਈਂਡ ਅੱਪ ਕਰੋ ਜੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਕੁਲਜੀਤ ਸਿੰਘ ਨਾਗਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਮਿਸ ਰੁਪਿੰਦਰ ਕੌਰ ਰੂਬੀ :** ਮੈਂ ਇਥੇ ਇਕ ਗੱਲ ਮੁੱਖ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦੀ ਹਾਂ। (ਵਿਘਨ..ਸ਼ੋਰ)

**ਮਾਨਯੋਗ ਸਪੀਕਰ :** ਨਾਗਰਾ ਜੀ, ਪਲੀਜ਼ ਬੈਠੋ, ਉਹ ਪਹਿਲੀ ਵਾਰ ਬੋਲ ਰਹੇ ਹਨ, ਉਨ੍ਹਾਂ ਨੂੰ ਬੋਲਣ ਦਿਓ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਪਾਰਲੀਮੈਂਟਰੀ ਡੈਮੋਕਰੇਸੀ ਦਾ ਇਕ ਨਿਯਮ ਹੈ। ਸਾਰੇ

ਸਦਨਾਂ ਵਿਚ, ਚਾਹੇ ਲੋਕ ਸਭਾ ਹੋਵੇ ਜਾਂ ਵਿਧਾਨ ਸਭਾਵਾਂ ਹੋਣ, ਜਦੋਂ ਕੋਈ ਵੀ ਮੈਂਬਰ ਮੇਡ ਇਨ ਸਪੀਚ ਕਰਦਾ ਹੈ, ਅਸੀਂ ਡਿਸਟਰਬ ਨਹੀਂ ਕਰਦੇ। ਬੀਬੀ ਜੀ ਪਹਿਲੀ ਵਾਰ ਸਦਨ ਵਿਚ ਬੋਲ ਰਹੇ ਹਨ। I think we should all acknowledge that. (ਥੰਪਿੰਗ)

**ਮਿਸ ਰੁਪਿੰਦਰ ਕੌਰ ਰੂਬੀ :** ਧੰਨਵਾਦ ਮੁੱਖ ਮੰਤਰੀ ਜੀ। ਮੈਂ ਇਕ ਗੱਲ ਹੋਰ ਕਹਿਣਾ ਚਾਹੁੰਦੀ ਹਾਂ ਕਿ ਸਮਾਰਟ ਫੋਨ ਦੇਣ ਦੇ ਨਾਲ ਨਾਲ ਸਰਕਾਰ ਇਹ ਵੀ ਦੱਸੇ ਕਿ ਨੌਜੁਆਨਾਂ ਨੂੰ ਰੁਜ਼ਗਾਰ ਦੇਣ ਦਾ ਕੀ ਇੰਤਜ਼ਾਮ ਕੀਤਾ ਜਾ ਰਿਹਾ ਹੈ ? ਅਸੀਂ ਯੂਥ ਨੂੰ ਕਿਸ ਦਿਨ ਇੰਨਾ ਕਾਬਲ ਬਣਾ ਸਕਾਂਗੇ ਕਿ ਯੂਥ ਆਪਣਾ ਸਮਾਰਟ ਫੋਨ ਖੁਦ ਖਰੀਦ ਸਕੇ। ਸਪੀਕਰ ਸਾਹਿਬ, ਗਵਰਨਰ ਐਡਰੈਸ ਵਿਚ ਜਿਹੜੇ ਵਾਅਦੇ ਕੀਤੇ ਗਏ ਹਨ।

**ਮਾਨਯੋਗ ਸਪੀਕਰ :** ਪਲੀਜ਼ ਵਾਈਂਡ ਅੱਪ ਕਰੋ ਜੀ।

**ਮਿਸ ਰੁਪਿੰਦਰ ਕੌਰ ਰੂਬੀ :** ਸਪੀਕਰ ਸਾਹਿਬ, ਬੱਸ ਇਕ ਮਿੰਟ ਜੀ। ਸਰਕਾਰ ਦੇ ਤਿੰਨ ਮਹੀਨੇ ਪੂਰੇ ਹੋ ਗਏ ਹਨ ਤੇ ਮੁੱਖ ਮੰਤਰੀ ਜੀ ਇਹ ਵਿਸ਼ਵਾਸ਼ ਦਿਵਾਉਣ ਕਿ ਅਗਲੇ ਇਕ ਮਹੀਨੇ ਦੇ ਵਿਚ-ਵਿਚ ਇਹ ਸਮਾਰਟ ਫੋਨ ਯੂਥ ਨੂੰ ਵੰਡ ਦਿੱਤੇ ਜਾਣਗੇ। ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ।

**ਸਰਦਾਰ ਹਰਪਾਲ ਸਿੰਘ ਚੀਮਾ (ਦਿੜ੍ਹਬਾ, ਐਸ.ਸੀ.) :** ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਸਮਾਂ ਦਿੱਤਾ ਹੈ। ਗਵਰਨਰ ਐਡਰੈਸ ਦੇ ਪੈਰ੍ਹਾ ਨੰ: 7 ਤੇ ਲਿਖਿਆ ਹੈ ਕਿ ਮੇਰੀ ਸਰਕਾਰ ਨੇ ਸਾਰੇ ਪੱਧਰ ਤੇ ਨਿਯੁਕਤੀਆਂ ਅਤੇ ਤਰੱਕੀਆਂ ਆਦਿ ਵਿਚ ਪਾਰਦਰਸ਼ਤਾ ਨੀਤੀ ਰਾਹੀਂ ਸਾਡੇ ਅਧਿਕਾਰੀਆਂ ਦੇ ਮਨੋਬਲ ਤੇ ਵਿਸ਼ਵਾਸ਼ ਨੂੰ ਪੁਨਰ ਬਹਾਲ ਕਰਨ ਦਾ ਫੈਸਲਾ ਕੀਤਾ ਹੈ। ਮੈਂ ਮੁੱਖ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ 2017 ਦਾ ਪਹਿਲਾ ਐਡਵੋਕੇਟ ਐਕਟ ਆਇਆ ਹੈ ਕੀ ਉਹ 2006 ਦੇ ਰਿਜ਼ਰਵੇਸ਼ਨ ਐਕਟ ਦੀ ਉਲੰਘਣਾ ਨਹੀਂ ਹੈ? ਪੰਜਾਬ ਵਿਚ ਜਿਹੜੀਆਂ ਪਹਿਲੀਆਂ ਐਪਾਇੰਟਮੈਂਟਸ ਹੋਣ ਜਾ ਰਹੀਆਂ ਸਨ......।

**ਮਾਨਯੋਗ ਸਪੀਕਰ :** ਪਲੀਜ਼ ਚੇਅਰ ਨੂੰ ਐਡਰੈਸ ਕਰੋ।

**ਸਰਦਾਰ ਹਰਪਾਲ ਸਿੰਘ ਚੀਮਾ :** ਸੌਰੀ ਸਰ, ਮੈਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ 2017 ਦੇ ਐਡਵੋਕੇਟ ਐਕਟ ਅਧੀਨ ਪੋਸਟਾਂ ਐਡਵਰਟਾਈਜ਼ ਹੋਈਆਂ ਹਨ ਪਰ ਉਸ ਵਿਚ ਰਿਜ਼ਵਰਵੇਸ਼ਨ ਬਾਰੇ ਕੁਝ ਨਹੀਂ ਲਿਖਿਆ ਗਿਆ। ਕੀ ਇਹ 2006 ਦੇ ਰਿਜ਼ਰਵੇਸ਼ਨ ਐਕਟ ਦੀ ਉਲੰਘਣਾ ਨਹੀਂ ਹੈ। ਵਿਧਾਨ ਸਭਾ ਦੀ ਭਲਾਈ ਕਮੇਟੀ ਨੇ ਇਸ ਸਬੰਧੀ ਸਰਕਾਰ ਨੂੰ ਸਿਫਾਰਸ਼ਾਂ ਕੀਤੀਆਂ ਹਨ। ਮੈਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਸ ਕਮੇਟੀ ਦੀਆਂ ਸਿਫਾਰਸ਼ਾਂ ਤੇ ਕੋਈ ਅਮਲ ਹੋਵੇਗਾ ਜਾਂ ਨਹੀਂ? ਦੂਸਰਾ, ਮੈਂ ਪ੍ਰਸੋਨਲ ਵਿਭਾਗ ਸਬੰਧੀ ਆਪ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਪਿਛਲੇ

8-10 ਸਾਲਾਂ ਤੋਂ ਉਮੀਦਵਾਰ ਆਪਣੀ ਐਪਾਇੰਟਮੈਂਟ ਦੀ ਉਡੀਕ ਕਰ ਰਹੇ ਹਨ। ਪੀ.ਪੀ.ਐਸ.ਸੀ. ਨੇ ਰਿਕੁਮੈਂਡ ਕੀਤੇ ਹੋਏ ਹਨ ਪਰ ਉਹ ਅਸਾਮੀਆਂ ਕਿਉਂ ਨਹੀਂ ਭਰੀਆਂ ਜਾ ਰਹੀਆਂ। ਇਸ ਦਾ ਕਾਰਨ ਦੱਸਿਆ ਜਾਵੇ। ਤੀਸਰਾ ਰਾਈਟ ਟੂ ਐਜੂਕੇਸ਼ਨ ਐਕਟ ਤਹਿਤ ਪੰਜਾਬ ਵਿਚ ਕੇਂਦਰ ਸਰਕਾਰ ਦੀ ਵੀਕਰ ਸੈਕਸ਼ਨ, ਡਿਸਅਡਵਾਂਟੇਜ ਸੈਕਸ਼ਨ ਸਕੀਮ ਤਹਿਤ ਇਕ ਵੀ ਬੱਚੇ ਨੂੰ ਲਾਭ ਨਹੀਂ ਮਿਲਿਆ ਪਰ ਪੰਜਾਬ ਵਿਚ ਪਿਛਲੀ ਸਰਕਾਰ ਅਤੇ ਹੁਣ ਦੀ ਸਰਕਾਰ ਨੇ ਪਤਾ ਨਹੀਂ ਕਿਉਂ ਨਹੀਂ ਪੰਜਾਬ ਵਿਚ ਲਾਗੂ ਕੀਤਾ। ਨਿਯੁਕਤੀਆਂ ਦੀ ਗੱਲ ਹੋਈ ਹੈ। ਸਰਦਾਰ ਬਲਬੀਰ ਸਿੰਘ ਸਿੱਧੂ ਜੀ ਨੇ ਗੱਲ ਕੀਤੀ ਹੈ ਕਿ ਮੋਹਾਲੀ ਵਿਚ ਧਰਨੇ ਲਗਦੇ ਸੀ ਪਰ ਮੈਂ ਦੱਸਦਾ ਹਾਂ ਕਿ ਅੱਜ ਵੀ ਮੋਹਾਲੀ ਵਿਚ ਸੋਹਾਣਾ ਗੁਰਦੁਆਰਾ ਸਾਹਿਬ ਦੇ ਸਾਹਮਣੇ ਪੰਜਾਬ ਦੇ ਨੌਜੁਆਨ ਟੈਂਕੀ ਤੇ ਚੜ੍ਹੇ ਹੋਏ ਹਨ। ਇਸ ਤੋਂ ਇਲਾਵਾ ਮੈਂ ਹਾਊਸ ਤੋਂ ਮੰਗ ਕਰਦਾ ਹਾਂ ਕਿ ਬੜੇ ਲੰਮੇ ਸਮੇਂ ਤੋਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਜੱਜਾਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ, ਉਨ੍ਹਾਂ ਨੂੰ ਭਰਨ ਲਈ ਇਹ ਹਾਊਸ ਕੋਈ ਮਤਾ ਪਾਸ ਕਰਕੇ ਪ੍ਰਧਾਨ ਮੰਤਰੀ ਜੀ ਜਾਂ ਚੀਫ਼ ਜਸਟਿਸ ਨੂੰ ਭੇਜੇ ਤਾਂ ਜੋ ਇਹ ਆਸਾਮੀਆਂ ਭਰੀਆਂ ਜਾ ਸਕਣ।

**ਮਾਨਯੋਗ ਸਪੀਕਰ :** ਪਲੀਜ਼, ਵਾਈਂਡ ਅੱਪ ਕਰੋ ਜੀ।

**ਸਰਦਾਰ ਹਰਪਾਲ ਸਿੰਘ ਚੀਮਾ :** ਮੈਂ ਕਹਿਣਾ ਚਾਹੁੰਦਾ ਹਾਂ ਕਿ ਪ੍ਰਸੋਨਲ ਵਿਭਾਗ ਦੱਸੇ ਕਿ ਪੰਜਾਬ ਵਿਚ ਰਾਏ ਸਿੱਖ ਬਿਰਾਦਰੀ ਨੂੰ ਦਲਿਤ ਆਬਾਦੀ ਵਿੱਚ ਸ਼ਾਮਿਲ ਕਰਨ ਤੋਂ ਬਾਅਦ ਕੁੱਲ ਦਲਿਤ ਆਬਾਦੀ ਕਿੰਨੇ ਫ਼ੀਸਦੀ ਹੈ, 36 ਫ਼ੀਸਦੀ ਹੈ ਜਾਂ 37 ਫ਼ੀਸਦੀ ਹੈ? ਕਿਉਂਕਿ ਪ੍ਰਸੋਨਲ ਵਿਭਾਗ, ਭਲਾਈ ਵਿਭਾਗ ਅਤੇ ਵਿੱਤ ਵਿਭਾਗ ਤਿੰਨਾਂ ਕੋਲ ਵੱਖਰੇ-ਵੱਖਰੇ ਅੰਕੜੇ ਹਨ। ਇਹੀ ਕਾਰਨ ਹੈ ਕਿ ਅਸਾਮੀਆਂ ਸਹੀ ਢੰਗ ਨਾਲ ਨਹੀਂ ਭਰੀਆਂ ਜਾਂਦੀਆਂ। ਧੰਨਵਾਦ ਜੀ।

**ਸ਼੍ਰੀ ਐਨ.ਕੇ.ਸ਼ਰਮਾ (ਡੇਰਾਬੱਸੀ) :** ਧੰਨਵਾਦ ਸਪੀਕਰ ਸਾਹਿਬ, ਤੁਸੀਂ ਮੈਨੂੰ ਗਵਰਨਰ ਐਡਰੈਸ ਤੇ ਬੋਲਣ ਦਾ ਮੌਕਾ ਦਿੱਤਾ ਹੈ। ਟਾਈਮ ਬਹੁਤ ਥੋੜ੍ਹਾ ਹੈ, ਇਸ ਕਰਕੇ ਬਹੁਤੀਆਂ ਗੱਲਾਂ ਤਾਂ ਹੋਣੀਆਂ ਨਹੀਂ ਹਨ। ਸਪੀਕਰ ਸਾਹਿਬ, ਇਹ ਕਹਿਣਗੇ ਕਿ ਫਿਰ ਹਲਕਾ ਇੰਚਾਰਜ ਦੀ ਗੱਲ ਹੈ। (ਵਿਘਨ......ਸ਼ੋਰ)

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਮੈਨੂੰ ਬੋਲ ਲੈਣ ਦਿਓ।

**ਮਾਨਯੋਗ ਸਪੀਕਰ :** ਨਾਗਰਾ ਜੀ, ਪਲੀਜ਼ ਬੈਠੋ।

**ਸ਼੍ਰੀ ਐਨ ਕੇ ਸ਼ਰਮਾ :** ਨਾਗਰਾ ਜੀ, ਮੈਨੂੰ ਗੱਲ ਕਰ ਲੈਣ ਦਿਓ। ਮੈਂ ਤੁਹਾਡੀ ** * ਦੱਸਦਾ ਹਾਂ।

** Expunged as ordered by the Chair.

**ਮਾਨਯੋਗ ਸਪੀਕਰ :** ** ** ਸ਼ਬਦ ਨੂੰ ਐਕਸਪੰਜ ਕਰ ਦਿਓ।

**ਸ਼੍ਰੀ ਐਨ.ਕੇ. ਸ਼ਰਮਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ ਸਾਰੇ ਐਮ.ਐਲ.ਏ ਸਾਹਿਬਾਨ ਨੇ ਖਦਸ਼ਾ ਜ਼ਾਹਿਰ ਕੀਤਾ ਕਿ ਜੇ ਉਹ ਥੱਲੇ ਸੀ.ਐਮ. ਸਾਹਿਬ ਦੀ ਨਹੀਂ ਮੰਨਦੇ ਤਾਂ ਉਹ ਕੈਬਨਿਟ ਵਿੱਚੋਂ ਵਿਦਡਰਾਅ ਕਰ ਲੈਣ। ਆਹ, ਪੂਰਾ ਰਿਕਾਰਡ ਹੈ ਕਿ ਤੁਹਾਡੇ ਹਲਕਾ ਇਨਚਾਰਜ ਐਪਲੀਕੇਸ਼ਨਾਂ ਅਫਸਰਾਂ ਨੂੰ ਰਿਕੁਮੈਂਡ ਕਰਦੇ ਹਨ ਕਿ ਇਨ੍ਹਾਂ ਤੇ ਕਾਰਵਾਈ ਕੀਤੀ ਜਾਵੇ, ਇਸ ਦੀ ਕਾਪੀ ਮੈਂ ਹੁਣੇ ਸੀ.ਐਮ. ਸਾਹਿਬ ਨੂੰ ਭੇਜ ਦਿਆਂਗਾ। ਉਹ ਅਫਸਰਾਂ ਨੂੰ ਜੁਆਇੰਨ ਕਰਵਾਉਣ ਵਾਸਤੇ ਕਹਿੰਦੇ ਹਨ। (ਵਿਘਨ.......ਸ਼ੋਰ)

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਮੈਨੂੰ ਬੋਲ ਲੈਣ ਦਿਓ ਜੀ।

**ਮਾਨਯੋਗ ਸਪੀਕਰ :** ਹਾਂ ਜੀ, ਨਾਗਰਾ ਸਾਹਿਬ, ਦੱਸੋ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ** **

**Mr. Speaker :** No Point of Order.

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਗੱਲ ਤਾਂ ਪੂਰੀ ਹੋ ਲੈਣ ਦਿਓ ਜੀ। ਜੋ ਘੇਰਿਆ ਅਤੇ ਘੇਰ ਕੇ ਸਾਰੀ ਰਿਕਾਰਡਿੰਗ ਕੀਤੀ ਹੈ, ਉਹ ਯੂ ਟਿਊਬ ਤੇ ਪਈ ਹੈ, ਇੱਕ ਮਿਲੀਅਨ ਲੋਕਾਂ ਤੋਂ ਜ਼ਿਆਦਾ ਲੋਕਾਂ ਨੇ ਦੇਖੀ ਹੈ। ਕੁਝ ਤਾਂ ਸ਼ਰਮ ਕਰੋ।

**ਸਰਦਾਰ ਅਜੀਤ ਸਿੰਘ ਕੋਹਾੜ :** ** **

**ਮਾਨਯੋਗ ਸਪੀਕਰ :** ਇਹ ਐਕਸਪੰਜ ਕਰ ਦਿਓ।

**ਸ਼੍ਰੀ ਐਨ.ਕੇ.ਸ਼ਰਮਾ :** ਸਪੀਕਰ ਸਾਹਿਬ, ਜੇ ਕੋਈ ਕਮੀ ਰਹਿ ਗਈ ਸੀ ਤਾਂ ਹੀ ਇੱਥੇ ਬੈਠੇ ਹਾਂ। (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ ) ਸਪੀਕਰ ਸਾਹਿਬ, ਇਹ ਹੁਣੇ ਕਹਿ ਰਹੇ ਸਨ ਕਿ ਕੋਈ ਧੱਕਾ ਨਹੀਂ ਕੋਈ ਮੁੱਕੀ ਨਹੀਂ, 7 ਪਰਚੇ ਤਾਂ ਮੇਰੇ ਹਲਕੇ ਵਿੱਚ ਦਰਜ ਹੋਏ ਹਨ। ਇੱਕ ਐਸ.ਸੀ ਪਵਨ ਕੁਮਾਰ, ਐਮ.ਸੀ ਤੇ ਲੱਕੀ, ਐਮ.ਸੀ ਤੇ, ਦੋ ਮੇਰੇ ਛੋਟੇ ਭਰਾਵਾਂ ਤੇ, 5 ਕੌਂਸਲਰਾਂ ਤੇ, ਤਿੰਨ ਸਰਪੰਚਾਂ ਤੇ..... (ਵਿਘਨ......ਸ਼ੋਰ) (ਟਰੇਜ਼ਰੀ ਬੈਂਚਿਜ਼ ਵੱਲੋਂ ਇੱਕ ਆਵਾਜ਼ : ਇਹ ਤਾਂ 7 ਤੋਂ ਵੱਧ ਗਏ) ਸਪੀਕਰ ਸਾਹਿਬ 150 ਪਰਚਿਆਂ ਦੀ ਲਿਸਟ ਹੈ। ਸੀ.ਐਮ ਸਾਹਿਬ ਪਰੂਵ ਕਰ ਦੇਣ ਕਿ ਜੇ ਇੱਕ ਵੀ ਕੇਸ ਸੱਚਾ ਹੋਏਗਾ ਤਾਂ ਮੈਂ ਸੱਤਾ ਤੋਂ ਰਿਜ਼ਾਇਨ ਕਰ ਦਿਆਂਗਾ। (ਵਿਘਨ) ਮੈਂ ਟੇਬਲ ਤੇ ਰੱਖ ਦਿਆਂਗਾ ਐਫ.ਆਈ.ਆਰ ਨੰਬਰ, ਡੇਟ ਤੇ ਲਿਸਟ ਅਤੇ ਸਭ ਤੋਂ ਵੱਡੀ ਗੱਲ ਕਿ ਹੁਣ ਤੁਸੀਂ ਲਿਸਟਾਂ ਬਣਾ ਕੇ ਦਰਜ ਕਰੋਗੇ। ਇਕੋ ਵਾਰ ਹੀ ਸਾਰੇ ਵਿਰੋਧੀ ਅੰਦਰ ਕਰ ਦਿਓ।

**ਮਾਨਯੋਗ ਸਪੀਕਰ :** ਪਲੀਜ਼ ਵਾਈਂਡ-ਅੱਪ ਕਰੋ।

---

** Expunged as ordered by the Chair.

**ਸਰਦਾਰ ਬਲਬੀਰ ਸਿੰਘ ਸਿੱਧੂ :** ਪੁਆਇੰਟ ਆਫ ਆਰਡਰ। (ਵਿਘਨ......ਸ਼ੋਰ)

**ਮਾਨਯੋਗ ਸਪੀਕਰ :** ਤੁਸੀਂ ਸਾਰੇ ਇੱਕ ਮਿੰਟ ਚੁੱਪ ਕਰੋ। ਹਾਂ ਜੀ, ਤੁਸੀਂ ਦੱਸੋ ਸਿੱਧੂ ਸਾਹਿਬ।

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਇਹ ਜਿਹੜਾ ਸੱਜਣ ਬੋਲ ਰਿਹਾ ਹੈ ਕਿ ਸਤ ਪਰਚੇ ਹੋ ਗਏ, ਚਲੋ ਵੈਸੇ ਤਾਂ ਕੈਪਟਨ ਸਾਹਿਬ ਨੇ ਇਨਵੈਸਟੀਗੇਸ਼ਨ ਮਾਰਕ ਕੀਤੀ ਹੋਈ ਹੈ ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ 2010 ਦੇ ਵਿੱਚ ਮੈਂ ਦਿੱਲੀ ਸੀ, ਮੇਰਾ ਭਰਾ ਵਿਆਹ ਤੇ ਗਿਆ ਸੀ। ਇਸ ਸੱਜਣ ਨੇ ਸੁੱਤੇ ਪਿਆਂ ਤੇ ਮਰਡਰ ਦਾ ਕੇਸ ਦਰਜ ਕਰਵਾਇਆ ਸੀ, ਢਾਈ ਵਜੇ ਸੁਖਬੀਰ ਨੂੰ ਉਠਾ ਕੇ (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ... ਦੂਜੀ ਗੱਲ ਸਾਡਾ ਸਰਪੰਚ ਸਾਢੇ ਛੇ ਸਾਲ ਨਜਾਇਜ਼ ਅੰਦਰ ਰਿਹਾ ਹੈ। ਹੁਣ ਜ਼ਮਾਨਤ ਹੋਈ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਸ਼ਰਮਾ ਜੀ, ਤੁਸੀਂ ਕਹਿੰਦੇ ਹੋ ਕਿ ਧੱਕਾ ਹੋਇਆ ਹੈ, ਪਰ ਕੋਈ ਧੱਕਾ ਨਹੀਂ ਹੋਇਆ। ਧੱਕਾ ਜਿਸ ਨਾਲ ਹੋਇਆ, ਉਹ ਅਸੀਂ ਬੈਠੇ ਹਾਂ। ਨੌਂ ਸੌ ਚੂਹੇ ਖਾ ਕੇ ਬਿੱਲੀ ਹੱਜ ਨੂੰ ਚੱਲੀ। (ਵਿਘਨ......ਸ਼ੋਰ)

**ਮਾਨਯੋਗ ਸਪੀਕਰ :** ਸਿੱਧੂ ਸਾਹਿਬ, ਬੈਠੋ। (ਵਿਘਨ.....ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਬੋਲ ਰਹੇ ਸਨ ਅਤੇ ਸਦਨ ਵਿੱਚ ਸ਼ੋਰ ਕਾਰਨ ਕੁਝ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਸ਼੍ਰੀ ਐਨ.ਕੇ. ਸ਼ਰਮਾ :** ਸਪੀਕਰ ਸਾਹਿਬ, ਇਹ ਗੁਰਦੁਆਰੇ ਵਿੱਚ ਖੜ੍ਹ ਕੇ ਸਹੁੰ ਖਾ ਲੈਣ ਕਿ ਮੈਂ ਇੰਡੀਆ ਵਿੱਚ ਹੀ ਸੀ, ਮੈਂ ਪਰਚਾ ਦਰਜ ਕਰਵਾਇਆ, ਮੈਂ ਅੱਜ ਹੀ ਅੰਮ੍ਰਿਤਸਰ ਵਿੱਚ ਜਾ ਕੇ ਰਿਜ਼ਾਈਨ ਦੇ ਦੇਵਾਂਗਾ। (ਵਿਘਨ......ਸ਼ੋਰ) ਇਹ ** ** । (ਵਿਘਨ......ਸ਼ੋਰ) ਜ਼ਮੀਨ ਤੇ ਕਬਜ਼ਾ ਇਨ੍ਹਾਂ ਨੇ ਕੀਤਾ। ਕਤਲ ਉਥੇ ਹੋਇਆ। (ਵਿਘਨ.......ਸ਼ੋਰ) ਪੰਜਾਬ ਪੁਲਿਸ ਨੇ ਮਦਦ ਕਰਕੇ ਇਨ੍ਹਾਂ ਦੋਵਾਂ ਭਰਾਵਾਂ ਨੂੰ ਉਥੋਂ ਕੱਢਿਆ।

**ਮਾਨਯੋਗ ਸਪੀਕਰ :** ** ** ਸ਼ਬਦ ਐਕਸਪੰਜ ਕਰ ਦਿੱਤੇ ਜਾਣ।

**ਸ਼੍ਰੀ ਐਨ. ਕੇ. ਸ਼ਰਮਾ :** ਸਪੀਕਰ ਸਾਹਿਬ ......(ਵਿਘਨ.....ਸ਼ੋਰ)

**ਮਾਨਯੋਗ ਸਪੀਕਰ :** ਧੰਨਵਾਦ, ਤੁਹਾਡਾ ਟਾਈਮ ਹੋ ਗਿਆ ਹੈ। ਸਰਵਜੀਤ ਕੌਰ ਜੀ।

**ਸ਼੍ਰੀ ਐਨ. ਕੇ. ਸ਼ਰਮਾ :** ਸਪੀਕਰ ਸਾਹਿਬ, ਮੈਨੂੰ ਬੋਲਣ ਦਾ ਮੌਕਾ ਹੀ ਨਹੀਂ ਦਿੱਤਾ। (ਵਿਘਨ.....ਸ਼ੋਰ)

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ (ਜਗਰਾਉਂ, ਐਸ.ਸੀ.) :** ਮਾਨਯੋਗ ਸਪੀਕਰ ਸਾਹਿਬ....... (ਵਿਘਨ.......ਸ਼ੋਰ)

---

** Expunged as ordered by the Chair.

**ਮਾਨਯੋਗ ਸਪੀਕਰ :** ਉਹ ਪਹਿਲੀ ਵਾਰ ਬੋਲ ਰਹੇ ਹਨ। (ਵਿਘਨ......ਸ਼ੋਰ) ਪਲੀਜ਼ ਬੈਠੋ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਮਾਨਯੋਗ ਸਪੀਕਰ ਸਾਹਿਬ, ਮੈਂ ਰਾਜਪਾਲ ਜੀ ਦੇ ਭਾਸ਼ਣ ਦੇ ਪੈਰ੍ਹਾ ਨੰਬਰ 29 ਵੱਲ ਧਿਆਨ ਦਿਵਾਉਣਾ ਚਾਹੁੰਦੀ ਹਾਂ। (ਵਿਘਨ.......ਸ਼ੋਰ) ਮੈਂ ਚਾਹੁੰਦੀ ਹਾਂ ਕਿ ਇਸ ਤੇ ਮਾਨਯੋਗ ਮੁੱਖ ਮੰਤਰੀ ਜੀ ਅਤੇ ਸਿੱਖਿਆ ਮੰਤਰੀ ਜੀ ਵੀ ਧਿਆਨ ਦੇਣ। (ਵਿਘਨ......ਸ਼ੋਰ)

**ਸ਼੍ਰੀ ਐਨ. ਕੇ. ਸ਼ਰਮਾ :** ਸਪੀਕਰ ਸਾਹਿਬ, ਮੈਨੂੰ ਬੋਲਣ ਦਾ ਟਾਈਮ ਹੀ ਨਹੀਂ ਦਿੱਤਾ। (ਵਿਘਨ.....ਸ਼ੋਰ)

**ਮਾਨਯੋਗ ਸਪੀਕਰ :** ਸਰਵਜੀਤ ਕੌਰ ਜੀ, ਤੁਸੀਂ ਬੋਲੋ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਮਾਨਯੋਗ ਸਪੀਕਰ ਸਾਹਿਬ, ਸਮਾਂ ਦੇਣ ਲਈ ਬਹੁਤ ਬਹੁਤ ਧੰਨਵਾਦ। ਮੈਂ ਤੁਹਾਡਾ ਧਿਆਨ........(ਵਿਘਨ......ਸ਼ੋਰ) ਤੁਸੀਂ ਪਹਿਲਾਂ ਇਨ੍ਹਾਂ ਨੂੰ ਚੁੱਪ ਕਰਵਾਉ ਤਾਂ ਕਿ ਮੈਂ ਆਪਣੀ ਗੱਲ ਰੱਖ ਸਕਾਂ। (ਵਿਘਨ......ਸ਼ੋਰ)

**ਮਾਨਯੋਗ ਸਪੀਕਰ :** ਤੁਸੀਂ ਬੋਲੋ ਜੀ। (ਵਿਘਨ.....ਸ਼ੋਰ)

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਮਾਨਯੋਗ ਸਪੀਕਰ ਸਾਹਿਬ, ਮੈਂ ਰਾਜਪਾਲ ਜੀ ਦੇ ਭਾਸ਼ਣ ਦੇ ਪੈਰ੍ਹਾ ਨੰਬਰ 29 ਵੱਲ ਧਿਆਨ ਦਿਵਾਉਣਾ ਚਾਹੁੰਦੀ ਹਾਂ। (ਵਿਘਨ......ਸ਼ੋਰ) ਮੈਂ ਚਾਹੁੰਦੀ ਹਾਂ ਕਿ ਇਸ ਤੇ ਮਾਨਯੋਗ ਮੁੱਖ ਮੰਤਰੀ ਜੀ ਅਤੇ ਸਿੱਖਿਆ ਮੰਤਰੀ ਜੀ ਵੀ ਧਿਆਨ ਦੇਣ। (ਵਿਘਨ......ਸ਼ੋਰ) ਅੱਜ ਇਸ ਪਵਿੱਤਰ ਸਦਨ ਵਿੱਚ ਜਿੰਨੇ ਵੀ ਲੋਕ ਬੈਠੇ ਹਨ........ (ਵਿਘਨ......ਸ਼ੋਰ)

**ਮਾਨਯੋਗ ਸਪੀਕਰ :** ਪਾਰਲੀਮਾਨੀ ਅਫੇਅਰਜ਼ ਵਜ਼ੀਰ ਸਾਹਿਬ ਖੜ੍ਹੇ ਹਨ। (ਵਿਘਨ......ਸ਼ੋਰ)

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੈਡਮ ਪਹਿਲੀ ਵਾਰੀ ਬੋਲ ਰਹੇ ਹਨ, ਇਨ੍ਹਾਂ ਨੂੰ ਬੋਲਣ ਦਿੱਤਾ ਜਾਵੇ, ਟਾਈਮ ਦਿੱਤਾ ਜਾਵੇ। (ਵਿਘਨ.....ਸ਼ੋਰ)

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਮੈਂ ਤੁਹਾਡਾ ਧਿਆਨ ਦਿਵਾਉਣਾ ਚਾਹੁੰਦੀ ਹਾਂ......

> (ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ** ਨਾਅਰੇ ਮਾਰਦੇ ਹੋਏ ਵੈੱਲ ਆਫ ਦਿ ਹਾਊਸ ਵਿੱਚ ਆ ਗਏ। ਸਦਨ ਵਿੱਚ ਕਾਫੀ ਸ਼ੋਰ ਸੀ। ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਨਯੋਗ ਸਪੀਕਰ :** ਪਲੀਜ਼ ਬੈਠੋ। (ਵਿਘਨ......ਸ਼ੋਰ) (ਵੈੱਲ ਆਫ ਦਿ ਹਾਊਸ ਵਿੱਚ

---

** Not recorded as ordered by the Chair.

ਖੜ੍ਹੇ ਮੈਂਬਰਾਂ ਵੱਲ ਇਸ਼ਾਰਾ ਕਰਕੇ) ਤੁਹਾਡਾ ਟਾਈਮ ਹੋ ਗਿਆ ਸੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਪੰਜਾਬ ਵਿੱਚ ਸਿੱਖਿਆ ਦਾ ਪੱਧਰ ਕਿਸ ਤਰ੍ਹਾਂ ਉਚਾ ਚੁੱਕਿਆ ਜਾ ਸਕੇ ਪਰ ਬਹੁਤ ਮਾੜੀ ਗੱਲ ਹੈ ਕਿ ਇੰਨੇ ਐਫਰਟਸ ਕਰਨ ਤੋਂ ਬਾਅਦ ਸਾਡੇ ਪੰਜਾਬ ਵਿੱਚ ਸਿੱਖਿਆ ਦਾ ਪੱਧਰ ਦਿਨ ਪ੍ਰਤੀ ਦਿਨ ਡਿੱਗਦਾ ਜਾ ਰਿਹਾ ਹੈ। (ਵਿਘਨ......ਸ਼ੋਰ).... ਇਸ ਕਰਕੇ ਪੰਜਾਬ ਵਿੱਚ ਸਰਕਾਰੀ ਸਕੂਲਾਂ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਪੰਜਾਬ ਵਿੱਚ 7,000 ਪ੍ਰਾਈਵੇਟ ਸਕੂਲ ਹਨ ਅਤੇ 10,000 ਸਰਕਾਰੀ ਸਕੂਲ ਹਨ। (ਵਿਘਨ......ਸ਼ੋਰ) ਪਰ ਅੱਜ 52% ਲੋਕ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਾਉਣਾ ਚਾਹੁੰਦੇ ਹਨ। (ਵਿਘਨ......ਸ਼ੋਰ) ਕਿਉਂਕਿ ਉਹ ਕਹਿੰਦੇ ਹਨ ਕਿ ਸਾਨੂੰ ਸਰਕਾਰੀ ਸਕੂਲਾਂ ਵਿੱਚ ਉਹ ਇਨਫਰਾਸਟਰੱਕਚਰ ਨਹੀਂ ਮਿਲ ਸਕਦਾ ਜਿਹੜਾ ਪ੍ਰਾਈਵੇਟ ਸਕੂਲਾਂ ਵਿੱਚ ਮਿਲ ਸਕਦਾ ਹੈ। ਬਹੁਤ ਹੀ ਮੰਦਭਾਗੀ ਗੱਲ ਹੈ ਕਿ ਸਰਕਾਰ ਦੇ ਇੰਨੇ ਐਫਰਟਸ ਦੇ ਬਾਵਜੂਦ ਵੀ........(ਵਿਘਨ......ਸ਼ੋਰ)

**ਮਾਨਯੋਗ ਸਪੀਕਰ :** (ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਮੈਂਬਰਾਂ ਵੱਲ ਇਸ਼ਾਰਾ ਕਰਦੇ ਹੋਏ) ਤੁਹਾਡੇ 23 ਮਿੰਟ ਬਣਦੇ ਸਨ ਪਰ ਮੈਂ 24 ਦਿੱਤੇ ਹਨ। (ਵਿਘਨ......ਸ਼ੋਰ) ਢੀਂਡਸਾ ਸਾਹਿਬ, 24 ਮਿੰਟ ਦਿੱਤੇ ਹਨ ਪਰ ਬਣਦੇ 23 ਸਨ। (ਵਿਘਨ........ਸ਼ੋਰ) ਇਹ ਹਿਸਾਬ ਤੁਸੀਂ ਨਹੀਂ ਰੱਖਣਾ। (ਵਿਘਨ........ਸ਼ੋਰ)

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਅੱਜ ਪੰਜਾਬ ਵਿੱਚ 29,000 ਪੋਸਟਾਂ ਖਾਲੀ ਹਨ। ਪੰਜਾਬ ਵਿੱਚ ਜਿੰਨੇ ਵੀ ਸਕੂਲ ਹਨ, ਇਨ੍ਹਾਂ ਸਕੂਲਾਂ ਵਿੱਚੋਂ ਬਹੁਤੇ ਸਕੂਲਾਂ ਵਿੱਚ ਬਹੁਤ ਹੀ ਮੰਦ ਭਾਗੀ ਗੱਲ ਹੈ ਕਿ 1400 ਸਕੂਲ ਐਸੇ ਹਨ, ਜਿਨ੍ਹਾਂ ਦੀ ਕੋਈ ਬਾਊਂਡਰੀ ਵਾਲ ਨਹੀਂ ਹੈ। 150 ਸਕੂਲ ਐਸੇ ਹਨ, ਜਿਨ੍ਹਾਂ ਵਿੱਚ ਲੜਕੇ ਅਤੇ ਲੜਕੀਆਂ ਲਈ ਬਾਥਰੂਮ ਨਹੀਂ ਹੈ। (ਵਿਘਨ......ਸ਼ੋਰ) ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਆਮ ਰਾਹੀਂ ਇਹ ਕਹਿਣਾ ਚਾਹੁੰਦੀ ਹਾਂ.......

-----

## WALK-OUT

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਦੇ ਹਾਜ਼ਰ ਸਮੂਹ ਮੈਂਬਰ ਬਹਿਸ ਵਿੱਚ ਬੋਲਣ ਲਈ ਸਮਾਂ ਨਾ ਦਿੱਤੇ ਜਾਣ ਦੇ ਰੋਸ ਵਜੋਂ ਸਰਕਾਰ ਵਿਰੋਧੀ** ਨਾਅਰੇ ਮਾਰਦੇ ਹੋਏ ਸਦਨ ਵਿੱਚੋਂ ਵਾਕ ਆਊਟ ਕਰ ਗਏ, ਜਿਹੜੇ ਕਿ ਚੇਅਰ ਦੀ ਆਗਿਆ ਨਾਲ ਰਿਕਾਰਡ ਨਹੀਂ ਕੀਤੇ ਗਏ।)

-----

** Not recorded as ordered by the Chair.

## MOTION OF THANKS AND DISCUSSION ON GOVERNOR'S ADDRESS *(Resumption)*

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਮੈਂ ਕਹਿਣਾ ਚਾਹੁੰਦੀ ਹਾਂ ਕਿ ਕਦੋਂ ਤੱਕ ਸਾਡੇ ਬੱਚਿਆਂ ਨੂੰ ਇਸ ਤਰ੍ਹਾਂ ਨਿਗਲੈਕਟ ਕੀਤਾ ਜਾਵੇਗਾ। ਸਪੀਕਰ ਸਾਹਿਬ, ਮੇਰਾ ਟਾਈਮ ਐਕਸਟੈਂਡ ਹੋਣਾ ਚਾਹੀਦਾ ਹੈ।

**ਮਾਨਯੋਗ ਸਪੀਕਰ :** ਤੁਸੀਂ ਬੋਲੋ ਜੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਸਪੀਕਰ ਸਾਹਿਬ, ਅੱਜ ਦੇ ਹਾਲਾਤ ਐਸੇ ਹਨ ਕਿ ਸਾਡੇ ਲਗਭਗ 29 ਹਜ਼ਾਰ ਦੇ ਨੇੜੇ-ਤੇੜੇ ਸਕੂਲ ਹੋ ਗਏ ਹਨ, ਜਿਨ੍ਹਾਂ ਵਿੱਚੋਂ 1400 ਸਕੂਲ ਐਸੇ ਹਨ, ਜਿਨ੍ਹਾਂ ਦੀ ਬਾਊਂਡਰੀ ਵਾਲ ਨਹੀਂ ਹੈ.....

**ਮਾਨਯੋਗ ਸਪੀਕਰ :** ਧੰਨਵਾਦ। ਸਰਵਜੀਤ ਕੌਰ ਜੀ, ਤੁਸੀਂ ਸੋਮਵਾਰ ਨੂੰ ਆਪਣੀ ਬਹਿਸ ਜਾਰੀ ਕਰ ਲੈਣਾ।

ਹੁਣ ਸਦਨ, ਸੋਮਵਾਰ ਮਿਤੀ 19 ਜੂਨ, 2017 ਦੇ 2.00 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੁੰਦਾ ਹੈ।

*3.00 ਵਜੇ ਬਾਅਦ ਦੁਪਹਿਰ

(*ਇਸ ਉਪਰੰਤ ਸਦਨ ਸੋਮਵਾਰ, ਮਿਤੀ 19 ਜੂਨ, 2017 ਦੇ 2.00 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੋ ਗਿਆ।

-----

# APPENDIX
# TO
# PUNJAB VIDHAN SABHA
# DEBATES

Friday, the 16th June, 2017

*Vol. II-No. 2*

**STARED QUESTIONS AND ANSWERS**

## ਛੇਵੇਂ ਤਨਖਾਹ ਕਮਿਸ਼ਨ ਨੂੰ ਲਾਗੂ ਕਰਨਾ

***423. ਸਰਦਾਰ ਬਲਵਿੰਦਰ ਸਿੰਘ ਬੈਂਸ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਪੰਜਾਬ ਸਰਕਾਰ ਦੁਆਰਾ 6ਵੇਂ ਤਨਖਾਹ ਕਮਿਸ਼ਨ ਨੂੰ ਲਾਗੂ ਕਰਨ ਦੇ ਸਬੰਧ ਵਿੱਚ ਕੀ ਕਦਮ ਚੁੱਕੇ ਗਏ ਹਨ ਅਤੇ ਇਸ ਨੂੰ ਕਦੋਂ ਤੱਕ ਲਾਗੂ ਕਰ ਦਿੱਤਾ ਜਾਵੇਗਾ ?

(ਅ) ਕੀ ਉਪਰੋਕਤ ਭਾਗ (ੳ) ਵਿੱਚ ਵਰਣਿਤ ਤਨਖਾਹ ਕਮਿਸ਼ਨ ਨੂੰ ਲਾਗੂ ਕਰਨ ਵਿੱਚ ਕੁਝ ਔਕੜਾਂ ਆ ਰਹੀਆਂ ਹਨ, ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਦੇ ਵੇਰਵੇ ਕੀ ਹਨ ?

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਸ਼੍ਰੀਮਾਨ ਜੀ,

(ੳ) ਪੰਜਾਬ ਸਰਕਾਰ (ਪ੍ਰਸੋਨਲ ਵਿਭਾਗ) ਵੱਲੋਂ ਆਪਣੇ ਨੋਟੀਫਿਕੇਸ਼ਨ ਮਿਤੀ 24-02-2016 ਰਾਹੀਂ 6ਵੇਂ ਤਨਖਾਹ ਕਮਿਸ਼ਨ ਦਾ ਗਠਨ ਕੀਤਾ ਗਿਆ ਹੈ ਅਤੇ ਮਿਤੀ 04-11-2016 ਨੂੰ ਜਾਰੀ ਸੇਵਾ ਸ਼ਰਤਾਂ ਅਨੁਸਾਰ ਇਹ ਕਮਿਸ਼ਨ ਆਪਣੇ ਗਠਨ ਦੀ ਮਿਤੀ ਤੋਂ 12 ਮਹੀਨਿਆਂ ਦੇ ਸਮੇਂ ਅੰਦਰ ਆਪਣੀਆਂ ਸਿਫਾਰਸ਼ਾਂ ਸਰਕਾਰ ਨੂੰ ਪੇਸ਼ ਕਰੇਗਾ। ਤਨਖਾਹ ਕਮਿਸ਼ਨ ਦੀ ਰਿਪੋਰਟ ਪ੍ਰਾਪਤ ਹੋਣ ਉਪਰੰਤ ਇਸ ਨੂੰ ਲਾਗੂ ਕਰਨ ਬਾਰੇ ਫੈਸਲਾ ਕੀਤਾ ਜਾਵੇਗਾ।

(ਅ) ਤਨਖਾਹ ਕਮਿਸ਼ਨ ਦੀ ਰਿਪੋਰਟ ਅਜੇ ਪ੍ਰਾਪਤ ਨਹੀਂ ਹੋਈ ਹੈ।

-----

## ਨੌਕਰੀ ਵਿੱਚ ਉਪਰਲੀ ਉਮਰ ਸੀਮਾ ਵਧਾਉਣਾ

***354. ਸਰਦਾਰ ਪਿਰਮਲ ਸਿੰਘ ਧੌਲਾ :** ਕੀ ਰੋਜ਼ਗਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਰਿਆਣਾ ਸਰਕਾਰ ਦੀ ਤਰਜ ਤੇ ਬੇਰੋਜ਼ਗਾਰ ਨੌਜਵਾਨਾਂ ਦੀ ਉਪਰਲੀ ਉਮਰ ਸੀਮਾ 42 ਸਾਲ ਕਰਨ ਦਾ ਸਰਕਾਰ ਦਾ ਕੋਈ ਵਿਚਾਰ ਹੈ; ਜੇਕਰ ਹਾਂ ਤਾਂ ਕਦੋਂ ਤੱਕ ?

**ਕੈਪਟਨ ਅਮਰਿੰਦਰ ਸਿੰਘ (ਮੁੱਖ ਮੰਤਰੀ) :** ਨਹੀਂ ਜੀ।

-----

## UNSTARED QUESTIONS AND ANSWERS

## ਵੰਡੀਆਂ ਗਈਆਂ ਅਖਤਿਆਰੀ ਗ੍ਰਾਂਟਾ

**40. ਸਰਦਾਰ ਪਰਮਿੰਦਰ ਸਿੰਘ ਪਿੰਕੀ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

(ੳ) ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਦੁਆਰਾ 01 ਅਪ੍ਰੈਲ, 2012 ਤੋਂ 31 ਜਨਵਰੀ, 2017 ਦੌਰਾਨ ਵੰਡੀਆਂ ਗਈਆਂ ਅਖਤਿਆਰੀ ਗ੍ਰਾਂਟਾਂ ਦੇ ਵਿੱਤੀ ਸਾਲ ਵਾਰ ਵੇਰਵੇ ਕੀ ਹਨ :

(ਅ) ਉਪਰੋਕਤ ਗ੍ਰਾਟਾਂ ਪ੍ਰਾਪਤ ਕਰਨ ਵਾਲਿਆਂ ਦੇ ਨਾਮ ਅਤੇ ਪਤੇ ਕੀ-ਕੀ ਹਨ ਅਤੇ ਉਕਤ ਗ੍ਰਾਂਟਾਂ ਕਿਸ-ਕਿਸ ਕੰਮ ਲਈ ਵਰਤੀਆਂ ਗਈਆਂ ਹਨ ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਸ਼੍ਰੀਮਾਨ ਜੀ,

(ੳ) ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਦੁਆਰਾ 01 ਅਪ੍ਰੈਲ, 2012 ਤੋਂ 31 ਜਨਵਰੀ, 2017 ਦੌਰਾਨ ਵੰਡੀਆਂ ਗਈਆਂ ਅਖਤਿਆਰੀ ਗ੍ਰਾਂਟਾਂ ਦੇ ਵਿੱਤੀ ਸਾਲ-ਵਾਰ ਵੇਰਵੇ ਅਨੁਲੱਗ ੲ** ਅਤੇ ਸ** ਤੇ ਹਨ।

(ਅ) ਗ੍ਰਾਂਟਾਂ ਪ੍ਰਾਪਤ ਕਰਨ ਵਾਲਿਆਂ ਦੇ ਨਾਮ, ਪਤੇ ਅਤੇ ਉਕਤ ਗ੍ਰਾਂਟ ਕਿਸ-ਕਿਸ ਕੰਮ ਲਈ ਵਰਤੀਆਂ ਗਈਆਂ ਹਨ, ਦੇ ਵੇਰਵੇ ਅਨੁਲੱਗ ਹ** ਅਤੇ ਕ** ਤੇ ਹਨ।

-----

** Placed in the Revisor Branch.

## ਸਰਕਾਰੀ ਪ੍ਰਾਇਮਰੀ, ਮਿਡਲ, ਹਾਈ ਅਤੇ ਸੈਕੰਡਰੀ ਸਕੂਲਾਂ ਵਿੱਚ ਬਿਜਲੀ ਦੇ ਬਿੱਲਾਂ ਦੀ ਅਦਾਇਗੀ ਸਬੰਧੀ

**41. ਸਰਦਾਰ ਬਲਦੇਵ ਸਿੰਘ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦਸਣਗੇ ਕਿ :-

(ੳ) ਕੀ ਇਹ ਠੀਕ ਹੈ ਕਿ ਰਾਜ ਦੇ ਸਰਕਾਰੀ ਪ੍ਰਾਇਮਰੀ, ਮਿਡਲ, ਹਾਈ ਅਤੇ ਸੈਕੰਡਰੀ ਸਕੂਲਾਂ ਵਿੱਚ ਬਿਜਲੀ ਦੇ ਬਿੱਲ ਅਦਾ ਕਰਨ ਦਾ ਕੋਈ ਪ੍ਰਬੰਧ ਨਹੀਂ ਹੈ ? ਜੇਕਰ ਅਜਿਹਾ ਹੈ ਤਾਂ ਕੀ ਸਰਕਾਰ ਇਸ ਕੰਮ ਲਈ ਕੋਈ ਫੰਡ ਮੁਹੱਈਆ ਕਰਨ ਦਾ ਵਿਚਾਰ ਰੱਖਦੀ ਹੈ।

(ਅ) ਕੀ ਇਹ ਵੀ ਠੀਕ ਹੈ ਕਿ ਬਹੁਤ ਸਾਰੇ ਸਕੂਲਾਂ ਵਿੱਚ ਇਸ ਵਕਤ ਬਿਜਲੀ ਦੇ ਕੁਨੈਕਸ਼ਨ ਕੱਟੇ ਹਨ; ਜੇਕਰ ਅਜਿਹਾ ਹੈ ਤਾਂ ਇਸ ਬਾਰੇ ਕੀ ਕਾਰਵਾਈ ਕੀਤੀ ਜਾ ਰਹੀ ਹੈ ?

**ਸ਼੍ਰੀਮਤੀ ਅਰੁਨਾ ਚੌਧਰੀ :**

(ੳ) ਨਹੀਂ ਜੀ।

(ਅ) ਨਹੀਂ ਜੀ। ਇਸ ਵਕਤ ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਕੋਈ ਵੀ ਬਿਜਲੀ ਦੇ ਕੁਨੈਕਸ਼ਨ ਨਹੀਂ ਕੱਟੇ ਹੋਏ ਹਨ।

-----

## ਪੰਜਾਬ ਇੰਸਟੀਚਿਊਟ ਆਫ ਮੈਡੀਕਲ ਸਾਇੰਸ, ਜਲੰਧਰ ਵਿੱਚ ਟੈਸਟ ਅਤੇ ਇਲਾਜ ਦੇ ਰੇਟ

**73. ਸ਼੍ਰੀ ਅਵਤਾਰ ਸਿੰਘ ਜੂਨੀਅਰ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

(ੳ) ਕੀ ਇਹ ਠੀਕ ਹੈ ਕਿ ਇਕਰਾਰਨਾਮੇ ਅਨੁਸਾਰ ਪੰਜਾਬ ਇੰਸਟੀਚਿਊਟ ਆਫ ਮੈਡੀਕਲ ਸਾਇੰਸ, ਜਲੰਧਰ (ਪਿੰਮਸ) ਨੂੰ ਮਰੀਜ਼ਾਂ ਦੇ ਟੈਸਟ ਅਤੇ ਇਲਾਜ ਦੇ ਰੇਟ ਪੀ.ਜੀ.ਆਈ., ਚੰਡੀਗੜ੍ਹ ਦੇ ਬਰਾਬਰ ਰੇਟਾਂ ਅਨੁਸਾਰ ਚਾਰਜ ਕਰਨੇ ਪੈਂਦੇ ਹਨ,

(ਅ) ਕੀ ਇਹ ਵੀ ਠੀਕ ਹੈ ਕਿ ਇੰਡੀਅਨ ਮੈਡੀਕਲ ਕੌਂਸਲ ਦੁਆਰਾ ਜਾਰੀ ਸੋਧਾਂ / ਰੂਲਾਂ ਅਨੁਸਾਰ ਰਿਟਾਇਰਮੈਂਟ ਦੀ ਉਮਰ ਤੋਂ ਬਾਅਦ ਡਾਕਟਰ ਕਾਲਜਾਂ ਵਿੱਚ ਕੰਮ ਨਹੀਂ ਕਰ ਸਕਦੇ ; ਜੇਕਰ ਹਾਂ ਤਾਂ ਕੀ ਇਸ ਦੀ ਇਸ ਇੰਸਟੀਚਿਊਟ ਵਿੱਚ ਪਾਲਣਾ ਹੋ ਰਹੀ ਹੈ;

(ੲ) ਕੀ ਇਹ ਵੀ ਠੀਕ ਹੈ ਕਿ ਕਿਸੇ ਡਾਕਟਰੀ ਸਹੂਲਤ ਨੂੰ ਸਬਲੈਟ ਨਹੀਂ ਕੀਤਾ ਜਾ ਸਕਦਾ ਜਾਂ ਇਸ ਕੰਮ ਨੂੰ ਕਰਨ ਲਈ ਕਿਸੇ ਹੋਰ ਏਜੰਸੀ ਨੂੰ ਠੇਕੇ ਤੇ ਨਹੀਂ ਦਿੱਤਾ ਜਾ ਸਕਦਾ ;

(ਸ) ਕੀ ਇਹ ਠੀਕ ਹੈ ਕਿ ਸਰਕਾਰ ਦੀ ਸਹਿਮਤੀ ਤੋਂ ਬਿਨਾਂ ਕੋਈ ਵੀ ਇਮਾਰਤ ਨੂੰ ਬਦਲਿਆ ਨਹੀਂ ਜਾ ਸਕਦਾ ਅਤੇ ਕੀ ਇਸ ਕਾਲਜ ਵਿੱਚ ਅਜਿਹਾ ਹੋਇਆ ਹੈ।

(ਹ) ਸਰਕਾਰ ਵੱਲੋਂ ਪਿਛਲੇ ਸਾਲ ਦੌਰਾਨ ਡੇਂਗੂ ਬੁਖਾਰ ਦੇ ਇਲਾਜ ਲਈ ਕੀ ਰੇਟ ਨਿਯਤ ਕੀਤੇ ਗਏ ਸਨ ਅਤੇ ਉਕਤ ਮੈਡੀਕਲ ਕਾਲਜ ਦੁਆਰਾ ਕੀ ਰੇਟ ਚਾਰਜ ਕੀਤੇ ਗਏ ?

**ਸ਼੍ਰੀ ਬ੍ਰਹਮ ਮਹਿੰਦਰਾ :** (ੳ) ਹਾਂ, ਜੀ।

(ਅ) ਮੈਡੀਕਲ ਕੌਂਸਲ ਆਫ ਇੰਡੀਆ ਦੇ ਮੈਡੀਕਲ ਇੰਸਟੀਚਿਊਟ ਰੂਲ 1998 (ਅਮੈਂਡਿਡ upto ਜੂਨ, 2017) ਦੇ ਸ਼ਡਿਊਲ 1 ਆਰਟੀਕਲ 1 ਏ ਅਨੁਸਾਰ ਮੈਡੀਕਲ ਇੰਸਟੀਚਿਊਟ ਵਿੱਚ ਟੀਚਰ 70 ਸਾਲ ਦੀ ਉਮਰ ਤੱਕ ਕੰਮ ਕਰ ਸਕਦੇ ਹਨ। ਪਿੰਮਸ ਵਿੱਚ ਕੰਮ ਕਰ ਰਹੇ ਟੀਚਰ, ਡੀਨ, ਪ੍ਰਿੰਸੀਪਲ ਜਾਂ ਡਾਇਰੈਕਟਰ 70 ਸਾਲ ਦੀ ਉਮਰ ਤੋਂ ਵੱਧ ਨਹੀਂ ਹਨ ਜੀ।

(ੲ) ਕੰਨਸੈਸ਼ਨ ਐਗਰੀਮੈਂਟ ਦੀ ਧਾਰਾ 3.1.2 (viii) ਅਨੁਸਾਰ ਡਾਕਟਰੀ ਸਹੂਲਤਾਂ ਨੂੰ ਕਿਸੇ ਹੋਰ ਏਜੰਸੀ ਨੂੰ ਕੰਨਸੈਸ਼ਨਿੰਗ ਅਥਾਰਿਟੀ ਤੋਂ ਆਗਿਆ ਲੈ ਕੇ ਠੇਕੇ ਤੇ ਦਿੱਤਾ ਜਾ ਸਕਦਾ ਹੈ ਜੀ।

(ਸ) ਹਾਂ, ਜੀ। ਇਹ ਠੀਕ ਹੈ ਕਿ ਸਰਕਾਰ ਦੀ ਸਹਿਮਤੀ ਤੋਂ ਬਿਨ੍ਹਾਂ ਕੋਈ ਵੀ ਇਮਾਰਤ ਨੂੰ ਬਦਲਿਆ ਨਹੀਂ ਜਾ ਸਕਦਾ। ਕੰਨਸੈਸ਼ਨਿੰਗ ਅਥਾਰਿਟੀ ਤੋਂ ਆਗਿਆ ਲਏ ਬਗੈਰ ਇਸ ਕਾਲਜ ਦੀ ਇਮਾਰਤ ਦੇ ਮਾਸਟਰ ਪਲਾਨ ਅਤੇ ਸਿਵਲ ਢਾਂਚੇ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਗਈ ਹੈ ਜੀ।

(ਹ)
- ਪੰਜਾਬ ਰਾਜ ਦੇ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਡੇਂਗੂ ਦੇ ਟੈਸਟ ਅਤੇ ਸਪੋਰਟਿਵ ਇਲਾਜ ਮੁਫ਼ਤ ਕੀਤਾ ਜਾਂਦਾ ਹੈ।
- ਪੰਜਾਬ ਸਰਕਾਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਵੱਲੋਂ ਪ੍ਰਾਈਵੇਟ ਹਸਪਤਾਲ ਅਤੇ ਪ੍ਰਾਈਵੇਟ ਲੈਬਾਰਟਰੀਆਂ ਲਈ ਡੇਂਗੂ ਟੈਸਟ ਦੀ ਫੀਸ 600/- ਰੁਪਏ ਇਯਤ ਕਰਨ ਲਈ ਨੋਟੀਫਿਕੇਸ਼ਨ ਮਿਤੀ 09.09.2016 ਜਾਰੀ ਕੀਤੀ ਗਈ ਸੀ। ਪ੍ਰੰਤੂ ਡੇਂਗੂ ਦੇ ਇਲਾਜ ਲਈ ਪੰਜਾਬ ਸਰਕਾਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਵੱਲੋਂ ਪ੍ਰਾਈਵੇਟ ਹਸਪਤਾਲਾਂ ਲਈ ਕੋਈ ਰੇਟ ਨਿਰਧਾਰਤ ਨਹੀਂ ਕੀਤੇ ਗਏ।
- ਪੰਜਾਬ ਇੰਸਟੀਚਿਊਟ ਆਫ ਮੈਡੀਕਲ ਸਾਹਿੰਸ, ਜਲੰਧਰ ਨੂੰ ਪਮੈੱਕ ਸੋਸਾਇਟੀ (ਕੰਨਸੈਸਨਰ) ਵੱਲੋਂ ਪੀ.ਪੀ.ਪੀ. ਮੋਡ ਤੇ ਚਲਾਇਆ ਜਾ ਰਿਹਾ ਹੈ। ਕੰਨਸੈਸ਼ਨ ਐਗਰੀਮੈਂਟ ਦੀ ਆਰਟੀਕਲ 8.1 (xviii) (Schedule-II) ਦੇ ਤਹਿਤ ਪਮੈੱਕ ਸੋਸਾਇਟੀ (ਕੰਨਸੈਸ਼ਨਰ) ਪੀ.ਜੀ.ਆਈ., ਚੰਡੀਗੜ੍ਹ ਅਨੁਸਾਰ ਹੀ ਟੈਸਟ ਤੇ ਇਲਾਜ ਦੇ ਰੇਟ ਚਾਰਜ ਕਰਨ ਲਈ ਪਾਬੰਦ ਹੈ। ਇਹ ਇੰਸਟੀਚਿਊਟ ਵਿੱਚ ਡੇਂਗੂ ਬੁਖਾਰ ਦੇ ਇਲਾਜ / ਟੈਸਟਾਂ ਲਈ ਪੀ.ਜੀ.ਆਈ., ਚੰਡੀਗੜ੍ਹ ਦੀ ਤਰਜ਼ ਤੇ ਹੇਠ ਅਨੁਸਾਰ ਚਾਰਜਿਜ਼ ਲਏ ਜਾ ਰਹੇ ਹਨ :-

| ਲੜੀ ਨੰ: | ਡੇਂਗੂ ਦੇ ਕੀਤੇ ਜਾਣ ਵਾਲੇ ਟੈਸਟ ਦੀ ਕਿਸਮ | ਪ੍ਰਾਈਵੇਟ ਵਾਰਡ | ਜਨਰਲ ਵਾਰਡ / ਓ.ਪੀ.ਡੀ. |
|---|---|---|---|
| 1 | Dengue IgG | 325/- | 250/- |
| 2 | Dengue IgM | 450/- | 300/- |

-----

© 2017
ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਅਤੇ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਰਾਹੀਂ ਸਰਕਾਰੀ ਪ੍ਰੈਸ, ਐਸ.ਏ.ਐਸ.ਨਗਰ (ਮੁਹਾਲੀ) ਵਿਖੇ ਟਾਈਪਸੈੱਟ ਕਰਵਾ ਕੇ ਛਾਪੀ ਗਈ ।

9442/06-2017/ਪੰਜਾਬ ਸਰਕਾਰ ਪ੍ਰੈਸ, ਐਸ.ਏ.ਐਸ.ਨਗਰ